Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 59 | Friday, March 25, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਇਹ ਵੀ ਪੜ੍ਹੋ

ਟਰੂਡੋ ਨੂੰ 2025 ਤੱਕ ਸੱਤਾ ਵਿੱਚ ਰੱਖਣ ਲਈ ਲਿਬਰਲਾਂ ਦੇ ਐਨਡੀਪੀ ਦਰਮਿਆਨ ਸਮਝੌਤਾ ਸਿਰੇ ਚੜ੍ਹਿਆ



ਪੰਨਾ 03

ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਗਏ ਭਗਵੰਤ ਮਾਨ ਨੇ ਸਾਲਾਨਾ 50 ਹਜ਼ਾਰ ਕਰੋੜ ਦੀ ਮੰਗ ਰੱਖੀ



ਪੰਨਾ 05

## ਕੌਂਸਟੀਚਿਊਸ਼ਨ ਐਕਟ ਵਿੱਚ ਸੋਧ ਕਰਨ ਦੀ ਤਿਆਰੀ ਕਰ ਰਹੀ ਹੈ ਫੈਡਰਲ ਸਰਕਾਰ

ਓਟਵਾ, 24 ਮਾਰਚ (ਪੋਸਟ ਬਿਊਰੋ) : ਹਰੇਕ ਪ੍ਰੋਵਿੰਸ ਲਈ ਹਾਊਸ ਆਫ ਕਾਮਨਜ਼ ਵਿੱਚ ਸੀਟਾਂ ਦੀ ਗਿਣਤੀ ਬਰਾਬਰ ਕਰਨ ਲਈ ਫੈਡਰਲ ਸਰਕਾਰ ਕੌਂਸਟੀਚਿਊਸ਼ਨ ਐਕਟ ਵਿੱਚ ਸੋਧ ਕਰਨ ਦੀ ਤਿਆਰੀ ਕਰ ਰਹੀ ਹੈ। ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਭਵਿੱਖ ਵਿੱਚ ਹਲਕਿਆਂ ਦੀ ਮੁੜ ਵੰਡ ਸਮੇਂ ਕਿਸੇ ਵੀ ਪ੍ਰੋਵਿੰਸ ਨੂੰ ਹੁਣ ਨਾਲੋਂ ਘੱਟ ਸੀਟਾਂ ਨਾ ਮਿਲਣ।

ਵੀਰਵਾਰ ਨੂੰ ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਡੌਮੀਨਿਕ ਲੀਬਲਾਂਕ ਦੇ ਪੱਖ ਉੱਤੇ ਬਿੱਲ ਸੀ-14, ਹਾਊਸ ਆਫ ਕਾਮਨਜ਼ ਵਿੱਚ ਪੇਸ਼ ਕੀਤਾ ਗਿਆ। ਇਸ ਬਿੱਲ ਤਹਿਤ ਕੌਂਸਟੀਚਿਊਸ਼ਨ ਐਕਟ, 1867 ਵਿੱਚ ਸੋਧ ਕੀਤੇ ਜਾਣ ਦਾ ਪ੍ਰਸਤਾਵ ਰੱਖਿਆ ਗਿਆ ਹੈ। ਇਸ ਤਹਿਤ ਹਰ ਪ੍ਰੋਵਿੰਸ ਨੂੰ ਬਰਾਬਰ ਨੁਮਾਇੰਦਗੀ ਦੇਣ ਦੀ ਗੱਲ ਉੱਤੇ ਜ਼ੋਰ ਦਿੱਤਾ ਗਿਆ ਹੈ।

ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਸੀਟਾਂ ਦੀ ਵੰਡ ਨੂੰ ਲੈ ਕੇ 1985 ਦੇ ਗ੍ਰੈਂਡਫਾਦਰ ਕਲਾਜ਼ ਵਿੱਚ ਸੋਧ ਕੀਤੀ ਜਾਵੇਗੀ ਤੇ ਹਰੇਕ ਪ੍ਰੋਵਿੰਸ ਨੂੰ ਹਾਊਸ ਆਫ ਕਾਮਨਜ਼ ਵਿੱਚ ਬਰਾਬਰ ਸੀਟਾਂ ਮੁਹੱਈਆ ਕਰਵਾਈਆਂ ਜਾਣਗੀਆਂ।

## ਟਰੂਡੋ ਨੇ ਨਾਟੋ ਆਗੂਆਂ ਨਾਲ ਕੀਤੀ ਮੁਲਾਕਾਤ



ਬਰੱਸਲਜ਼, 24 ਮਾਰਚ (ਪੋਸਟ ਬਿਊਰੋ) : ਯੂਕਰੇਨ ਵਿਚਲੇ ਸੰਘਰਸ਼ ਨੂੰ ਖ਼ਤਮ ਕਰਨ ਲਈ ਕੋਈ ਰਾਹ ਲੱਭਣ ਵਾਸਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਸਾਥੀ ਨਾਟੋ ਆਗੂਆਂ ਨਾਲ ਮੁਲਾਕਾਤ ਕੀਤੀ।

ਇੱਕ ਮਹੀਨੇ ਪਹਿਲਾਂ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਕਾਰਨ ਯੂਰਪ ਨੂੰ ਦੂਜੀ ਵਿਸ਼ਵ ਜੰਗ ਤੋਂ ਬਾਅਦ ਦੇ ਆਪਣੇ ਸੱਭ ਤੋਂ ਵੱਡੇ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੂਡੋ ਨੇ ਆਖਿਆ ਕਿ ਇਹ ਖਤਰਾ ਸਿਰਫ ਯੂਰਪ ਨੂੰ ਹੀ ਨਹੀਂ ਸਗੋਂ ਦੁਨੀਆ ਭਰ ਨੂੰ ਹੈ। ਵੀਰਵਾਰ ਸਵੇਰੇ ਨਾਟੋ ਦੇ ਹੈੱਡਕੁਆਰਟਰ ਵਿਖੇ ਪਹੁੰਚ ਕੇ ਟਰੂਡੋ ਨੇ ਆਖਿਆ ਕਿ ਦੋਸਤਾਨਾਂ ਜਮਹੂਰੀਅਤ ਉੱਤੇ ਇਹ ਗੈਰਕਾਨੂੰਨੀ ਤੇ ਜ਼ਾਲਮਾਨਾ ਹਮਲਾ ਹੈ।

ਉਨ੍ਹਾਂ ਆਖਿਆ ਕਿ ਅਸੀਂ ਸਾਰੇ ਭਾਈਵਾਲ ਦੇਸ਼ਾਂ ਵੱਲੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਨਿਖੇਧੀ ਕਰਦੇ ਹਾਂ। ਉਨ੍ਹਾਂ ਆਖਿਆ ਕਿ ਜਮਹੂਰੀਅਤ ਉੱਤੇ ਪਹਿਰਾ ਦੇਣ ਵਾਲੇ ਦੇਸ਼ ਯੂਕਰੇਨ ਦਾ ਅਸੀਂ ਸਮਰਥਨ ਕਰਦੇ ਹਾਂ। ਇਹ ਵੀ ਪਤਾ ਲੱਗਿਆ ਹੈ ਕਿ ਕੈਨੇਡਾ ਤੇ ਉਸ ਦੇ ਭਾਈਵਾਲ ਅੱਜ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਸਹਿਯੋਗੀਆਂ ਖਿਲਾਫ ਨਵੀਆਂ ਪਾਬੰਦੀਆਂ ਲਾਉਣਗੇ।

ਇਸ ਹਫਤੇ ਦੇ ਸ਼ੁਰੂ ਵਿੱਚ ਟਰੂਡੋ ਨਾਲ ਗੱਲਬਾਤ ਕਰਨ ਤੋਂ ਬਾਅਦ ਯੂਕਰੇਨ ਦੇ ਪ੍ਰੈਜ਼ੀਡੈਂਟ ਵੋਲੋਦੀਮੀਰ ਜ਼ੈਲੈਂਸਕੀ ਵੱਲੋਂ ਨਾਟੋ ਆਗੂਆਂ ਨੂੰ ਸੰਬੋਧਨ ਕਰਨ ਦੀ ਸੰਭਾਵਨਾ ਹੈ। ਦੋ ਹਫਤੇ ਪਹਿਲਾਂ ਟਰੂਡੋ ਨੇ ਯੂਰਪ ਦਾ ਦੌਰਾ ਕੀਤਾ ਸੀ ਜਿੱਥੇ ਉਨ੍ਹਾਂ ਲੰਡਨ, ਬਰਲਿਨ, ਵਾਰਸਾਅ ਤੇ ਪੋਲੈਂਡ ਵਿੱਚ ਮੀਟਿੰਗਾਂ ਕੀਤੀਆਂ ਤੇ ਲੈਟਵੀਆ ਵਿੱਚ ਨਾਟੋ ਸੈਨਾਵਾਂ ਵਿੱਚ ਸ਼ਾਮਲ ਕੈਨੇਡੀਅਨ ਫੌਜੀ ਟੁਕੜੀਆਂ ਨਾਲ ਵੀ ਮੁਲਾਕਾਤ ਕੀਤੀ ਸੀ।

## ਟਰੂਡੋ ਵੱਲੋਂ ਯੂਰਪੀਅਨ ਆਗੂਆਂ ਨੂੰ ਇੱਕਜੁੱਟ ਹੋਣ ਤੇ ਰੂਸ ਖਿਲਾਫ ਪਾਬੰਦੀਆਂ ਸਖ਼ਤ ਕਰਨ ਦਾ ਸੱਦਾ



ਬਰੱਸਲਜ਼, 24 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਖਿਲਾਫ ਯੂਰਪੀਅਨ ਆਗੂਆਂ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਆਖਿਆ ਕਿ ਸਾਨੂੰ ਯੂਕਰੇਨ ਦੀ ਮਦਦ ਕਰਨੀ ਚਾਹੀਦੀ ਹੈ ਤੇ ਰੂਸ ਉੱਤੇ ਹੋਰ ਪਾਬੰਦੀਆਂ ਲਾਉਣੀਆਂ ਚਾਹੀਦੀਆਂ ਹਨ।

ਇੱਕ ਮਹੀਨੇ ਤੋਂ ਚੱਲ ਰਹੇ ਰੂਸ-ਯੂਕਰੇਨ ਸੰਘਰਸ਼ ਕਾਰਨ ਨਾ ਸਿਰਫ ਯੂਰਪ ਵਿੱਚ ਸਗੋਂ ਦੁਨੀਆਂ ਭਰ ਵਿੱਚ ਸਕਿਊਰਿਟੀ ਸਬੰਧੀ ਬੇਚੈਨੀ ਵਧੀ ਹੈ। ਇਸ ਨਾਲ ਮਹਾਂਮਾਰੀ ਤੋਂ ਉੱਭਰ ਰਹੇ ਗਲੋਬਲ ਅਰਥਚਾਰੇ ਨੂੰ ਵੱਡਾ ਸ਼ੌਕ ਲੱਗਿਆ ਹੈ। ਮਹਿੰਗਾਈ ਦਰ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਵਿੱਚ ਤਿੰਨ ਦਹਾਕਿਆਂ ਵਿੱਚ ਸੱਭ ਤੋਂ ਜ਼ਿਆਦਾ ਮਹਿੰਗਾਈ ਦਰ ਵਧੀ ਹੈ ਤੇ ਭਵਿੱਖ ਵਿੱਚ ਵੀ ਅਸਥਿਰਤਾ ਬਣੇ ਰਹਿਣ ਦੀ ਸੰਭਾਵਨਾ ਹੈ।

ਯੂਰਪੀਅਨ ਪਾਰਲੀਆਮੈਂਟੇਰੀਅਨਜ਼ ਨਾਲ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਇਸ ਤਰ੍ਹਾਂ ਦੀਆਂ ਚਿੰਤਾਵਾਂ ਨੂੰ ਪੱਕੇ ਪੈਰੀਂ ਹੋ ਕੇ ਵਿਚਾਰਨ ਤੇ ਪੁਤਿਨ ਨਾਲ ਵੀ ਉਹੋ ਜਿਹਾ ਵਿਵਹਾਰ ਕਰਨ ਜਿਹੋ ਜਿਹਾ ਉਨ੍ਹਾਂ ਵੱਲੋਂ ਕੀਤਾ ਜਾ ਰਿਹਾ ਹੈ। ਟਰੂਡੋ ਨੇ ਆਖਿਆ ਕਿ ਹਸਪਤਾਲਾਂ ਵਿੱਚ ਤੇ ਰਿਹਾਇਸ਼ੀ ਇਲਾਕਿਆਂ ਵਿੱਚ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਵਾਰ ਕ੍ਰਾਈਮ ਹੀ ਹੈ। ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲੇ ਨਾਲ ਗਲੋਬਲ ਪੱਧਰ ਉੱਤੇ ਤੇਲ ਦੀਆਂ ਕੀਮਤਾਂ ਤੇ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਇਸ ਨਾਲ ਗਲੋਬਲ ਪੱਧਰ ਉੱਤੇ ਫੂਡ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਇਆ ਹੈ ਕਿਉਂਕਿ ਯੂਕਰੇਨ ਕਣਕ ਦਾ ਮੁੱਖ ਐਕਸਪੋਰਟਰ ਹੈ ਜਿਸ ਨਾਲ ਯੂਨਾਈਟਿਡ ਨੇਸ਼ਨ ਦੇ ਵਰਲਡ ਫੂਡ ਪ੍ਰੋਗਰਾਮ ਵਿੱਚ ਮਦਦ ਮਿਲਦੀ ਹੈ।

ਇਸ ਦੇ ਬਦਲੇ ਵਿੱਚ ਯੂਰਪੀਅਨ ਕਮਿਸ਼ਨ ਪ੍ਰੈਜ਼ੀਡੈਂਟ ਉਰਸੁਲਾ ਵੌਨ ਡਰ ਲੇਯੇਨ ਨੇ ਆਖਿਆ ਕਿ ਯੂਰਪ ਤੇ ਕੈਨੇਡਾ ਸਿੱਧੇ ਤੌਰ ਉੱਤੇ ਫੂਡ ਏਡ ਤੇ ਖੇਤੀਬਾੜੀ ਨਾਲ ਸਬੰਧਤ ਉਤਪਾਦਾਂ ਦੀ ਸਪਲਾਈ ਵਿੱਚ ਵਾਧਾਂ ਕਰਨ ਲਈ ਰਾਜ਼ੀ ਹੋਏ ਹਨ। ਰੂਸ ਦੇ ਫਿਊਲ ਉੱਤੇ ਨਿਰਭਰਤਾ ਘਟਾਉਣ ਲਈ ਯੂਰਪ ਤੇਲ ਤੇ ਗੈਸ ਲਈ ਕੈਨੇਡਾ ਉੱਤੇ ਨਿਰਭਰਤਾ ਵਧਾਉਣੀ ਚਾਹੁੰਦਾ ਹੈ।

## ਰੂਸੀ ਫਿਊਲ ਦੀ ਥਾਂ ਲੈਣ ਲਈ ਕੈਨੇਡਾ ਤੇਲ ਤੇ ਗੈਸ ਉਤਪਾਦਨ ਵਿੱਚ ਕਰੇਗਾ ਰੋਜ਼ਾਨਾ 300,000 ਬੈਰਲ ਦਾ ਵਾਧਾ

ਓਟਵਾ, 24 ਮਾਰਚ (ਪੋਸਟ ਬਿਊਰੋ) : ਰੂਸੀ ਫੌਸਿਲ ਫਿਊਲ ਦੀ ਥਾਂ ਲੈਣ ਲਈ ਇਸ ਸਾਲ ਦੇ ਅੰਤ ਤੱਕ ਕੈਨੇਡਾ ਦੇ ਉਤਪਾਦਕ ਰੋਜ਼ਾਨਾ ਤੇਲ ਤੇ ਗੈਸ ਉਤਪਾਦਨ ਵਿੱਚ 300,000 ਬੈਰਲ ਦਾ ਵਾਧਾ ਕਰ ਸਕਦੇ ਹਨ। ਇਹ ਜਾਣਕਾਰੀ ਵੀਰਵਾਰ ਨੂੰ ਨੈਚੁਰਲ ਰਿਸੋਰਸਿਜ਼ ਮੰਤਰੀ ਜੌਨਾਥਨ ਵਿਲਕਿੰਸਨ ਨੇ ਦਿੱਤੀ।

ਪੈਰਿਸ ਵਿੱਚ ਇੰਟਰਨੈਸ਼ਨਲ ਐਨਰਜੀ ਏਜੰਸੀ ਮੀਟਿੰਗ ਦੇ ਅੰਤ ਵਿੱਚ ਗੱਲ ਕਰਦਿਆਂ ਵਿਲਕਿੰਸਨ ਨੇ ਆਖਿਆ ਕਿ ਇਸ ਦਾ ਦੋ ਤਿਹਾਈ ਤੇਲ ਹੋਵੇਗਾ ਤੇ ਬਾਕੀ ਨੈਚੁਰਲ ਗੈਸ ਹੋਵੇਗੀ। ਵਿਲਕਿੰਸਨ ਨੇ ਆਖਿਆ ਕਿ ਕੈਨੇਡਾ ਦੇ ਯੂਰਪੀ ਦੋਸਤ ਤੇ ਸਹਿਯੋਗੀ ਇਸ ਸਮੇਂ ਐਨਰਜੀ ਸਕਿਊਰਿਟੀ ਸੰਕਟ ਵਿੱਚੋਂ ਲੰਘ ਰਹੇ ਹਨ ਜਿਸ ਕਾਰਨ ਇੰਡਸਟਰੀ, ਮੋਬਿਲਿਟੀ ਤੇ ਘਰਾਂ ਨੂੰ ਨਿੱਘਾ ਰੱਖਣ ਉੱਤੇ ਅਸਰ ਪੈ ਸਕਦਾ ਹੈ। ਇਸ ਸੰਕਟ ਨੂੰ ਖ਼ਤਮ ਕਰਨਾ ਬਹੁਤ ਜ਼ਰੂਰੀ ਹੈ।



ਯੂਕਰੇਨ ਉੱਤੇ ਕੀਤੀ ਗਈ ਚੜ੍ਹਾਈ ਬਦਲੇ ਰੂਸ ਨੂੰ ਸਜ਼ਾ ਦੇਣ ਦੇ ਇਰਾਦੇ ਨਾਲ ਲਾਈਆਂ ਜਾ ਰਹੀਆਂ ਆਰਥਿਕ ਪਾਬੰਦੀਆਂ ਦੇ ਹਿੱਸੇ ਵਜੋਂ ਪੱਛਮੀ ਦੇਸ਼ ਵੀ ਰੂਸ ਦੇ ਤੇਲ ਤੇ ਗੈਸ ਉੱਤੇ ਕਿਸੇ ਕਿਸਮ ਦੀ ਨਿਰਭਰਤਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕੈਨੇਡਾ ਤੇ ਅਮਰੀਕਾ ਅਜਿਹਾ ਆਸਾਨੀ ਨਾਲ ਕਰ ਸਕਦੇ ਹਨ ਕਿਉਂਕਿ ਉਹ ਤੇਲ ਤੇ ਗੈਸ ਦਾ ਬਹੁਤ ਘੱਟ ਇੰਪੋਰਟ ਕਰਦੇ ਹਨ। ਪਰ ਯੂਰਪ ਇੱਕ ਚੌਥਾਈ ਤੇਲ ਸਪਲਾਈ ਤੇ 40 ਫੀ ਸਦੀ ਗੈਸ ਦੀ ਸਪਲਾਈ ਲਈ ਰੂਸ ਉੱਤੇ ਨਿਰਭਰ ਕਰਦਾ ਹੈ।

...ਬਾਕੀ ਪੰਨਾ 6 'ਤੇ

MOTEL FOR SALE ON HWY 7
IN THE MIDDLE OF TORONTO AND OTTAWA
$1,275,000
Excellent Cash Flow And Low Vacancy Rate
Low Operating Costs
Many Recent Upgrades To Rooms
New Security Camera System
Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
Save Max Global Realty
RAJ@SAVEMAXGLOBALREALTY.COM

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations
Woodbridge
Mississauga
Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
ICCRC
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axel InsuranceBrokers Ltd.
1332 Khalsa Dr, Unit # 11, Mississauga, ON L5S 0A2

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
Qualified Credit Counsellor
416-502-3100
Unit #20 - 7015 Tranmere Drive Mississauga, ON L5S 1T7

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755




Na

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com



# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਟਰੂਡੋ ਨੂੰ 2025 ਤੱਕ ਸੱਤਾ ਵਿੱਚ ਰੱਖਣ ਲਈ ਲਿਬਰਲਾਂ ਦੇ ਐਨਡੀਪੀ ਦਰਮਿਆਨ ਸਮਝੌਤਾ ਸਿਰੇ ਚੜ੍ਹਿਆ



ਓਟਵਾ, 24 ਮਾਰਚ (ਪੋਸਟ ਬਿਊਰੋ) : 2025 ਤੱਕ ਲਿਬਰਲਾਂ ਦੀ ਸਰਕਾਰ ਨੂੰ ਡਿੱਗਣ ਤੋਂ ਬਚਾਉਣ ਲਈ ਫੈਡਰਲ ਸਰਕਾਰ ਤੇ ਐਨਡੀਪੀ ਦਰਮਿਆਨ ਸਮਝੌਤਾ ਸਿਰੇ ਚੜ੍ਹ ਗਿਆ ਹੈ।

ਦੋਵਾਂ ਧਿਰਾਂ ਦਰਮਿਆਨ ਹੋਏ ਇਸ ਸਮਝੌਤੇ ਨੂੰ "ਕੌਨਫੀਡੈਂਸ ਐਂਡ ਸਪਲਾਈ ਅਗਰੀਮੈਂਟ" ਦਾ ਨਾਂ ਦਿੱਤਾ ਗਿਆ ਹੈ। ਇਹ ਦੋਵਾਂ ਧਿਰਾਂ ਵਿਚਾਲੇ ਕੋਈ ਰਸਮੀ ਸਮਝੌਤਾ ਨਹੀਂ ਹੈ ਪਰ ਕੈਨੇਡੀਅਨਜ਼ ਨੂੰ ਅਗਲੇ ਤਿੰਨ ਸਾਲਾਂ ਤੱਕ ਚੋਣਾਂ ਤੋਂ ਦੂਰ ਰੱਖਣ ਲਈ ਇਹ ਸਮਝੌਤਾ ਕਾਫੀ ਅਹਿਮ ਭੂਮਿਕਾ ਨਿਭਾਵੇਗਾ।

ਅਜੇ ਵੀ ਐਨਡੀਪੀ ਵੱਲੋਂ ਇਸ ਸਮਝੌਤੇ ਉੱਤੇ ਮਨਜ਼ੂਰੀ ਦੀ ਮੋਹਰ ਲਾਈ ਜਾਣੀ ਬਾਕੀ ਹੈ ਪਰ ਸੋਮਵਾਰ ਰਾਤ ਨੂੰ ਹੋਈ ਕਾਕਸ ਮੀਟਿੰਗ ਵਿੱਚ ਲਿਬਰਲ ਐਮਪੀਜ਼ ਵੱਲੋਂ ਇਸ ਮੁੱਦੇ ਨੂੰ ਸਮਰਥਨ ਦਿੱਤਾ ਗਿਆ। ਅੰਤਰਿਮ ਕੰਜ਼ਰਵੇਟਿਵ ਤੇ ਵਿਰੋਧੀ ਧਿਰ ਦੀ ਆਗੂ ਕੈਂਡਿਸ ਬਰਜਨ ਨੇ ਇਸ ਡੀਲ ਦੀ ਨਿਖੇਧੀ ਕਰਦਿਆਂ ਆਖਿਆ ਕਿ ਟਰੂਡੋ ਹਰ ਹਾਲ ਸੱਤਾ ਵਿੱਚ ਬਣੇ ਰਹਿਣ ਲਈ ਯਤਨਸ਼ੀਲ ਹਨ।

ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਸ ਨਾਲ ਸਰਕਾਰ ਨੂੰ ਕੈਨੇਡੀਅਨਜ਼ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਹੋਰ ਵਕਤ ਮਿਲ ਜਾਵੇਗਾ।

# ਡੌਨ ਵੈਲੀ ਵੈਸਟ ਤੋਂ ਪੀ ਸੀ ਪਾਰਟੀ ਲਈ ਲੜਨਗੇ ਸਾਬਕਾ ਪੁਲਿਸ ਚੀਫ ਮਾਰਕ ਸਾਂਡਰਸ



ਟੋਰਾਂਟੋ, 24 ਮਾਰਚ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦੇ ਸਾਬਕਾ ਚੀਫ ਮਾਰਕ ਸਾਂਡਰਸ ਆਉਣ ਵਾਲੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਉਮੀਦਵਾਰ ਵਜੋਂ ਖੜ੍ਹੇ ਹੋਣਗੇ।

ਮੰਗਲਵਾਰ ਸਵੇਰੇ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪਾਰਟੀ ਨੇ ਡੌਨ ਵੈਲੀ ਵੈਸਟ ਤੋਂ ਸਾਂਡਰਸ ਨੂੰ ਉਮੀਦਵਾਰ ਐਲਾਨਿਆ। ਇਸ ਸਮੇਂ ਇਸ ਹਲਕੇ ਦੀ ਨੁਮਾਇੰਦਗੀ ਲਿਬਰਲ ਕੈਥਲੀਨ ਵਿੰਨ ਵੱਲੋਂ ਕੀਤੀ ਜਾ ਰਹੀ ਹੈ ਪਰ ਸਾਬਕਾ ਪ੍ਰੀਮੀਅਰ ਇਹ ਸਾਫ ਕਰ ਚੁੱਕੀ ਹੈ ਕਿ ਜੂਨ ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ ਉਹ ਦੁਬਾਰਾ ਹਿੱਸਾ ਨਹੀਂ ਲਵੇਗੀ। ਉਨ੍ਹਾਂ ਦੀ ਥਾਂ ਉੱਤੇ ਬੈਂਕ ਆਫ ਕੈਨੇਡਾ ਦੀ ਸਾਬਕਾ ਬੋਰਡ ਮੈਂਬਰ ਸਟੈਫਨੀ ਬੋਆਮੈਨ ਚੋਣ ਲੜੇਗੀ।

ਇਸ ਨਿਊਜ਼ ਰਲੀਜ਼ ਵਿੱਚ ਸਾਂਡਰਸ ਨੇ ਆਖਿਆ ਕਿ ਪ੍ਰੀਮੀਅਰ ਡੱਗ ਫੋਰਡ ਵੱਲੋਂ ਡੌਨ ਵੈਲੀ ਵੈਸਟ ਤੋਂ 2022 ਲਈ ਓਨਟਾਰੀਓ ਦੀ ਪੀਸੀ ਪਾਰਟੀ ਦਾ ਉਮੀਦਵਾਰ ਚੁਣੇ ਜਾਣ ਉੱਤੇ ਉਹ ਮਾਣ ਮਹਿਸੂਸ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਕਈ ਸਾਲਾਂ ਤੋਂ ਉਹ ਡੱਗ ਨਾਲ ਕੰਮ ਕਰਦੇ ਆ ਰਹੇ ਹਨ ਤੇ ਓਨਟਾਰੀਓ ਵਾਸੀਆਂ ਪ੍ਰਤੀ ਫੋਰਡ ਦੇ ਸਮਰਪਣ ਤੇ ਉਨ੍ਹਾਂ ਦੀ ਮਜ਼ਬੂਤ ਲੀਡਰਸ਼ਿਪ ਦੀ ਉਨ੍ਹਾਂ ਸਦਾ ਸ਼ਲਾਘਾ ਕੀਤੀ ਹੈ ਖਾਸਤੌਰ ਉੱਤੇ ਪਿਛਲੇ ਦੋ ਸਾਲਾਂ ਵਿੱਚ ਮਹਾਂਮਾਰੀ ਦੌਰਾਨ ਜੋ ਕੰਮ ਉਨ੍ਹਾਂ ਵੱਲੋਂ ਕੀਤਾ ਗਿਆ ਹੈ ਉਹ ਕਾਫੀ ਸ਼ਲਾਘਾਯੋਗ ਰਿਹਾ।

ਜ਼ਿਕਰਯੋਗ ਹੈ ਕਿ ਸਾਂਡਰਸ ਨੇ 2015 ਤੋਂ 2020 ਦੀਆਂ ਗਰਮੀਆਂ ਵਿੱਚ ਅਸਤੀਫਾ ਦੇਣ ਤੱਕ ਟੋਰਾਂਟੋ ਪੁਲਿਸ ਚੀਫ ਵਜੋਂ ਸੇਵਾ ਨਿਭਾਈ। ਉਨ੍ਹਾਂ ਟੋਰਾਂਟੋ ਪੁਲਿਸ ਸਰਵਿਸ ਵਿੱਚ 38 ਸਾਲ ਗੁਜ਼ਾਰੇ ਤੇ ਉਹ ਫੋਰਸ ਦੇ ਇਤਿਹਾਸ ਵਿੱਚ ਪਹਿਲੇ ਬਲੈਕ ਚੀਫ ਬਣੇ। ਪੁਲਿਸ ਦੀ ਨੌਕਰੀ ਛੱਡਣ ਤੋਂ ਬਾਅਦ ਉਨ੍ਹਾਂ ਨੇ ਓਨਟਾਰੀਓ ਸਰਕਾਰ ਦੇ ਰੀਡਿਵੈਲਪਮੈਂਟ ਪਲੈਨ ਲਈ ਸਪੈਸ਼ਲ ਐਡਵਾਈਜ਼ਰ ਦੀ ਭੂਮਿਕਾ ਨਿਭਾਈ। ਉਹ ਪ੍ਰੋਵਿੰਸ ਦੀ ਕੋਵਿਡ-19 ਵੈਕਸੀਨ ਡਿਸਟ੍ਰਿਬਿਊਸ਼ਨ ਟਾਸਕ ਫੋਰਸ ਦਾ ਹਿੱਸਾ ਵੀ ਰਹੇ।

## ਗਲਤੀ ਨਾਲ ਚੱਲੀ ਗੋਲੀ ਕਾਰਨ ਪੁਲਿਸ ਅਧਿਕਾਰੀ ਜ਼ਖ਼ਮੀ

ਟੋਰਾਂਟੋ, 24 ਮਾਰਚ (ਪੋਸਟ ਬਿਊਰੋ) : ਗਲਤੀ ਨਾਲ ਖੁਦ ਨੂੰ ਗੋਲੀ ਮਾਰ ਲੈਣ ਕਾਰਨ ਟੋਰਾਂਟੋ ਦਾ ਪੁਲਿਸ ਅਧਿਕਾਰੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇੱਕ ਬੁਲਾਰੇ ਨੇ ਦੱਸਿਆ ਕਿ ਦੁਪਹਿਰੇ 2:45 ਉੱਤੇ ਨੌਰਥ ਯੌਰਕ ਵਿੱਚ ਸੀਐਫ ਫੇਅਰਵਿਊ ਮਾਲ ਵਿੱਚ ਕਿਸੇ ਤਰ੍ਹਾਂ ਦੀ ਗੜਬੜ ਦੀ ਖਬਰ ਮਿਲਣ ਮਗਰੋਂ ਜਦੋਂ ਪੁਲਿਸ ਉੱਥੇ ਪਹੁੰਚੀ ਤਾਂ ਇੱਕ ਪੁਲਿਸ ਅਧਿਕਾਰੀ ਕੋਲੋਂ ਗਲਤੀ ਨਾਲ ਚੱਲੀ ਗੋਲੀ ਕਾਰਨ ਉਹ ਆਪਣਾ ਹੱਥ ਤੇ ਲੱਤ ਜ਼ਖ਼ਮੀ ਕਰ ਬੈਠਿਆ। ਕਾਂਸਟੇਬਲ ਕੈਰੋਲੀਨ ਡੀ ਕਲੋਏ ਨੇ ਦੱਸਿਆ ਕਿ ਪੁਲਿਸ ਅਧਿਕਾਰੀ ਦੇ ਜ਼ਖ਼ਮ ਗੰਭੀਰ ਹਨ ਪਰ ਜਾਨਲੇਵਾ ਨਹੀਂ ਹਨ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

## ਦੋ ਵਿਅਕਤੀਆਂ ਨੇ ਹਮਲਾ ਕਰਕੇ ਬਜ਼ੁਰਗ ਮਹਿਲਾ ਨੂੰ ਲੁੱਟਿਆ

ਮਿਸੀਸਾਗਾ, 24 ਮਾਰਚ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਮਿਸੀਸਾਗਾ ਵਿੱਚ ਇੱਕ 70 ਸਾਲਾ ਮਹਿਲਾ ਉੱਤੇ ਦੋ ਵਿਅਕਤੀਆਂ ਨੇ ਹਮਲਾ ਕੀਤਾ ਤੇ ਉਸ ਨੂੰ ਲੁੱਟ ਲਿਆ। ਇਹ ਜਾਣਕਾਰੀ ਪੀਲ ਰੀਜਨ ਦੀ ਪੁਲਿਸ ਨੇ ਦਿੱਤੀ।

ਇਹ ਘਟਨਾ ਸ਼ਾਮੀਂ 6:00 ਵਜੇ ਗੋਰਵੇਅ ਤੇ ਐਟਿਊਡ ਡਰਾਈਵਜ਼ ਨੇੜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਉਸ ਸਮੇਂ ਇਹ ਮਹਿਲਾ ਇਸ ਇਲਾਕੇ ਵਿੱਚ ਸੈਰ ਕਰ ਰਹੀ ਸੀ ਜਦੋਂ ਇਨ੍ਹਾਂ ਦੋਵਾਂ ਵਿਅਕਤੀਆਂ ਨੇ ਉਸ ਦਾ ਬੈਗ ਚੋਰੀ ਕਰ ਲਿਆ। ਇਸ ਮਹਿਲਾ ਨੂੰ ਥੋੜ੍ਹੀਆਂ ਸੱਟਾਂ ਵੀ ਲੱਗੀਆਂ।

ਪੁਲਿਸ ਨੇ ਦੱਸਿਆ ਕਿ ਇੱਕ ਮਹਿਲਾ ਤੇ ਗੋਰੀ ਨਸਲ ਦੇ ਪੁਰਸ਼ ਨੂੰ ਗੂੜ੍ਹੇ ਰੰਗ ਦੀ ਗੱਡੀ ਵਿੱਚ ਮੌਕੇ ਤੋਂ ਫਰਾਰ ਹੁੰਦਿਆਂ ਵੀ ਵੇਖਿਆ ਗਿਆ। ਪੁਲਿਸ ਵੱਲੋਂ ਕੋਈ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

# ਗੈਰਦੋਸਤਾਨਾਂ ਮੁਲਕਾਂ ਨੂੰ ਗੈਸ ਖਰੀਦਣ ਬਦਲੇ ਰੂਬਲਜ਼ ਵਿੱਚ ਕਰਨੀ ਹੋਵੇਗੀ ਅਦਾਇਗੀ : ਪੁਤਿਨ



ਲੰਡਨ, 24 ਮਾਰਚ (ਪੋਸਟ ਬਿਊਰੋ) :ਬੁੱਧਵਾਰ ਨੂੰ ਰਾਸ਼ਟਰਪਤੀ ਪੁਤਿਨ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਗੈਰਦੋਸਤਾਨਾਂ ਮੁਲਕਾਂ, ਜਿਨ੍ਹਾਂ ਵਿੱਚ ਕੈਨੇਡਾ ਵੀ ਸ਼ਾਮਲ ਹੈ, ਨੂੰ ਉਨ੍ਹਾਂ ਤੋਂ ਗੈਸ ਖਰੀਦਣ ਬਦਲੇ ਰੂਸ ਦੀ ਕਰੰਸੀ ਰੂਬਲਜ਼ ਵਿੱਚ ਅਦਾਇਗੀ ਕਰਨੀ ਹੋਵੇਗੀ। ਇਸ ਸੁਨੇਹੇ ਤੋਂ ਬਾਅਦ ਯੂਰਪੀਅਨ ਗੈਸ ਦੀਆਂ ਕੀਮਤਾਂ ਵਿੱਚ ਉਛਾਲ ਆ ਗਿਆ ਹੈ।

ਆਪਣੇ ਘਰਾਂ ਨੂੰ ਨਿੱਘਾ ਰੱਖਣ ਤੇ ਆਪਣੇ ਅਰਥਚਾਰਿਆਂ ਨੂੰ ਚੱਲਦਾ ਰੱਖਣ ਲਈ ਰੂਸੀ ਗੈਸ ਉੱਤੇ ਯੂਰਪੀਅਨ ਦੇਸ਼ਾਂ ਦੀ ਨਿਰਭਰਤਾ ਉਸ ਸਮੇਂ ਤੋਂ ਹੀ ਚਰਚਾ ਵਿੱਚ ਬਣੀ ਹੋਈ ਹੈ ਜਦੋਂ ਤੋਂ, 24 ਫਰਵਰੀ ਤੋਂ, ਮਾਸਕੋ ਵੱਲੋਂ ਆਪਣੀਆਂ ਫੌਜਾਂ ਯੂਕਰੇਨ ਭੇਜੀਆਂ ਗਈਆਂ ਹਨ। ਇਸ ਦੇ ਨਾਲ ਹੀ ਰੂਸ ਨੂੰ ਆਰਥਿਕ ਪੱਖੋਂ ਅਲੱਗ ਥਲੱਗ ਕਰਨ ਲਈ ਪੱਛਮੀ ਦੇਸ਼ਾਂ ਵੱਲੋਂ ਉਸ ਉੱਤੇ ਪਾਬੰਦੀਆਂ ਦਾ ਸ਼ਿਕੰਜਾ ਕੱਸਿਆ ਜਾ ਰਿਹਾ ਹੈ।

ਯੂਰਪੀਅਨ ਯੂਨੀਅਨ ਇਸ ਗੱਲ ਨੂੰ ਲੈ ਕੇ ਦੁਚਿੱਤੀ ਵਿੱਚ ਫਸਿਆ ਹੈ ਕਿ ਰੂਸ ਦੇ ਐਨਰਜੀ ਸੈਕਟਰ ਉੱਤੇ ਪਾਬੰਦੀਆਂ ਲਾਈਆਂ ਜਾਣ ਜਾਂ ਨਾ ਪਰ ਇਸ ਕਸ਼ਮਕਸ਼ ਦਰਮਿਆਨ ਪੁਤਿਨ ਨੇ ਸਪਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਜੇ ਤੁਸੀਂ ਸਾਡੀ ਗੈਸ ਖਰੀਦਣਾ ਚਾਹੁੰਦੇ ਹੋ ਤਾਂ ਤੁਹਾਨੂੰ ਸਾਡੀ ਕਰੰਸੀ ਖਰੀਦਣੀ ਹੋਵੇਗੀ।

ਉੱਥੇ ਸਰਕਾਰੀ ਮੰਤਰੀਆਂ ਨਾਲ ਮੀਟਿੰਗ ਤੋਂ ਬਾਅਦ ਪੁਤਿਨ ਨੇ ਆਖਿਆ ਕਿ ਰੂਸ ਪਹਿਲਾਂ ਤੋਂ ਕੀਤੇ ਗਏ ਕਾਂਟਰੈਕਟਸ ਦੇ ਆਧਾਰ ਉੱਤੇ ਅਤੇ ਤੈਅ ਕੀਤੀਆਂ ਗਈਆਂ ਕੀਮਤਾਂ ਦੇ ਹਿਸਾਬ ਨਾਲ ਨੈਚੂਰਲ ਗੈਸ ਦੀ ਸਪਲਾਈ ਜਾਰੀ ਰੱਖੇਗਾ। ਤਬਦੀਲੀ ਸਿਰਫ ਅਦਾਇਗੀ ਵਾਲੀ ਕਰੰਸੀ ਵਿੱਚ ਕੀਤੀ ਜਾਵੇਗੀ, ਜੋ ਕਿ ਹੁਣ ਰੂਸੀ ਰੂਬਲਜ਼ ਹੋਵੇਗੀ।

# ਇੱਕ ਵਿਅਕਤੀ ਨੂੰ ਅਗਵਾ ਕਰਨ ਤੇ ਕਾਰ ਚੋਰੀ ਕਰਨ ਦੇ ਸਬੰਧ ਵਿੱਚ ਛੇ ਟੀਨੇਜਰ ਗ੍ਰਿਫਤਾਰ




ਵ੍ਹਿਟਬੀ, 24 ਮਾਰਚ (ਪੋਸਟ ਬਿਊਰੋ) : ਅੱਧੀ ਦਰਜਨ ਦੇ ਨੇੜੇ ਤੇੜੇ ਟੀਨੇਜਰਜ਼ ਨੂੰ ਵ੍ਹਿਟਬੀ ਵਿੱਚ ਕੀਤੇ ਗਏ ਹਿੰਸਕ ਅਗਵਾਕਾਂਡ ਕਾਰਨ ਗ੍ਰਿਫਤਾਰ ਕੀਤਾ ਗਿਆ ਹੈ। ਇਸ ਗਰੁੱਪ ਦੇ ਮੈਂਬਰਾਂ ਵੱਲੋਂ ਬਣਾਉਟੀ ਹਥਿਆਰ ਦੀ ਮਦਦ ਨਾਲ ਇੱਕ ਕਾਰ ਵੀ ਚੋਰੀ ਕੀਤੀ ਗਈ।

ਮੰਗਲਵਾਰ ਨੂੰ ਦਰਹਾਮ ਪੁਲਿਸ ਨੂੰ ਕੁਈਨ ਸਟਰੀਟ ਏਰੀਆ ਵਿੱਚ ਗੜਬੜ ਹੋਣ ਦੀ ਜਾਣਕਾਰੀ ਮਿਲੀ। ਕੁੱਝ ਵਿਅਕਤੀਆਂ ਨੇ 911 ਉੱਤੇ ਕਾਲ ਕਰਕੇ ਦੱਸਿਆ ਕਿ ਇੱਕ ਵਿਅਕਤੀ ਉੱਤੇ ਹਮਲਾ ਬੋਲ ਕੇ ਕੁੱਝ ਲੋਕਾਂ ਵੱਲੋਂ ਉਸ ਨੂੰ ਚਿੱਟੇ ਰੰਗ ਦੀ ਸੁਬਾਰੂ ਵਿੱਚ ਧੱਕੇ ਨਾਲ ਬਿਠਾ ਲਿਆ ਗਿਆ। ਪੁਲਿਸ ਨੇ ਜਲਦ ਬਾਅਦ ਹੀ ਕਾਰ ਦਾ ਪਤਾ ਲਾ ਲਿਆ ਤੇ ਥੋੜ੍ਹੀ ਦੇਰ ਬਾਅਦ ਹੀ ਉਸ ਨੂੰ ਰੋਕ ਲਿਆ ਗਿਆ। ਮੌਕੇ ਉੱਤੇ ਹੀ ਚਾਰ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੋ ਹੋਰ ਉੱਥੋਂ ਭੱਜ ਨਿਕਲਣ ਵਿੱਚ ਕਾਮਯਾਬ ਹੋ ਗਏ ਪਰ ਉਨ੍ਹਾਂ ਨੂੰ ਥੋੜ੍ਹੀ ਦੂਰੀ ਉੱਤੇ ਹੀ ਕਾਬੂ ਕਰ ਲਿਆ ਗਿਆ। ਦਰਹਾਮ ਪੁਲਿਸ ਨੂੰ ਉਨ੍ਹਾਂ ਕੋਲੋਂ ਚੋਰੀ ਦੀ ਗੱਡੀ ਤੇ ਬਣਾਉਟੀ ਹਥਿਆਰ ਵੀ ਬਰਾਮਦ ਹੋਏ। ਪੁਲਿਸ ਨੇ ਦੱਸਿਆ ਕਿ ਫੜ੍ਹੇ ਗਏ ਟੀਨੇਜਰਜ਼ ਦੀ ਉਮਰ 12 ਤੋਂ 17 ਸਾਲ ਹੈ। ਇਨ੍ਹਾਂ ਵਿੱਚੋਂ 16 ਸਾਲਾ ਦਾ ਇੱਕ ਟੀਨੇਜਰ ਸਕਾਰਬਰੋ ਤੇ 15 ਸਾਲਾ ਟੀਨੇਜਰ ਹੈਮਿਲਟਨ ਤੋਂ ਹੈ। ਉਨ੍ਹਾਂ ਖਿਲਾਫ ਅਗਵਾਕਾਂਡ ਕਾਰਨ ਵਾਧੂ ਚਾਰਜਿਜ਼ ਵੀ ਲਾਏ ਗਏ ਹਨ।

## ਗਲਤੀ ਨਾਲ ਪਾਕਿ ਖੇਤਰ ਵਿੱਚ ਗਿਆ ਭਾਰਤੀ ਨਾਗਰਿਕ ਪਾਕਿਸਤਾਨੀ ਰੇਂਜਰਾਂ ਨੇ ਫੜਿਆ

ਫ਼ਿਰੋਜ਼ਪੁਰ, 24 ਮਾਰਚ (ਪੋਸਟ ਬਿਊਰੋ)- ਫ਼ਿਰੋਜ਼ਪੁਰ ਸੈਕਟਰ ਦੀ ਬੀ ਐਸ ਐਫ਼ ਦੀ ਪੋਸਟ ਸ਼ਮਸ਼ੇਕੇ ਦੇ ਨੇੜੇਕੱਲ੍ਹ ਗਲਤੀ ਨਾਲ ਪਾਕਿਸਤਾਨ ਖੇਤਰ ਵਿੱਚ ਜਾ ਵੜੇ ਭਾਰਤੀ ਨਾਗਰਿਕ ਨੂੰ ਪਾਕਿ ਰੇਂਜਰਾਂ ਨੇ ਫੜ ਲਿਆ ਹੈ। ਥਾਣਾ ਸਦਰ ਦੀ ਪੁਲਸ ਨੇ ਬੀ ਐਸ ਐਫ਼ ਅਧਿਕਾਰੀ ਦੇ ਬਿਆਨ ਉੱਤੇ ਇੰਡੀਅਨ ਪਾਸਪੋਰਟ ਐਕਟ ਦਾ ਕੇਸ ਦਰਜ ਕੀਤਾ ਹੈ। ਉਕਤ ਨਾਗਰਿਕ ਦੀ ਉਮਰ 18-19 ਸਾਲ ਦੇ ਕਰੀਬ ਹੈ ਅਤੇ ਉਸ ਦਾ ਨਾਮ ਵਿਜੈ ਕੁਮਾਰ ਪੁੱਤਰ ਅਰਸੀ ਰਾਮ ਵਾਸੀ ਅੰਡਲ ਹੈ।

# ਸ਼ਿਵ ਸੈਨਾ ਆਗੂ ਨੇ ਕਿਹਾ: ਜਿਨਾਹ ਨੇ ਭਾਰਤ ਇੱਕ ਵਾਰ ਵੰਡਿਆ, ਭਾਜਪਾ ਆਗੂ ਰੋਜ਼ ਵੰਡਦੇ ਨੇ



ਨਾਗਪੁਰ, 24 ਮਾਰਚ (ਪੋਸਟ ਬਿਊਰੋ)- ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੇ ਰਾਉਤ ਨੇ ਕੱਲ੍ਹ ਦੋਸ਼ ਲਾਇਆ ਹੈ ਕਿ ਮੁਹੰਮਦ ਅਲੀ ਜਿਨਾਹ ਨੇ ਪਾਕਿਸਤਾਨ ਬਣਾਉਣ ਲਈ ਭਾਰਤ ਨੂੰ ਸਿਰਫ ਇੱਕ ਵਾਰ ਵੰਡਿਆ ਸੀ, ਪਰ ਭਾਜਪਾ ਆਗੂ ਆਪਣੇ ਬਿਆਨਾਂ ਰਾਹੀਂ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਵੰਡੀਆਂ ਪਾ ਕੇ ਰੋਜ਼ ਦੇਸ਼ ਨੂੰ ਵੰਡ ਰਹੇ ਹਨ।

ਏਥੇ ਵਿਦਰਭਾ ਵਿੱਚ ਸ਼ਿਵ ਸੈਨਾ ਦੇ ਇੱਕ ਸਮਾਗਮ ਮੌਕੇ ਪ੍ਰੈਸ ਕਾਨਫਰੰਸ ਵਿੱਚ ਸੰਜੇ ਰਾਉਤ ਨੇ ਭਾਜਪਾ ਵੱਲੋਂ ਊਧਵ ਠਾਕਰੇ ਦੀ ਅਗਵਾਈ ਵਾਲੀ ਪਾਰਟੀ ਨੂੰ 'ਜਨਾਬ ਸੈਨਾ' ਆਖਣ ਦੀ ਨਿਖੇਧੀ ਕੀਤੀ। ਪਿਛੇ ਜਿਹੇ ਏ ਆਈ ਐਮ ਆਈ ਐਮ ਦੇ ਪਾਰਲੀਮੈਂਟ ਮੈਂਬਰ ਇਮਤਿਆਜ ਜਲੀਲ ਵੱਲੋਂ ਸ਼ਿਵ ਸੈਨਾ ਦੀ ਅਗਵਾਈ ਵਾਲੇ ਗੱਠਜੋੜ ਨਾਲ ਸਾਂਝ ਦੀ ਤਜਵੀਜ਼ ਰੱਖਣ ਉੱਤੇ ਸੀਨੀਅਰ ਭਾਜਪਾ ਆਗੂ ਦੇਵੇਂਦਰ ਫੜਨਵੀਸ ਨੇ ਊਧਵ ਠਾਕਰੇ ਦੀ ਅਗਵਾਈ ਵਾਲੀ ਪਾਰਟੀ ਉੱਤੇ ਨਿਸ਼ਾਨਾ ਕਸਦਿਆਂ ਕਿਹਾ ਸੀ, ''ਕੀ ਸੈਨਾ ਅਤੇ ਏ ਆਈ ਐਮ ਆਈ ਐਮ ਔਗੋਂ ਇਕੱਠੇ ਕੰਮ ਕਰਨਗੇ? ਅਜਿਹਾ ਸੰਭਵ ਨਹੀਂ ਹੈ।'' ਭਾਜਪਾ ਉੱਤੇ ਪਲਟਵਾਰ ਕਰਦਿਆਂ ਸੰਜੇ ਰਾਉਤ ਨੇ ਕਿਹਾ ਕਿ ਆਰ ਐਸ ਐਸ ਨੇ ਮੁਸਲਮਾਨਾਂ ਲਈ ਕਈ ਸੰਗਠਨ ਬਣਾਏ ਹਨ, ਜਿਵੇਂ ਰਾਸ਼ਟਰੀ ਮੁਸਲਿਮ ਮੰਚ। ਉਨ੍ਹਾਂ ਪੁੱਛਿਆ ਕਿ ਕੀ ਭਾਜਪਾ ਆਗੂ ਆਰ ਐਸ ਐਸ ਦਾ ਨਾਂਅ ਬਦਲ ਕੇ ਰਾਸ਼ਟਰੀ ਮੁਸਲਿਮ ਸੰਘ ਰੱਖਣਗੇ ਅਤੇ ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਦਾ ਨਾਂਅ ਜਨਾਬ ਭਾਗਵਤ ਕਰ ਦੇਣਗੇ? ਇੱਕ ਸੁਆਲ ਦੇ ਜੁਆਬ ਵਿੱਚ ਉਨ੍ਹਾਂ ਕਿਹਾ ਕਿ ਤਤਕਾਲੀ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੂੰ ਅਸਤੀਫਾ ਦੇਣ ਲਈ ਕਹਿਣਾ ਸਾਡੀ ਸਰਕਾਰ ਦੀ ਗਲਤੀ ਸੀ ਜਿਸ ਨੂੰ ਨਵਾਬ ਮਲਿਕ ਦੇ ਕੇਸ ਵਿੱਚ ਦੁਹਰਾਇਆ ਨਹੀਂ ਜਾਵੇਗਾ। ਰਾਉਤ ਨੇ ਮੁੜ ਆਖਿਆ ਕਿ ਭਾਜਪਾ ਸ਼ਿਵ ਸੈਨਾ ਦੀ ਅਗਵਾਈ ਵਾਲੀ ਐਮ ਵੀ ਏ ਸਰਕਾਰ ਦਾ ਅਕਸ ਖਰਾਬ ਕਰਨ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ।

# ਅਫਗਾਨੀ ਸਿੱਖ ਰਫਿਊਜੀਆਂ ਦੇ ਕੈਨੇਡਾ ਪਹੁੰਚਣ ਦਾ ਡਬਲਿਊ ਐਸ ਓ ਨੇ ਕੀਤਾ ਸਵਾਗਤ

## ਪਿੱਛੇ ਰਹਿ ਗਏ ਸਿੱਖ ਤੇ ਹਿੰਦੂ ਪਰਿਵਾਰਾਂ ਲਈ ਪ੍ਰਗਟਾਇਆ ਤੌਖਲਾ

WORLD SIKH ORGANIZATION OF CANADA

ਓਟਵਾ, 24 ਮਾਰਚ (ਪੋਸਟ ਬਿਊਰੋ) : ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਵੱਲੋਂ ਅਫਗਾਨੀ ਸਿੱਖ ਤੇ ਹਿੰਦੂ ਰਫਿਊਜੀ ਪਰਿਵਾਰਾਂ ਦੇ ਕੈਨੇਡਾ ਪਹੁੰਚਣ ਦਾ ਸਵਾਗਤ ਕੀਤਾ ਗਿਆ। ਇਸ ਦੇ ਨਾਲ ਹੀ ਅਫਗਾਨਿਸਤਾਨ ਵਿੱਚ ਰਹਿ ਗਏ ਸਿੱਖ ਤੇ ਹਿੰਦੂ ਪਰਿਵਾਰਾਂ ਲਈ ਚਿੰਤਾ ਵੀ ਪ੍ਰਗਟਾਈ।

ਇਸ ਮਹੀਨੇ ਅੰਦਾਜ਼ਨ 98 ਰਫਿਊਜੀਆਂ ਦੇ ਕੈਲੋਨਾ, ਵੈਨਕੂਵਰ ਤੇ ਕੈਲਗਰੀ ਪਹੁੰਚਣ ਦੀ ਉਮੀਦ ਸੀ। 2015 ਵਿੱਚ ਇਹ ਪਰਿਵਾਰ ਅਫਗਾਨਿਸਤਾਨ ਛੱਡ ਕੇ ਭਾਰਤ ਆ ਗਏ ਤੇ ਉੱਥੇ ਮਨਮੀਤ ਸਿੰਘ ਭੁੱਲਰ ਫਾਊਂਡੇਸ਼ਨ ਦੀ ਅਗਵਾਈ ਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ, ਕਮਿਊਨਿਟੀ ਗਰੁੱਪਸ ਤੇ ਕੁੱਝ ਵਿਅਕਤੀਆਂ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਇਹ ਪਰਿਵਾਰ ਕੈਨੇਡਾ ਪਹੁੰਚ ਸਕਣ ਵਿੱਚ ਕਾਮਯਾਬ ਹੋਏ। ਡਬਲਿਊ ਸਿੱਖ ਆਰਗੇਨਾਈਜ਼ੇਸ਼ਨ ਨੇ ਇਨ੍ਹਾਂ ਪਰਿਵਾਰਾਂ ਲਈ ਸਪਾਂਸਰਜ਼ ਲੱਭਣ ਤੇ ਕੈਨੇਡਾ ਵਿੱਚ ਇਨ੍ਹਾਂ ਰਫਿਊਜੀਆਂ ਦੇ ਮੁੜ ਵਸੇਬੇ ਲਈ ਪ੍ਰਬੰਧ ਕਰਨ ਵਿੱਚ ਮਦਦ ਕੀਤੀ।

ਨਵੰਬਰ 2015 ਵਿੱਚ ਆਪਣੀ ਮੌਤ ਤੋਂ ਪਹਿਲਾਂ ਮਨਮੀਤ ਸਿੰਘ ਭੁੱਲਰ ਵੱਲੋਂ ਅਫਗਾਨਿਸਤਾਨ ਦੇ ਹੈਲਮੰਡ ਪ੍ਰੋਵਿੰਸ, ਜਿੱਥੇ ਇਨ੍ਹਾਂ ਸਿੱਖਾਂ ਤੇ ਹਿੰਦੂਆਂ ਨੂੰ ਅਸਹਿਣਸ਼ੀਲਤਾ ਤੇ ਹਮਲਿਆਂ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਤੋਂ ਇਨ੍ਹਾਂ ਸਿੱਖਾਂ ਤੇ ਹਿੰਦੂਆਂ ਨੂੰ ਬਾਹਰ ਕੱਢਣ ਲਈ ਪ੍ਰਬੰਧ ਕੀਤਾ ਗਿਆ। ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਕੈਨੇਡਾ ਵੱਲੋਂ ਇਨ੍ਹਾਂ ਰਫਿਊਜੀਆਂ ਦੀਆਂ ਅਰਜ਼ੀਆਂ ਨੂੰ ਮਨਜ਼ੂਰ ਕਰਨ ਲਈ ਸੱਤ ਸਾਲ ਦੀ ਲੰਮੀ ਪ੍ਰਕਿਰਿਆ ਵਿੱਚੋਂ ਲੰਘਣਾ ਪਿਆ।

ਡਬਲਿਊ ਐਸ ਓ ਦੇ ਪ੍ਰਧਾਨ ਤੇਜਿੰਦਰ ਸਿੰਘ ਸਿੱਧੂ ਨੇ ਅਫਗਾਨੀ ਸਿੱਖਾਂ ਤੇ ਹਿੰਦੂਆਂ ਦੇ ਕੈਨੇਡਾ ਪਹੁੰਚੇ ਤਾਜ਼ਾ ਗਰੁੱਪ ਦਾ ਸਵਾਗਤ ਕੀਤਾ। ਉਨ੍ਹਾਂ ਆਖਿਆ ਕਿ ਅਸੀਂ ਚੁਣੌਤੀਆਂ ਦੇ ਬਾਵਜੂਦ ਮਨਮੀਤ ਸਿੰਘ ਭੁੱਲਰ ਨੇ ਆਪਣੀ ਦੂਰਅੰਦੇਸ਼ੀ ਤੋਂ ਕੰਮ ਲੈਂਦਿਆਂ ਇਨ੍ਹਾਂ ਪਰਿਵਾਰਾਂ ਨੂੰ ਕੈਨੇਡਾ ਲਿਆਉਣ ਲਈ ਰਾਹ ਪੱਧਰਾ ਕੀਤਾ। ਉਨ੍ਹਾਂ ਆਖਿਆ ਕਿ ਇਸ ਪ੍ਰੋਜੈਕਟ ਉੱਤੇ 2015 ਤੋਂ ਮਨਮੀਤ ਤੇ ਉਨ੍ਹਾਂ ਦੇ ਪਰਿਵਾਰ ਨਾਲ ਕੰਮ ਕਰ ਰਹੀ ਟੀਮ ਦਾ ਹਿੱਸਾ ਬਣਨ ਉੱਤੇ ਡਬਲਿਊ ਐਸ ਓ ਨੂੰ ਮਾਣ ਹੈ।

ਉਨ੍ਹਾਂ ਆਖਿਆ ਕਿ ਅਜੇ ਵੀ ਅਫਗਾਨਿਸਤਾਨ ਵਿੱਚ ਫਸੇ ਹੋਏ 200 ਸਿੱਖ ਤੇ ਹਿੰਦੂ ਪਰਿਵਾਰਾਂ ਲਈ ਉਹ ਕਾਫੀ ਚਿੰਤਤ ਹਨ ਤੇ ਮਾਰਚ 2020 ਵਿੱਚ ਕਾਬੁਲ ਦੇ ਕਰਤੇ ਪਰਵਾਨ ਗੁਰਦੁਆਰੇ ਉੱਤੇ ਹੋਏ ਅਤਾਮਘਾਤੀ ਹਮਲੇ ਤੋਂ ਬਾਅਦ ਭਾਰਤ ਗਏ 500 ਪਰਿਵਾਰਾਂ ਨੂੰ ਲੈ ਕੇ ਵੀ ਉਹ ਕਾਫੀ ਪਰੇਸ਼ਾਨ ਹਨ ਕਿਉਂਕਿ ਵਾਰੀ ਵਾਰੀ ਸਾਡੀ ਆਰਗੇਨਾਈਜ਼ੇਸ਼ਨ ਤੇ ਕੈਨੇਡੀਅਨ ਸਿੱਖਾਂ ਵੱਲੋਂ ਮੰਗ ਕੀਤੇ ਜਾਣ ਦੇ ਬਾਵਜੂਦ ਕੈਨੇਡਾ ਸਰਕਾਰ ਵੱਲੋਂ ਇਨ੍ਹਾਂ ਪਰਿਵਾਰਾਂ ਨੂੰ ਕੈਨੇਡਾ ਸੱਦਣ ਲਈ ਕੋਈ ਰਾਹ ਨਹੀਂ ਖੋਲ੍ਹਿਆ ਜਾ ਰਿਹਾ।

ਉਨ੍ਹਾਂ ਆਖਿਆ ਕਿ ਪਿਛਲੇ ਕਈ ਹਫਤਿਆਂ ਤੋਂ ਯੂਕਰੇਨੀ ਰਫਿਊਜੀਆਂ ਲਈ ਕੈਨੇਡਾ ਨੇ ਰਾਹ ਬਣਾਇਆ ਹੈ ਤੇ ਇਹ ਬੜਾ ਹੀ ਸ਼ਲਾਘਾਯੋਗ ਕਦਮ ਹੈ। ਪਰ ਸਰਕਾਰ ਨੂੰ ਹੋਰਨਾਂ ਰਫਿਊਜੀ ਗਰੁੱਪਸ, ਜਿਨ੍ਹਾਂ ਵਿੱਚ ਅਫਗਾਨੀ ਸਿੱਖ ਤੇ ਹਿੰਦੂ ਸ਼ਾਮਲ ਹਨ, ਲਈ ਵੀ ਰਾਹ ਤਿਆਰ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਅਸੀਂ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਕੈਨੇਡਾ ਲਿਆਉਣ ਵਿੱਚ ਹੋਰ ਸੱਤ ਸਾਲ ਦਾ ਸਮਾਂ ਲੱਗੇ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011



REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜ਼ਿਆਦਾ ਕਰਜ਼ਾ ਦੇ ਕੇ ਬੈਂਕ ਚੁੱਕੇ ਹੋ?
ਆਪਣਾ ਕਰਜ਼ਾ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



ShergGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936




# ਗਿਫਟ ਕਾਰਡ ਫਰਾਡ ਸਕੀਮ ਦੇ ਸਬੰਧ ਵਿੱਚ 2 ਨੂੰ ਕੀਤਾ ਗਿਆ ਚਾਰਜ

ਦਰਹਾਮ, 24 ਮਾਰਚ (ਪੋਸਟ ਬਿਊਰੋ) : ਇੱਕ ਰੀਟੇਲ ਕਾਰਪੋਰੇਸ਼ਨ ਨੂੰ ਨਿਸ਼ਾਨਾ ਬਣਾਉਣ ਵਾਲੇ ਕਥਿਤ ਗਿਫਟ ਕਾਰਡ ਫਰਾਡ ਤੋਂ ਬਾਅਦ ਦਰਹਾਮ ਪੁਲਿਸ ਨੇ ਦੋ ਵਿਅਕਤੀਆਂ ਨੂੰ ਚਾਰਜ ਕੀਤਾ ਹੈ।




ਪੁਲਿਸ ਨੇ ਦੱਸਿਆ ਕਿ ਉਨ੍ਹਾਂ 2019 ਵਿੱਚ ਉਸ ਸਮੇਂ ਜਾਂਚ ਸ਼ੁਰੂ ਕੀਤੀ ਸੀ ਜਦੋਂ ਇੱਕ ਗੁੰਮਨਾਮ ਰੀਟੇਲਰ ਨੇ 200,000 ਡਾਲਰ ਤੋਂ ਵੀ ਵੱਧ ਦੀਆਂ ਧੋਖਾਧੜੀ ਵਾਲੀਆਂ ਰਿਟਰਨਜ਼ ਬਾਰੇ ਰਿਪੋਰਟ ਕੀਤਾ। ਇਸ ਸਬੰਧ ਵਿੱਚ ਦੋ ਮਸ਼ਕੂਕਾਂ ਦੀ ਪਛਾਣ ਕੀਤੀ ਗਈ ਤੇ 22 ਮਾਰਚ, 2022 ਨੂੰ ਵ੍ਹਿਟਬੀ ਦੇ ਇੱਕ ਘਰ ਦੀ ਸਰਚ ਵਾਰੰਟ ਕਢਵਾ ਕੇ ਤਲਾਸ਼ੀ ਲਈ ਗਈ।

ਇੱਕ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਜਾਂਚਕਾਰਾਂ ਨੂੰ ਇਸ ਪ੍ਰਾਪਰਟੀ ਤੋਂ 30,000 ਡਾਲਰ ਬਰਾਮਦ ਹੋਏ ਤੇ ਇਸ ਤੋਂ ਇਲਾਵਾ 20,000 ਡਾਲਰ ਦੇ ਗਿਫਟ ਕਾਰਡਜ਼, ਜੋ ਕਿ ਇਨ੍ਹਾਂ ਮਸ਼ਕੂਕਾਂ ਦਾ ਸ਼ਿਕਾਰ ਬਣੇ ਵਿਅਕਤੀ ਦੀ ਕੰਪਨੀ ਨਾਲ ਸਬੰਧਤ ਸਨ, ਵੀ ਮਿਲੇ। ਇਸ ਸਬੰਧ ਵਿੱਚ ਵ੍ਹਿਟਬੀ ਦੇ ਸ਼ੇਨ ਫੁੱਲਵੁੱਡ ਤੇ ਜੁਲੀਆਨਾ ਤਾਲੇਵਸਕੀ, ਦੋਵਾਂ ਦੀ ਉਮਰ 29 ਸਾਲ, ਨੂੰ ਕਈ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ।

# ਮੌਡਰਨਾ ਨੇ ਨਿੱਕੇ ਬੱਚਿਆਂ ਲਈ ਕੋਵਿਡ-19 ਵੈਕਸੀਨ ਤਿਆਰ ਕਰਨ ਦਾ ਕੀਤਾ ਦਾਅਵਾ

ਟੋਰਾਂਟੋ, 24 ਮਾਰਚ (ਪੋਸਟ ਬਿਊਰੋ) : ਮੌਡਰਨਾ ਵੱਲੋਂ ਨਿੱਕੀ ਉਮਰ ਦੇ ਬੱਚਿਆਂ ਤੇ ਸਕੂਲ ਜਾਣ ਤੋਂ ਪਹਿਲਾਂ ਵਾਲੀ ਉਮਰ ਦੇ ਬੱਚਿਆਂ ਲਈ ਵੈਕਸੀਨ ਤਿਆਰ ਕੀਤੇ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਕੰਪਨੀ ਦਾ ਕਹਿਣਾ ਹੈ ਕਿ ਇਸ ਦੇ ਅੰਤਰਿਮ ਨਤੀਜੇ ਕਾਫੀ ਕਮਾਲ ਦੇ ਰਹੇ ਹਨ।

ਇੱਕ ਨਿੱਕੀ ਡੋਜ਼ ਵਾਲੀ ਵੈਕਸੀਨ ਲਈ ਰੈਗੂਲੇਟਰ ਦੀ ਮਨਜ਼ੂਰੀ ਦੀ ਅਜੇ ਵੀ ਲੋੜ ਹੈ। ਉਸ ਤੋਂ ਬਾਅਦ ਹੀ ਇਸ ਵੈਕਸੀਨ ਨੂੰ ਫਾਰਮਾਸਿਊਟੀਕਲ ਕੰਪਨੀ ਵੱਲੋਂ ਵੇਚਣ ਦੀ ਇਜਾਜ਼ਤ ਦਿੱਤੀ



ਜਾਵੇਗੀ। ਯੂਨੀਵਰਸਿਟੀ ਆਫ ਟੋਰਾਂਟੋ ਦੇ ਵੈਕਸੀਨ ਮਾਹਿਰ ਡਾ. ਉਮਰ ਖਾਨ ਦਾ ਕਹਿਣਾ ਹੈ ਕਿ ਇਸ ਵੈਕਸੀਨ ਦੇ ਸ਼ੁਰੂਆਤੀ ਟ੍ਰਾਇਲ ਰਿਜ਼ਲਟ ਕਾਫੀ ਵਧੀਆ ਆਏ ਹਨ ਤੇ ਇਸ ਨਾਲ ਉਨ੍ਹਾਂ ਮਾਪਿਆਂ ਲਈ ਨਵੀਂ ਆਸ ਬੱਝੇਗੀ ਜਿਹੜੇ ਆਪਣੇ ਬੱਚਿਆਂ ਦੇ ਟੀਕੇ ਲਵਾਉਣਾ ਚਾਹੁੰਦੇ ਹਨ। ਮੌਡਰਨਾ ਵੱਲੋਂ ਕੀਤੇ ਗਏ ਅਧਿਐਨ ਵਿੱਚ ਪਾਇਆ ਗਿਆ ਕਿ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਟੀਕਾ ਲਾਏ ਜਾਣ ਤੋਂ ਬਾਅਦ ਵਾਇਰਸ ਨਾਲ ਲੜਨ ਵਾਲੀਆਂ ਐਂਟੀਬਾਡੀਜ਼ ਵੱਡੀ ਪੱਧਰ ਉੱਤੇ ਵਿਕਸਤ ਹੋ ਜਾਂਦੀਆਂ ਹਨ। ਬੱਚਿਆਂ ਨੂੰ ਬਾਲਗਾਂ ਦੇ ਮੁਕਾਬਲੇ ਇੱਕ ਚਥਾਈ ਵੈਕਸੀਨ ਦਿੱਤੀ ਜਾਵੇਗੀ। ਇਸ ਨਾਲ ਬੱਚਿਆਂ ਨੂੰ ਕੋਵਿਡ-19 ਖਿਲਾਫ ਬਾਲਗਾਂ ਜਿੰਨੀ ਹੀ ਪ੍ਰੋਟੈਕਸ਼ਨ ਮਿਲੇਗੀ।

# ਮਿਸੀਸਾਗਾ ਤੋਂ ਭੱਜਣ ਲਈ ਮਸ਼ਕੂਕਾਂ ਨੇ ਕੀਤਾ ਕਾਰਜੈਕ

ਮਿਸੀਸਾਗਾ, 24 ਮਾਰਚ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਮਿਸੀਸਾਗਾ ਵਿੱਚ ਹਾਦਸੇ ਤੇ ਕਾਰਜੈਕਿੰਗ ਦੇ ਮਾਮਲੇ ਵਿੱਚ ਪੁਲਿਸ ਵੱਲੋਂ 2 ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ। ਇਸ ਘਟਨਾ ਕਾਰਨ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੁਲਿਸ ਅਧਿਕਾਰੀਆਂ ਨੂੰ ਰਾਤੀਂ 12:20 ਉੱਤੇ ਫੋਨ ਆਇਆ ਕਿ ਮੈਵਿਸ ਰੋਡ ਤੇ ਡੰਡਸ ਸਟਰੀਟ ਉੱਤੇ ਹਾਦਸਾ ਵਾਪਰਿਆ ਹੈ। ਜਿਸ ਸਮੇਂ ਇਸ ਹਾਦਸੇ ਵਿੱਚ ਫਸੇ ਲੋਕਾਂ ਦੀ ਮਦਦ ਕਰਨ ਲਈ ਤੀਜੀ ਗੱਡੀ ਆ ਕੇ ਰੁਕੀ ਤੇ ਮਦਦ ਲਈ ਅੱਗੇ ਵਧੀ ਉਸ ਸਮੇਂ ਚਾਰ ਮਸ਼ਕੂਕ ਮਦਦ ਕਰਨ ਵਾਲਿਆਂ ਦੀ ਹੀ ਖਾਲੀ ਗੱਡੀ ਵਿੱਚ ਸਵਾਰ ਹੋ



ਕੇ ਉੱਥੋਂ ਫਰਾਰ ਹੋ ਗਏ।

ਪੁਲਿਸ ਅਧਿਕਾਰੀਆਂ ਨੂੰ ਇਹ ਚੋਰੀ ਦੀ ਗੱਡੀ ਬਰਨਹੈਮਥੌਰਪ ਤੇ ਰੈਥਬਰਨ ਰੋਡਜ਼ ਨੇੜੇ ਖਾਲੀ ਪਈ ਮਿਲੀ। ਇਲਾਕੇ ਵਿੱਚ ਖੋਜ ਬੀਨ ਤੋਂ ਬਾਅਦ ਪੁਲਿਸ ਨੇ ਦੋ ਮਸ਼ਕੂਕਾਂ ਨੂੰ ਗ੍ਰਿਫਤਾਰ ਕਰ ਲਿਆ। ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਮਿਲੀ ਹੈ। ਮਾਮਲੇ ਦੀ ਜਾਂਚ ਲਈ ਇਲਾਕੇ ਦੀਆਂ ਸੜਕਾਂ ਨੂੰ ਬੰਦ ਕੀਤਾ ਗਿਆ ਸੀ ਪਰ ਬਾਅਦ ਵਿੱਚ ਇਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ।

# ਪੰਜਾਬ ਦੀ ਨਵੀਂ ਐਕਸਾਈਜ਼ ਪਾਲਿਸੀ ਤਿੰਨ ਮਹੀਨੇ ਟਲ ਗਈ

ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿੱਤੀ ਸਾਲ 2021-22 ਲਈ ਸੂਬੇ ਵਿੱਚ ਪਹਿਲਾਂ ਤੋਂ ਲਾਗੂ ਐਕਸਾਈਜ਼ ਨੀਤੀ ਨੂੰ ਤਿੰਨ ਮਹੀਨੇ (1ਅਪ੍ਰੈਲ 2022 ਤੋਂ 30 ਜੂਨ 2022 ਤਕ) ਵਧਾ ਦਿੱਤਾ ਹੈ। ਇਸ ਤੋਂ ਸਾਫ਼ ਹੋ ਗਿਆ ਹੈ ਕਿ ਨਵੀਂ ਸਰਕਾਰ ਤਿੰਨ ਮਹੀਨੇ ਬਾਅਦ ਹੀ ਨਵੀਂ ਐਕਸਾਈਜ਼ ਪਾਲਿਸੀ ਲੈ ਕੇ ਆਵੇਗੀ। ਮੰਨਿਆ ਜਾ ਰਿਹਾ ਹੈ ਕਿ ਦਿੱਲੀ ਸਰਕਾਰ ਵਾਂਗ ਭਗਵੰਤ ਮਾਨ ਸਰਕਾਰ ਵੀ ਆਮਦਨ ਵਧਾਉਣ ਦੇ ਲਈ ਸ਼ਰਾਬ ਵਿੱਕਰੀ ਦਾ ਕੰਮ ਆਪਣੇ ਅਧੀਨ ਲਿਆ ਸਕਦੇ ਹਨ। ਉਂਝ ਪੰਜਾਬ ਸਰਕਾਰ ਨੇ ਇਸ ਸਬੰਧੀ ਅਜੇ ਕੁਝ ਸਾਫ਼ ਨਹੀਂ ਕੀਤਾ ਅਤੇ 31 ਮਾਰਚ ਨੂੰ ਖ਼ਤਮ ਹੋ ਰਹੇ ਵਿੱਤੀ ਸਾਲ ਨੂੰ ਧਿਆਨ ਵਿੱਚ ਰੱਖ ਕੇ ਮੌਜੂਦਾ ਪਾਲਿਸੀ ਦੀ ਮਿਆਦ ਵਧਾ ਦਿੱਤੀ ਹੈ। ਭਗਵੰਤ ਮਾਨ ਵੱਲੋਂ ਅਹੁਦਾ ਸੰਭਾਲਣ ਤੋਂ ਬਾਅਦ ਹੋਰ ਚੁਣੌਤੀਆਂ ਦੇ ਨਾਲ ਐਕਸਾਈਜ਼ਨੀਤੀ ਵੀ ਵੱਡੀ ਚੁਣੌਤੀ ਵਜੋਂ ਦੇਖੀ ਜਾ ਰਹੀ ਹੈ।ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਕਈ ਵਾਰ ਰਹਿ ਚੁੱਕੇ ਹਨ ਕਿ ਪੰਜਾਬ ਵਿੱਚ ਸ਼ਰਾਬ ਮਾਫ਼ੀਆਦਾ ਸ਼ਿਕੰਜਾ ਕੱਸਿਆ ਜਾਵੇਗਾ। ਸਰਕਾਰ ਨੇ ਕੈਬਨਿਟ ਵਿੱਚ ਪੋਸਟ ਫੈਕਟੋ ਅਪਰੂਵਲ ਲੈਣ ਪਿੱਛੋਂ ਸਾਰੇ ਡਿਪਟੀ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰਾਂ, ਸਹਾਇਕ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰਾਂ (ਆਬਕਾਰੀ) ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

# ਪੰਜਾਬ ਵਿੱਚੋਂ ਰਾਜ ਸਭਾ ਲਈ ਆਪ ਪਾਰਟੀ ਦੇ 5 ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਐਲਾਨੇ ਗਏ

ਚੰਡੀਗੜ੍ਹ, 24 ਮਾਰਚ, (ਪੋਸਟ ਬਿਊਰੋ)- ਪੰਜਾਬ ਤੋਂ ਰਾਜ ਸਭਾ ਦੀਆਂ ਪੰਜ ਸੀਟਾਂ ਦੀ ਚੋਣ ਲਈ ਕਾਗਜ਼ ਵਾਪਸ ਲੈਣ ਦੇ ਆਖਰੀ ਦਿਨ ਅੱਜ ਕਿਸੇ ਉਮੀਦਵਾਰ ਨੇ ਕਾਗਜ਼ ਵਾਪਸ ਨਹੀਂ ਲਏ। ਇਸ ਤਰ੍ਹਾਂ ਦੋ ਚੋਣ ਸਾਈਕਲਾਂ (2+3) ਵਿੱਚ ਜਿਹੜੇ 5 ਉਮੀਦਵਾਰਾਂ ਨੇ ਕਾਗਜ਼ ਭਰੇ ਸਨ, ਉਹ ਬਿਨਾਂ ਮੁਕਾਬਲਾ ਜੇਤੂ ਐਲਾਨ ਕੀਤੇ ਗਏ ਹਨ।

ਇਸ ਸੰਬੰਧ ਵਿੱਚ ਪੰਜਾਬ ਤੋਂ ਰਾਜ ਸਭਾ ਚੋਣਾਂ ਲਈ ਰਿਟਰਨਿੰਗ ਅਫਸਰ ਤੇ ਪੰਜਾਬ ਵਿਧਾਨ ਸਭਾ ਦੇ ਸੈਕਟਰੀ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਤੋਂ ਇਸ ਵਾਰੀ ਦੋ ਚੋਣ-ਸਾਈਕਲਾਂ ਵਿੱਚ ਕੀਤੀ ਗਈ ਚੋਣ ਲਈ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ. ਕਰੁਣਾ ਰਾਜੂ, ਜਿਨ੍ਹਾਂ ਨੂੰ



ਭਾਰਤ ਦੇ ਚੋਣ ਕਮਿਸ਼ਨ ਨੇ ਇਨ੍ਹਾਂ ਚੋਣਾਂ ਵਾਸਤੇ ਆਬਜ਼ਰਬਰ ਨਿਯੁਕਤ ਕੀਤਾ ਸੀ, ਦੀ ਨਿਗਰਾਨੀ ਹੇਠ ਚੋਣ ਪ੍ਰਕਿਰਿਆ ਨੇਪਰੇ ਚਾੜ੍ਹੀ ਗਈ ਹੈ। ਉਨ੍ਹਾਂ ਦੱਸਿਆ ਕਿ 24 ਮਾਰਚ ਸ਼ਾਮ 3 ਵਜੇ ਤੱਕ ਕਾਗਜ਼ ਵਾਪਸ ਲੈਣ ਦੇ ਆਖਰੀ ਦਿਨ ਕਿਸੇ ਉਮੀਦਵਾਰ ਵੱਲੋਂ ਕਾਗਜ਼ ਵਾਪਸ ਨਾ ਲੈਣ ਕਰਕੇ ਸੰਦੀਪ ਪਾਠਕ ਅਤੇ ਰਾਘਵ ਚੱਢਾ (ਫਸਟ ਸਾਈਕਲ), ਹਰਭਜਨ ਸਿੰਘ, ਅਸ਼ੋਕ ਮਿੱਤਲ ਤੇ ਸੰਜੀਵ ਅਰੋੜਾ (ਸੈਕਿੰਡ ਸਾਈਕਲ) ਬਿਨਾਂ ਮੁਕਾਬਲਾ ਜੇਤੂ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਦੀ ਰਿਪੋਰਟ ਭਾਰਤ ਦੇ ਚੋਣ ਕਮਿਸ਼ਨ ਨੂੰ ਭੇਜ ਦਿੱਤੀ ਗਈ ਹੈ।

# ਚੋਣ ਹਾਰਨ ਪਿੱਛੋਂ ਅਕਾਲੀ ਦਲ ਵਿੱਚ ਵੱਡੀਆਂ ਤਬਦੀਲੀਆਂ ਲਈ ਉਚ ਪੱਧਰੀ ਕਮੇਟੀ ਬਣਾਈ ਗਈ

ਚੰਡੀਗੜ੍ਹ, 24 ਮਾਰਚ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਤੇ ਇਸ ਦੌਰਾਨ ਪਾਰਟੀ ਦੀ ਬਹੁਤ ਬੁਰੀ ਤਰ੍ਹਾਂ ਹੋਈ ਹਾਰ ਮਗਰੋਂ ਪਾਰਟੀ ਦੀ ਕਾਰਜਸ਼ੈਲੀ, ਜਥੇਬੰਦਕ ਢਾਂਚਾ, ਪਾਰਟੀ ਨੂੰ ਸਿਧਾਂਤਕ ਲੀਹਾਂ ਉੱਤੇ ਲਿਆਉਣ, ਪਾਰਟੀ ਦੀਆਂ ਨੀਤੀਆਂ ਵਿੱਚ ਵੱਡੀਆਂ ਤਬਦੀਲੀਆਂ ਕਰਨ ਅਤੇ ਪਿੰਡ ਪੱਧਰ ਤੱਕ ਪਾਰਟੀ ਵਿੱਚ ਨਵੀਂ ਰੂਹ ਫੂਕਣ ਲਈ ਅੱਜ ਇੱਕ 16 ਮੈਂਬਰੀ ਉਚ ਪੱਧਰੀ ਕਮੇਟੀ ਬਣਾ ਦਿੱਤੀ ਹੈ। ਅੱਜ ਚੰਡੀਗੜ੍ਹ ਵਿੱਚ ਇਸ ਦਾਐਲਾਨ ਕਰਦੇ ਹੋਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਪਾਰਟੀ ਇਸ ਹਾਰ ਤੋਂ ਬਾਅਦ ਨਵੇਂ ਸਿਰਿਓਂ ਹੰਭਲਾ ਮਾਰਨ ਦਾ ਯਤਨ ਤੇਜ਼ ਕਰੇਗੀ। ਪਾਰਟੀ ਨੇ ਇਸ ਕਮੇਟੀ ਵਿੱਚ ਜਿਹੜੇ ਮੈਂਬਰ ਪਾਏ ਹਨ, ਉਨ੍ਹਾਂ ਵਿੱਚ ਬਲਵਿੰਦਰ ਸਿੰਘ ਭੂੰਦੜ, ਚਰਨਜੀਤ ਸਿੰਘ ਅਟਵਾਲ, ਬੀਬੀ ਜਗੀਰ ਕੌਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਡਾਕਟਰ ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਾਣੀਕੇ, ਸ਼ਰਨਜੀਤ ਸਿੰਘ ਢਿੱਲੋਂ, ਜਨਮੇਜਾ ਸਿੰਘ ਸੇਖੋਂ, ਸੁਰਜੀਤ ਸਿੰਘ ਰੱਖੜਾ ਤੇ ਵਿਧਾਇਕ ਦਲ ਦੇ ਨੇਤਾ ਮਨਪ੍ਰੀਤ ਸਿੰਘ ਇਆਲੀ, ਪਾਰਟੀ ਦੇ ਚੀਫ ਵ੍ਹਿਪ ਡਾ. ਸੁਖਵਿੰਦਰ ਕੁਮਾਰ ਸੁੱਖੀ, ਯੂਥ ਅਕਾਲੀ ਦਲ ਦੇ ਪ੍ਰਧਾਨ ਪਰਮਬੰਸ ਸਿੰਘ ਬੰਟੀ ਰੋਮਾਣਾ ਅਤੇ ਐਸ ਓ ਆਈ ਦੇ ਪ੍ਰਧਾਨ ਰੋਬਿਨ ਬਰਾੜ ਦਾ ਨਾਂਅ ਵੀ ਹੈ। ਅੱਜ ਵੀਰਵਾਰ ਏਥੇ ਪਾਰਟੀ ਦੇ ਮੁੱਖ ਦਫਤਰ ਵਿੱਚ ਇਸ ਬਾਰੇ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਹਿਲਾਂ ਵਿਧਾਨ ਸਭਾ ਚੋਣਾਂ ਵਿੱਚ ਹੋਈ ਵੱਡੀ ਹਾਰਬਾਰੇ ਕੋਰ ਕਮੇਟੀ ਵਿੱਚ ਵਿਸਥਾਰ ਨਾਲ ਵਿਚਾਰ ਕੀਤੀ ਗਈ ਤੇ ਫਿਰ ਜ਼ਿਲਾ ਜਥੇਦਾਰਾਂ, ਪਾਰਟੀ ਦੇ ਸਾਰੇ ਉਮੀਦਵਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਯੂਥ ਅਕਾਲੀ ਦਲ ਵਿੰਗ ਅਤੇ ਐਸਓਆਈ ਦੇ ਆਗੂਆਂ ਨਾਲ ਬੈਠਕਾਂ ਕੀਤੀਆਂ ਹਨ।ਇਨ੍ਹਾਂ ਬੈਠਕਾਂਵਿੱਚ ਇਹ ਗੱਲ ਉਭਰ ਕੇ ਆਈ ਕਿ ਪਾਰਟੀ ਵਿੱਚ ਸਮੇ ਅਨੁਸਾਰ ਵੱਡੀਆਂ ਤਬਦੀਲੀਆਂ ਕਰਨ ਅਤੇ ਸਾਰੇ ਮਸਲੇ ਦੀ ਘੋਖ ਕਰਨ ਲਈ ਉਚ ਪੱਧਰੀ ਕਮੇਟੀ ਬਣਾਈ ਜਾਵੇ। ਇਹ ਕਮੇਟੀ ਹਰ ਪੱਧਰ ਉੱਤੇ ਤਾਲਮੇਲ ਕਰਕੇ ਵਿਸਥਾਰਤ ਰਿਪੋਰਟ ਪਾਰਟੀ ਕੋਰ ਕਮੇਟੀ ਨੂੰ ਸੌਂਪੇਗੀ ਅਤੇ ਕੋਰ ਕਮੇਟੀ ਇਸ ਕਮੇਟੀ ਦੀ ਰਾਏ ਅਨੁਸਾਰ ਵੱਡੇ ਫੈਸਲੇ ਲਏ ਜਾਣਗੇ।

# ਐਮ ਐਸ ਪੀ ਗਾਰੰਟੀ ਲਈ ਕਿਸਾਨ ਸੰਗਠਨਾਂ ਨੇ ਨਵਾਂ ਮੋਰਚਾ ਖੋਲ੍ਹਿਆ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਚਲਾਏ ਅੰਦੋਲਨ ਮਗਰੋਂ ਕਿਸਾਨਾਂ ਦੇ ਇੱਕ ਗਰੁੱਪ ਨੇ ਫਸਲਾਂ ਲਈ ਘੱਟੋ-ਘੱਟ ਸਮਰੱਥਨ ਮੁੱਲ (ਐਮ ਐਸ ਪੀ) ਦੀ ਗਾਰੰਟੀ ਦੇਣ ਸਬੰਧੀ ਕਾਨੂੰਨ ਬਣਾਉਣ ਲਈ ਇੱਕ ਨਵਾਂ ਮੋਰਚਾ ਲਾ ਲਿਆ ਹੈ।

ਮਹਾਰਾਸ਼ਟਰ ਤੋਂ ਦੋ ਵਾਰ ਪਾਰਲੀਮੈਂਟ ਮੈਂਬਰ ਰਹੇ ਅਤੇ ‘ਸਵਾਭਿਮਾਨੀ ਪਕਸ਼’ ਦੇ ਆਗੂ ਰਾਜੂ ਸ਼ੈਟੀ ਨੇ ਕਿਹਾ ਹੈ ਕਿ ਵੱਖ-ਵੱਖ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਵਿੱਚ ਐਮ ਐਸ ਪੀ ਗਾਰੰਟੀ ਕਿਸਾਨ ਮੋਰਚਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਮੀਟਿੰਗ ਵਿੱਚ ਉਤਰ ਪ੍ਰਦੇਸ਼ ਤੋਂ ਵੀ ਐਮ ਸਿੰਘ, ਹਰਿਆਣਾ ਤੋਂ ਰਾਮਪਾਲ ਜਾਟ, ਪੰਜਾਬ ਤੋਂ ਬਲਰਾਜ ਸਿੰਘ, ਝਾਰਖੰਡ ਤੋਂ ਰਾਜਾ ਰਾਮ ਸਿੰਘ ਸਮੇਤ ਕਈ ਕਿਸਾਨ ਆਗੂ ਹਾਜ਼ਰ ਹੋਏ ਸਨ। ਮੀਟਿੰਗ ਮਗਰੋਂ ਸ਼ੈਟੀ ਨੇ ਕਿਹਾ, ‘‘ਅਸੀਂ ਐਮ ਐਸ ਪੀ ਗਾਰੰਟੀ ਕਿਸਾਨ ਮੋਰਚਾ ਦੇ ਬੈਨਰ ਹੇਠ ਇੱਕ ਅੰਦੋਲਨ ਕਰਾਂਗੇ। ਅਗਲੇ ਛੇ ਮਹੀਨਿਆਂ ਵਿੱਚ ਅਸੀਂ ਐਮ ਐਸ ਪੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਹਰ ਸੂਬੇ ਦੇ ਹਰ ਜ਼ਿਲ੍ਹੇ ਦਾ ਦੌਰਾ ਕਰਾਂਗੇ।" ਉਨ੍ਹਾ ਨੇ ਹਰ ਗ੍ਰਾਮ ਸਭਾ (ਪਿੰਡ ਸਭਾ) ਵੱਲੋਂ ਖੇਤੀ ਉਪਜਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਕਰਨ ਲਈ ਮਤਾ ਪਾਸ ਕਰਾਉਣ ਦਾ ਫੈਸਲਾ ਕੀਤਾ ਹੈ। ਸ਼ੈਟੀ ਨੇ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਨੂੰ ਅਜਿਹੇ ਮਤੇ ਭਾਰਤ ਦੇ ਰਾਸ਼ਟਰਪਤੀ ਨੂੰ ਭੇਜਣ ਲਈ ਕਿਹਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੁੱਦੇਵਾਸਤੇ ਦੇਸ਼ ਵਿਆਪੀ ਅੰਦੋਲਨ ਦਾ ਐਲਾਨ ਕਰਨ ਲਈ ਰਾਜਧਾਨੀ ਵਿੱਚ ਤਿੰਨ ਰੋਜ਼ਾ ਕਿਸਾਨ ਸੰਮੇਲਨ ਕੀਤਾ ਜਾਵੇਗਾ।

ਦੂਸਰੇ ਪਾਸੇ ਤਿੰਨ ਖੇਤੀ ਕਾਨੂੰਨਾਂ ਦੇ ਅਧਿਅਨ ਲਈ ਸੁਪਰੀਮ ਕੋਰਟ ਵੱਲੋਂ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਦੇ ਮੈਂਬਰ ਅਨਿਲ ਘਣਵਤ ਨੇ ਬੀਤੇ ਦਿਨੀਂ ਰਿਪੋਰਟ ਜਨਤਕ ਕਰਨ ਕਰ ਕੇ ਹੋ ਰਹੀ ਇਸ ਆਲੋਚਨਾ ਨੂੰ ਰੱਦ ਕੀਤਾਕਿ ਉਨ੍ਹਾਂ ਨੇ ਸਿਰਫ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕੀਤੀ ਸੀ, ਜੋ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਸਨ। ਘਣਵਤ ਨੇ ਇੱਕ ਨਿੱਜੀ ਟੀ ਵੀ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਪੈਨਲ ਨੇ ਜਿਨਾਂ ਕਿਸਾਨ ਯੂਨੀਅਨਾਂ ਨਾਲ ਗੱਲ ਕੀਤੀ, ਉਨ੍ਹਾਂ ਦੇ ਨਾਂਅ ਨਹੀਂ ਦਿੱਤੇ ਗਏ ਸਨ ਅਤੇ ਇਹ ਨਾਂਅ ਪ੍ਰਾਪਤ ਕਰਨ ਲਈ ਆਰ ਟੀ ਆਈ ਅਰਜ਼ੀ ਦਿੱਤੀ ਜਾ ਸਕਦੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA
Professional Corporation
214-7895 Tranmere Drive, Mississauga ON L5S 1V9



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ




Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋਂ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

## ਅੱਜ ਨਾਮਾ

ਮਿਲਿਆ ਮੋਦੀ ਨੂੰ ਮਾਨ ਤਾਂ ਕਹਿਣ ਲੱਗਾ,
ਜਲਦੀ ਮਾਇਆ ਦੀ ਅਸਾਂ ਨੂੰ ਲੋੜ ਭਾਈ।
ਕਾਣੀ ਕੌਡੀ ਖਜ਼ਾਨੇ ਵਿੱਚ ਰੜਕਦੀ ਨਹੀਂ,
ਹਰ ਇੱਕ ਪਾਸਿਉਂ ਸੁਣੀ ਆ ਥੋੜ੍ਹ ਭਾਈ।
ਅੰਦਰ ਮੰਡੀ ਦੇ ਕਣਕ ਵੀ ਆਉਣ ਵਾਲੀ,
ਅਰਬਾਂ-ਖਰਬਾਂ ਦੇ ਉਹਦੇ ਵੀ ਜੋੜ ਭਾਈ।
ਰੱਖਣਾ ਰਿਸ਼ਤਾ ਦੁਵੱਲਾਈ ਠੀਕ ਜੇਕਰ,
ਫੜਿਆ ਹੱਥ ਤੇ ਖਾਲੀ ਨਹੀਂ ਮੋੜ ਭਾਈ।
ਮੁਸਕਣੀ ਮੋਦੀ ਦੀ ਰਹੀ ਫਿਰ ਭੇਦ ਵਾਲੀ,
ਗੁੱਝੀ ਰਮਜ਼ ਦੀ ਸਮਝ ਨਹੀਂ ਆਏ ਭਾਈ।
ਲੱਗਾ ਦੇਣ ਨਹੀਂਮੋਦੀ ਇਹ ਤਦੋਂ ਤੀਕਰ,
ਚਾਰ ਕੁ ਗੇੜੇ ਨਾ ਜਦੋਂ ਤੱਕ ਲਾਏ ਭਾਈ।

**ਤੀਸ ਮਾਰ ਖਾਂ**

# ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਗਏ ਭਗਵੰਤ ਮਾਨ ਨੇ ਸਾਲਾਨਾ 50 ਹਜ਼ਾਰ ਕਰੋੜ ਦੀ ਮੰਗ ਰੱਖੀ

ਨਵੀਂ ਦਿੱਲੀ, 24 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਗਏ ਤਾਂਉਨ੍ਹਾਂ ਨੇ ਪ੍ਰਧਾਨ ਮੰਤਰੀ ਅੱਗੇ ਪੰਜਾਬ ਦੀ ਹਾਲਤ ਵੀ ਰੱਖੀ ਅਤੇ ਇਹੋ ਜਿਹੇ ਹਾਲਾਤ ਵਿੱਚ ਪੰਜਾਬ ਸਰਕਾਰ ਦਾ ਕੰਮ ਚਲਾਉਣ ਲਈ ਮਾਇਆ ਦੀ ਮੰਗ ਵੀ ਪੇਸ਼ ਕਰ ਦਿੱਤੀ।



ਵਰਨਣ ਯੋਗ ਹੈ ਕਿ ਕਿਸੇ ਵੀ ਮੁੱਖ ਮੰਤਰੀ ਵੱਲੋਂ ਅਹੁਦਾ ਸੰਭਾਲਣ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਮਿਲਣ ਜਾਣਾ ਇੱਕ ਰਸਮ ਸਮਝੀ ਜਾਂਦੀ ਹੈ। ਭਗਵੰਤ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਬੀਤੇ ਹਫ਼ਤੇ 16 ਮਾਰਚ ਨੂੰ ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਵਿੱਚ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਖੇ ਅਹੁਦੇ ਤੇ ਭੇਦ ਗੁਪਤ ਰੱਖਣ ਦੀ ਸਹੁੰ ਚੁੱਕੀ ਸੀ। ਉਸ ਦੇ ਬਾਅਦ ਮੁੱਢਲੇ ਜ਼ਰੂਰੀ ਕਾਰਜ ਨਿਪਟਾਉਣ ਅਤੇ ਮੰਤਰੀਆਂ ਦੇ ਸਹੁੰ ਚੁੱਕਣ ਦੇ ਨਾਲ ਵਿਭਾਗਾਂ ਦੀ ਵੰਡ ਕਰ ਚੁੱਕਣ ਦੇ ਬਾਅਦ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਤੋਂ ਮਿਲਣ ਦਾ ਸਮਾਂ ਮੰਗਿਆ ਸੀ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਅੱਜ ਵੀਰਵਾਰ ਨੂੰ ਦਿੱਲੀ ਵਿੱਚ ਮਿਲਣ ਦਾ ਵਕਤ ਦਿੱਤਾ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨ ਪਿੱਛੋਂਮੁੱਖ ਮੰਤਰੀ ਭਗਵੰਤ ਮਾਨ ਨੇ ਮੀਡੀਆ ਨਾਲ ਗੱਲ ਕਰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨੂੰ ਚੋਣਾਂ ਜਿੱਤਣ ਤੇ ਪੰਜਾਬ ਦਾ ਮੁੱਖ ਮੰਤਰੀ ਬਣਨ ਦੀ ਵਧਾਈ ਦਿੱਤੀ ਹੈ। ਮਾਨ ਨੇ ਦੱਸਿਆ ਕਿ ਉਨ੍ਹਾ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਭਾਰਤ ਦੀ ਆਜ਼ਾਦੀ ਅਤੇ ਸੁਰਖਿਆ ਲਈ ਪੰਜਾਬ ਹਮੇਸ਼ਾ ਛਾਤੀ ਤਾਣ ਕੇ ਖੜੋਤਾ ਹੈ ਤੇ ਕੌਮੀ ਸੁਰੱਖਿਆ ਲਈ ਮੈਨੂੰ ਤੁਹਾਡਾ ਸਹਿਯੋਗ ਚਾਹੀਦਾ ਹੈ।ਉਨ੍ਹਾਂ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਪੰਜਾਬ ਦਾ ਮਾਹੌਲ ਵਿਗਾੜਨ ਲਈ ਕਈ ਵਾਰ ਕੋਸ਼ਿਸ਼ਾਂ ਹੋਈਆਂ ਹਨ, ਪਰ ਪੰਜਾਬ ਵਿੱਚ ਭਾਈਚਾਰਕ ਸਾਂਝ ਬਹੁਤ ਮਜ਼ਬੂਤ ਹੈ, ਲੋਕ ਅਮਨ ਸ਼ਾਂਤੀ ਚਾਹੁੰਦੇ ਹਨ ਤੇ ਇਹਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਹੀਲੇ ਕਾਇਮ ਰੱਖੇਗੀ। ਇਸ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਗਵੰਤ ਮਾਨ ਨੂੰਕਿਹਾ ਕਿ ਤੁਸੀਂ ਦੇਸ ਦੇ ਹਿੱਤ ਲਈ ਜਿਹੜੀ ਵੀ ਤਜਵੀਜ਼ ਲਿਆਉਗੇ, ਅਸੀਂ ਉਸਦੇ ਲਈ ਤੁਹਾਡਾ ਹਰ ਸੰਭਵ ਸਹਿਯੋਗ ਕਰਾਂਗੇ।

ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਪੰਜਾਬ ਦੀ ਵਿੱਤੀ ਹਾਲਤ ਖਰਾਬ ਹੈ, ਤਿੰਨ ਲੱਖ ਕਰੋੜ ਰੁਪਏ ਤੋਂ ਵੱਧ ਕਰਜ਼ਾ ਹੈ ਤੇ ਅਸੀਂ ਸਰਕਾਰ ਬਣਨ ਪਿੱਛੋਂ ਮਿਹਨਤ ਕਰ ਰਹੇ ਹਾਂ।ਉਨ੍ਹਾ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਹ ਚਾਹੁੰਦੇ ਹਨ ਕਿ ਖਜ਼ਾਨੇ ਨੂੰ ਲੁੱਟਣ ਵਾਲੇ ਮਾਫੀਆ ਨੂੰ ਖਤਮ ਕਰਕੇ ਖਜ਼ਾਨਾ ਫਿਰ ਭਰਿਆ ਜਾਵੇ। ਉਨ੍ਹਾਂ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਕਿਘੱਟੋ ਘੱਟ ਦੋ ਸਾਲ ਲਈ ਪੰਜਾਬ ਨੂੰ 50 ਹਜ਼ਾਰ ਕਰੋੜ ਰੁਪਏ ਸਾਲਾਨਾ ਪੈਕੇਜ ਦਿੱਤਾ ਜਾਵੇ, ਇਸ ਦੌਰਾਨ ਵਿੱਤੀ ਹਾਲਤ ਲੀਹ ਉੱਤੇ ਲੈ ਆਵਾਂਗੇ।ਉਨ੍ਹਾ ਕਿਹਾ ਕਿ ਮੈਨੂੰ ਆਸ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੇਂਦਰੀ ਵਿੱਤ ਮੰਤਰੀ ਨਾਲ ਗੱਲ ਕਰਕੇ ਸਾਡੀ ਮੰਗ ਪੂਰੀ ਕਰਨਗੇ।

## ਚੋਣਾਂ ਦੌਰਾਨ ਭਗਵੰਤ ਮਾਨ ਦੀ ਗੱਡੀ ਘੇਰਨ ਵਾਲਾ ਸੁਖਬੀਰ ਬਾਦਲ ਦਾ ਨਜ਼ਦੀਕੀ ਚੰਡੀਗੜ੍ਹ ਤੋਂ ਕਾਬੂ

ਸੰਗਰੂਰ, 24 ਮਾਰਚ (ਪੋਸਟ ਬਿਊਰੋ)- ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਅਤੇ ਪਾਰਟੀ ਦੇ ਸੰਗਠਨ ਸਕੱਤਰ ਐਨ ਆਰ ਆਈ ਕਰਣ ਘੁਮਾਣ ਨੂੰ ਪੁਲਸ ਨੇ ਕੱਲ੍ਹ ਚੰਡੀਗੜ੍ਹ ਤੋਂ ਗ੍ਰਿਫਤਾਰ ਕੀਤਾ ਹੈ।

ਕਰਣ ਘੁਮਾਣ ਦੇਸ਼ ਅਤੇ ਵਿਦੇਸ਼ਾਂ ਵਿੱਚ ਕਬੱਡੀ ਪ੍ਰਮੋਟਰ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਸ ਕੇਸ ਵਿੱਚ ਨਾਮਜ਼ਦ ਸੱਤ ਦੋਸ਼ੀਆਂ ਨੂੰ ਪਹਿਲਾਂ ਪੁਲਸ ਗ੍ਰਿਫਤਾਰ ਕਰ ਚੁੱਕੀ ਹੈ, ਪਰ 15 ਤੋਂ 20 ਜਣਿਆਂ ਦੀ ਪਛਾਣ ਨਹੀਂ ਕੀਤੀ ਜਾ ਸਕੀ ਸੀ। 17 ਫਰਵਰੀ ਦੀ ਸ਼ਾਮ ਭਗਵੰਤ ਮਾਨ ਦਿੜ੍ਹਬਾ ਵਿੱਚ ਪਾਰਟੀ ਉਮੀਦਵਾਰ ਹਰਪਾਲ ਚੀਮਾ ਦੇ ਹੱਕ ਵਿੱਚ ਰੈਲੀ ਨੂੰ ਸੰਬੋਧਨ ਕਰਨ ਜਾ ਰਹੇ ਸਨ ਤਾਂ ਉਨ੍ਹਾਂ ਦੀ ਗੱਡੀ ਦਾ ਦਿੜ੍ਹਬਾ ਫਲਾਈਓਵਰ ਤੋਂ ਪਹਿਲਾਂ ਮੇਨ ਰੋਡ ਉੱਤੇ ਕੁਝ ਲੋਕਾਂ ਨੇ ਘਿਰਾਓ ਕਰ ਲਿਆ ਸੀ। ਇਹ ਪ੍ਰਦਰਸ਼ਨਕਾਰੀ ਪ੍ਰੋਫੈਸਰ ਦਵਿੰਦਰ ਪਾਲ ਭੁੱਲਰ ਸਮੇਤ ਜੇਲ੍ਹਾਂ ਵਿਚਲੇ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕਰ ਰਹੇ ਸਨ। ਦੋਸ਼ ਇਹ ਹੈ ਕਿ ਦਿੱਲੀ ਦੀ ਆਪ ਸਰਕਾਰ ਰਿਹਾਈ ਵਿੱਚ ਰੁਕਾਵਟ ਪਾ ਰਹੀ ਹੈ।

ਐਸ ਐਸ ਪੀ ਨੇ ਕਿਹਾ ਕਿ ਜਾਂਚ ਵਿੱਚ ਪਤਾ ਲੱਗਾ ਕਿ ਕਰਣ ਘੁਮਾਣ ਘਟਨਾ ਦਾ ਮਾਸਟਰ ਮਾਈਂਡ ਹੈ। ਉਸ ਨੂੰ ਸਤੰਬਰ 2018 ਵਿੱਚ ਕੈਨੇਡਾ ਦੀ ਪੁਲਸ ਨੇ ਨਸ਼ਾ ਤਸਕਰੀ ਦੇ ਦੋਸ਼ ਵਿੱਚ ਵੀ ਫੜਿਆ ਸੀ। ਓਦੋਂ ਮਾਨ ਵੱਲੋਂ ਸੁਖਬੀਰ ਸਿੰਘ ਬਾਦਲ ਤੋਂ ਸਪੱਸ਼ਟੀਕਰਨ ਮੰਗਿਆ ਸੀ ਕਿ ਪਾਰਟੀ ਕਰਣ ਘੁਮਾਣ ਨਾਲ ਆਪਣੇ ਸੰਬੰਧਾਂ ਦਾ ਖੁਲਾਸਾ ਕਰੇ।

# ਅਮਰੀਕਾ ਵਿੱਚ ਬਿਨਾਂ ਆਗਿਆ ਪਾਵਨ ਸਰੂਪ ਛਾਪਣ ਨੂੰ ਜੱਥੇਦਾਰ ਨੇ ਸਾਜ਼ਿਸ਼ ਦੱਸਿਆ

ਅੰਮ੍ਰਿਤਸਰ, 24 ਮਾਰਚ, (ਪੋਸਟ ਬਿਊਰੋ)- ਅਮਰੀਕਾ ਵਿੱਚ ਸਿੱਖ ਬੁੱਕ ਕਲੱਬਪਬਲਿਸ਼ਰ ਦੇ ਮਾਲਕ ਥਮਿੰਦਰ ਸਿੰਘ ਅਨੰਦ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਛਾਪੇ ਜਾਣਦਾ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਜਾਜ਼ਤ ਬਿਨਾਂ ਪਾਵਨ ਸਰੂਪ ਛਾਪਣ, ਗੁਰਬਾਣੀ ਨਾਲ ਛੇੜਛਾੜ ਕਰਨ ਜਾਂ ਲਗਾਂ-ਮਾਤਰਾਂ ਲਾਉਣ ਦਾ ਕੋਈ ਅਧਿਕਾਰ ਨਹੀਂ।



ਇਸ ਬਾਰੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਥਮਿੰਦਰ ਸਿੰਘ ਨੇ ਇਹ ਕਾਰਾ ਇਕ ਸੋਚੀ-ਸਮਝੀ ਸਾਜ਼ਸ਼ਿ ਤਹਿਤ ਕੀਤਾ ਹੈ।ਉਨ੍ਹਾਂ ਕਿਹਾ ਕਿ ਕੁਝ ਸਾਲ ਪਹਿਲਾਂ ਥਮਿੰਦਰ ਸਿੰਘ ਨੇ ਚੀਨ ਤੋਂ ਪਾਵਨ ਸਰੂਪ ਛਪਵਾ ਕੇ ਅਮਰੀਕਾ ਵਿੱਚ ਭੇਜਣ ਦਾ ਯਤਨ ਕੀਤਾ ਸੀ, ਜਿਸ ਦੀ ਸੂਹ ਮਿਲਣ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਉੱਪਰ ਧਾਰਾ 295-ਏ ਅਧੀਨ ਮਿਤੀ 28 ਨਵੰਬਰ 2014 ਨੂੰ ਅੰਮ੍ਰਿਤਸਰ ਵਿੱਚ ਥਾਣਾ ਈ-ਡਵੀਜ਼ਨ ਵਿਖੇ ਕੇਸ ਦਰਜ ਕਰਾਇਆ ਸੀ।ਥਮਿੰਦਰ ਸਿੰਘ ਨੇ ਇਸ ਵਿਰੁੱਧਪੰਜਾਬ ਹਰਿਆਣਾ ਹਾਈਕੋਰਟ ਵਿਖੇ ਰਿੱਟ ਪਾਈ ਸੀ, ਜਿਸ ਦੀ ਪੈਰਵੀ ਸ਼੍ਰੋਮਣੀ ਕਮੇਟੀ ਕਰ ਰਹੀ ਹੈ ਅਤੇ ਇਸ 28 ਮਾਰਚ ਨੂੰ ਇਹ ਕੇਸ ਬਹਿਸ ਉੱਤੇਲੱਗਾ ਹੋਇਆ ਹੈ।ਇਸ ਦੀ ਸੁਣਵਾਈ ਤੋਂ ਪਹਿਲਾਂ ਇਸੇ ਥਮਿੰਦਰ ਸਿੰਘ ਨੇ ਦੁਬਾਰਾ ਗੁਰਬਾਣੀ ਨਾਲ ਛੇੜ-ਛਾੜ ਕਰਕੇ ਅਤੇ ਬਿੰਦੀਆਂ ਲਾ ਕੇ ਗੁਰੂ ਸਰੂਪ ਦਾ ਨਿਰਾਦਰ ਕੀਤਾ ਹੈ।

ਐਕਟਿੰਗ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮੁੱਦੇ ਬਾਰੇਸਭ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਪਰਦਾਵਾਂ, ਜਥੇਬੰਦੀਆਂ ਤੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਪਬਲਿਸ਼ਰ ਦੇ ਖਿਲਾਫ ਵੱਡੇ ਪੱਧਰ ਉੱਤੇ ਮੁਹਿੰਮ ਆਰੰਭੀ ਜਾਵੇ ਤਾਂ ਜੋ ਇਸ ਦੀਆਂ ਘਿਨਾਉਣੀਆਂ ਕਾਰਵਾਈਆਂ ਰੋਕੀਆਂ ਜਾਣ।ਉਨ੍ਹਾ ਨੇ ਇਸ ਕੇਸਬਾਰੇ ਸਿੱਖ ਵਿਦਵਾਨਾਂ ਦੀ ਕਮੇਟੀ ਬਣਾਈ ਹੈ, ਜੋ ਇੱਕ ਹਫ਼ਤੇ ਵਿੱਚ ਇਸ ਦੀ ਰਿਪੋਰਟ ਅਕਾਲ ਤਖ਼ਤ ਨੂੰ ਭੇਜੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਅਮਰੀਕਾ ਦੇ ਓਅੰਕਾਰ ਸਿੰਘ ਨਾਂ ਦੇ ਵਿਅਕਤੀ ਵੱਲੋਂ ਲਿੱਪੀ-ਅੰਤਰਣ ਨਾਲ ਗੁਰਬਾਣੀ ਨਾਲ ਛੇੜਛਾੜ ਦਾ ਕੰਮ ਕਰਨ ਦਾ ਪਤਾ ਲੱਗਾ ਸੀ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਰੋਕ ਲਾਈ ਸੀ, ਪਰ ਬਾਅਦ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਓਅੰਕਾਰ ਸਿੰਘ ਨੇ ਆਪਣਾ ਕੰਮ ਹਾਲੇ ਵੀ ਬੰਦ ਨਹੀਂ ਕੀਤਾ।

# ਭ੍ਰਿਸ਼ਟਾਚਾਰ ਦੇ ਵਿਰੋਧ ਦਾ ਵਿਰੋਧ: ਸਰਕਾਰੀ ਦਫ਼ਤਰਾਂ ਵਿੱਚ ਤਾਂ ਆਮ ਲੋਕ ਮੋਬਾਈਲ ਫੋਨ ਹੀ ਨਹੀਂ ਲਿਜਾ ਸਕਦੇ

ਚੰਡੀਗੜ੍ਹ, 24 ਮਾਰਚ, (ਪੋਸਟ ਬਿਊਰੋ)- ਪਿਛਲੇ ਦਿਨੀਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਰਾਜ ਵਿੱਚ ਭ੍ਰਿਸ਼ਟਾਚਾਰ ਰੋਕਣ ਲਈ ਇੱਕ ਵ੍ਹੱਟਸਐਪ ਨੰਬਰ ਜਾਰੀ ਕੀਤਾ ਅਤੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਜੇ ਕੋਈ ਮੁਲਾਜ਼ਮ ਉਨ੍ਹਾਂ ਤੋਂ ਰਿਸ਼ਵਤ ਮੰਗੇ ਤਾਂ ਉਹ ਉਸ ਦੀ ਵੀਡੀਓ ਜਾਂ ਆਡੀਓ ਬਣਾ ਕੇ ਜਾਰੀ ਕੀਤੇ ਗਏ ਨੰਬਰ ਉੱਤੇ ਭੇਜਣ, ਜਿਸ ਮਗਰੋਂ ਦੋਸ਼ੀ ਉੱਤੇ ਕਾਰਵਾਈ ਕੀਤੀ ਜਾਵੇਗੀ।

ਨਵੀਂ ਸਥਿਤੀ ਇਹ ਹੈ ਕਿ ਪੰਜਾਬ ਦੇ ਲੋਕ ਰਿਸ਼ਵਤ ਲੈਣ ਵਾਲੇ ਦੀ ਆਡੀਓ ਜਾਂ ਵੀਡੀਓ ਰਿਕਾਰਡਿੰਗ ਕਰਨ ਦੇ ਲਈ ਮੋਬਾਈਲ ਦੀ ਵਰਤੋਂ ਨਹੀਂ ਕਰ ਸਕਦੇ। ਇਸ ਦਾ ਕਾਰਨ ਇਹ ਹੈ ਕਿ ਬਹੁਤੇ ਸਰਕਾਰੀ ਦਫ਼ਤਰਾਂ ਵਿੱਚ ਮੋਬਾਈਲ ਫੋਨ ਲੈ ਕੇ ਜਾਣ ਦੀ ਇਜਾਜ਼ਤ ਨਹੀਂ। ਇਸ ਬਾਰੇ ਦਫ਼ਤਰਾਂ ਦੇ ਬਾਹਰ ਨੋਟਿਸ ਵੀ ਲੱਗੇ ਹਨ ਅਤੇ ਖਾਸ ਕਰਕੇ ਪੁਲਿਸ ਅਤੇ ਵੱਡੇ ਪ੍ਰਸ਼ਾਸਨਿਕ ਅਫਸਰ ਮੋਬਾਈਲ ਫੋਨ ਅੰਦਰ ਨਹੀਂ ਲਿਆਉਣ ਦਿੰਦੇ। ਆਮ ਲੋਕਾਂ ਕੋਲੋਂ ਉਨ੍ਹਾਂ ਦਾ ਮੋਬਾਈਲ ਫੋਨ ਬਾਹਰ ਹੀ ਰੱਖਵਾ ਲਿਆ ਜਾਂਦਾ ਹੈ ਅਤੇ ਜੇ ਕੋਈ ਨਾਲ ਲਿਜਾਣਾ ਚਾਹੇ ਤਾਂ ਬੰਦ ਕਰਨਾ ਪੈਂਦਾ ਹੈ।

ਇਸ ਬਾਰੇ ਭਦੌੜ ਵਿਧਾਨ ਸਭਾ ਸੀਟ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾਉਣ ਵਾਲੇ ਆਮ ਆਦਮੀ ਪਾਰਟੀ ਦੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਕਿਹਾ ਕਿ ਇਹ ਚਿੰਤਾ ਦਾ ਵਿਸ਼ਾ ਹੈ, ਲੋਕਾਂ ਅਤੇ ਸਰਕਾਰ ਵਿਚਾਲੇ ਭਰੋਸਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਜਲਦੀ ਹੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣਗੇ ਤੇ ਮੋਬਾਈਲ ਉੱਤੇ ਲੱਗੀ ਪਾਬੰਦੀ ਹਟਵਾਈ ਜਾਵੇਗੀ ਤਾਂ ਕਿ ਲੋਕ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਕਰ ਸਕਣ।

### * ਸਰਕਾਰੀ ਹਸਪਤਾਲ ਦੀ ਮਹਿਲਾ ਡਾਕਟਰ ਨੇ ਨੌਕਰੀ ਛੱਡੀ






ਦੂਸਰੇ ਪਾਸੇ ਅੱਜ ਖਬਰ ਆਈ ਹੈ ਕਿ ਗੁਰਦਾਸਪੁਰ ਜ਼ਿਲੇ ਵਿੱਚ ਫ਼ਤਿਹਗੜ੍ਹ ਚੂੜੀਆਂ ਸਰਕਾਰੀ ਹਸਪਤਾਲ ਵਿਖੇ ਲੰਮੇ ਸਮੇਂ ਤੋਂ ਤਾਇਨਾਤ ਗਾਇਨੋਕੋਲਾਜਿਸਟ ਡਾ. ਪ੍ਰਗਿਆ ਖਨੂਜਾ ਨੇ ਘਰੇਲੂ ਅਤੇ ਨਿੱਜੀ ਕਾਰਨ ਦੱਸ ਕੇ ਅਸਤੀਫਾ ਦੇ ਦਿੱਤਾ ਹੈ ਤੇ ਹਸਪਤਾਲ ਵਿੱਚ ਆਈਆਂ ਗਰਭਵਤੀ ਤੇ ਹੋਰ ਔਰਤਾਂ ਨੂੰ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਉਸ ਮਹਿਲਾ ਡਾਕਟਰ ਦਾ ਕਹਿਣਾ ਹੈ ਕਿ ਉਸ ਨੂੰ ਸਰਕਾਰ ਤੋਂ ਕੋਈ ਗਿਲਾ ਨਹੀਂ, ਪਰ ਜੋ ਸਰਕਾਰੀ ਹੁਕਮ ਆ ਰਹੇ ਹਨ, ਉਨ੍ਹਾਂ ਨਾਲ ਉਹ ਪੂਰੀ ਤਰ੍ਹਾਂ ਸਹਿਮਤ ਨਹੀਂ ਤੇ ਉਨ੍ਹਾਂ ਆਦੇਸ਼ਾਂ ਨੂੰ ਪੂਰਾ ਕਰਨ ਵਿੱਚ ਉਸ ਵੱਲੋਂ ਕੁਤਾਹੀ ਨਾ ਹੋਵੇ, ਇਸ ਕਾਰਨ ਹੀ ਉਸ ਨੇ ਨੌਕਰੀ ਤੋਂ ਅਸਤੀਫਾ ਦਿੱਤਾ ਹੈ। ਸਰਕਾਰੀ ਨੌਕਰੀ ਤੋਂ ਆਪਣੇ ਅਸਤੀਫੇ ਮਗਰੋਂ ਡਾ. ਪ੍ਰਗਿਆ ਨੇ ਸਰਕਾਰੀ ਹਸਪਤਾਲ ਨੇੜੇ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ ਦਿੱਤੀ ਹੈ।

ਇਸ ਬਾਰੇ ਸੀਨੀਅਰ ਮੈਡੀਕਲ ਅਫਸਰ ਡਾ. ਲਖਵਿੰਦਰ ਸਿੰਘ ਨੇ ਦੱਸਿਆ ਕਿ ਡਾ. ਪ੍ਰਗਿਆ ਨੇ ਅਸਤੀਫੇ ਵਿੱਚ ਨਿੱਜੀ ਤੇ ਘਰੇਲੂ ਕਾਰਨ ਦੱਸੇ ਹਨ, ਜਿਸ ਦੀ ਜਾਣਕਾਰੀ ਉਨ੍ਹਾਂ ਸਿਵਲ ਸਰਜਨ ਗੁਰਦਾਸਪੁਰ ਨੂੰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਡਾ. ਪ੍ਰਗਿਆ ਦੇ ਅਸਤੀਫੇ ਮਗਰੋਂ ਹਸਪਤਾਲ ਵਿੱਚ ਮਹਿਲਾ ਡਾਕਟਰਾਂ ਵੱਲੋਂ ਔਰਤਾਂ ਦਾ ਚੈੱਕਅਪ ਕੀਤਾ ਜਾ ਰਿਹਾ ਹੈ ਅਤੇ ਹਸਤਪਾਲ ਵਿੱਚ ਵੱਖ-ਵੱਖ ਬਿਮਾਰੀਆਂ ਦੇ ਡਾਕਟਰਾਂ ਦੀ ਘਾਟ ਬਾਰੇ ਵਿਭਾਗ ਨੂੰ ਲਿਖਿਆ ਗਿਆ ਹੈ।

## ਜ਼ਮੀਨ ਦੇ ਕਬਜ਼ੇ ਬਾਰੇ ਕਿਸਾਨਾਂ ਤੇ ਪ੍ਰਸ਼ਾਸਨ ਵਿਚਕਾਰ ਤਣਾਅ

ਗੁਰਦਾਸਪੁਰ, 24 ਮਾਰਚ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਕਾਹਨੂੰਵਾਨ, ਦੀਨਾਨਗਰ ਤੇ ਜ਼ਿਲ੍ਹਾ ਗੁਰਦਾਸਪੁਰ ਦੇ ਕੁਝ ਪਿੰਡਾਂ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੁਝ ਪਿੰਡਾਂ ਨਾਲ ਲੱਗਦੇ ਦਰਿਆ ਬਿਆਸ ਕੋਲ ਜੰਗਲਾਤ ਵਿਭਾਗ ਦੀ ਜ਼ਮੀਨ ਦੇ ਕਬਜ਼ੇ ਤੋਂ ਜ਼ਿਲ੍ਹਾ ਗੁਰਦਾਸਪੁਰ ਦੇ ਕਿਸਾਨਾਂ ਅਤੇ ਹੁਸ਼ਿਆਰਪੁਰ ਦੇ ਪ੍ਰਸ਼ਾਸਨ ਵਿੱਚ ਤਣਾਅ ਬਣ ਗਿਆ ਹੈ। ਪਿੰਡ ਜਗਤਪੁਰ ਥਾਣਾ ਪੁਰਾਣਾਸ਼ਾਲਾ ਨੇੜੇ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਕਿਸਾਨ ਤੇ ਉਨ੍ਹਾਂ ਦੇ ਪਰਵਾਰ ਇਕੱਠੇ ਹੋ ਗਏ। ਇਨ੍ਹਾਂ ਕਿਸਾਨਾਂ ਵੱਲੋਂ ਆਪਣੇ ਟਰੈਕਟਰਾਂ ਨਾਲ ਕੁਝ ਖੇਤ ਵਾਹੇ ਜਾ ਰਹੇ ਸਨ ਤਾਂ ਇਸ ਦੌਰਾਨ ਥਾਣਾ ਮੁਕੇਰੀਆਂ ਦੀ ਪੁਲਸ ਵੀ ਉਥੇ ਆ ਗਈ। ਜੰਗਲ ਦੇ ਵੱਡੇ ਰਕਬੇ ਵਿੱਚ ਅੱਗ ਵੀ ਲੱਗੀ ਹੋਈ ਸੀ। ਪੁਲਸ ਨੇ ਕੁਝ ਟਰੈਕਟਰ ਚਾਲਕਾਂ ਨੂੰ ਭਜਾਉਣ ਦੀ ਵੀ ਕੋਸ਼ਿਸ਼ ਕੀਤੀ। ਇਸ ਮੌਕੇ ਉਕਤ ਕਿਸਾਨਾਂ ਨੇ ਦੱਸਿਆ ਕਿ ਦਰਿਆ ਬਿਆਸ ਨਾਲਦੇ ਪਿੰਡ ਮਹਿਤਾ-ਬਰਪੁਰ ਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਜਗਤਪੁਰ ਤੇ ਹੋਰ ਨੇੜਲੇ ਛੇ ਪਿੰਡਾਂ ਦੇ ਕਿਸਾਨਾਂ ਦਾ ਦੇਸ਼ ਦੀ ਵੰਡ ਤੋਂ ਜ਼ਮੀਨ ਉੱਤੇ ਕਬਜ਼ਾ ਸੀ। ਪੀੜਤ ਕਿਸਾਨ ਨਿਰਮਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਦੱਸਿਆ ਕਿ ਇਸ ਜ਼ਮੀਨ ਉੱਤੇ ਲੱਗਭਗ 30 ਤੋਂ ਵੱਧ ਪਰਵਾਰਾਂ ਦਾ ਕਬਜ਼ਾ ਹੈ। ਇਨ੍ਹਾਂ ਤੋਂ 2 ਤੋਂ 5 ਏਕੜ ਤਕ ਜ਼ਮੀਨ ਸਰਕਾਰ ਨੇ ਖੋਹ ਲਈ ਸੀ। ਇਸ ਕਰਕੇ ਇਹ ਪਰਵਾਰ ਭੁੱਖੇ ਮਰਨ ਦੀ ਨੌਬਤ ਤਕ ਜਾ ਪਹੁੰਚੇ ਹਨ। ਦੂਜੇ ਪਾਸੇ ਪੁਲਸ ਅਧਿਕਾਰੀ ਨੇ ਦਸਿਆ ਕਿ ਸਾਲ 2018 ਤੋਂ ਲੱਗਭਗ 200 ਏਕੜ ਰਕਬੇ ਤੋਂ ਵੱਧ ਜ਼ਮੀਨ ਉੱਤੇ ਜੰਗਲਾਤ ਵਿਭਾਗ ਨੇ ਰੁੱਖ ਲਾਏ ਹੋਏ ਹਨ ਪਰ ਕੁਝ ਲੋਕਾਂ ਵੱਲੋਂ ਇਨ੍ਹਾਂ ਰੁੱਖਾਂ ਨੂੰ ਉਜਾੜ ਕੇ ਇਸ ਜ਼ਮੀਨ ਉੱਤੇ ਕਬਜ਼ਾ ਕੀਤਾ ਗਿਆ ਹੈ। ਇਸ ਦੌਰਾਨ ਵੱਡੀ ਗਿਣਤੀ ਵਿੱਚ ਰੁੱਖਾਂ ਨੂੰ ਅੱਗ ਦੇ ਹਵਾਲੇ ਵੀ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵੀ ਲੋਕਾਂ ਨੇ ਕਾਨੂੰਨ ਹੱਥ ਵਿੱਚ ਲਿਆ ਹੈ, ਉਨ੍ਹਾਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

## ਪਾਕਿ ਵਿੱਚ ਸਿੱਖ ਭਾਈਚਾਰਾ ਧਾਰਮਿਕ ਚਿੰਨ੍ਹ ਗਾਤਰੇ ਕਾਰਨ ਦੁਬਿਧਾ ਵਿੱਚ

ਪੇਸ਼ਾਵਰ, 24 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਦੇ ਖੈਬਰ ਪਖਤੂਨਖਵਾ ਰਾਜ ਦੀ ਹਾਈਕੋਰਟ ਨੇ ਪਿਛਲੇ ਸਾਲ 22 ਦਸੰਬਰ ਨੂੰ ਸਿੱਖ ਭਾਈਚਾਰੇ ਦੀ ਕ੍ਰਿਪਾਨ (ਗਾਤਰਾ) ਪਹਿਨ ਕੇ ਅਦਾਲਤ ਅਤੇ ਹੋਰ ਸਰਕਾਰੀ ਇਮਾਰਤਾਂਵਿੱਚ ਜਾਣ ਦੀ ਖੁੱਲ੍ਹ ਦੇਣ ਦੀ ਪਟੀਸ਼ਨ ਰੱਦ ਕਰ ਕੇ ਹੁਕਮ ਦਿੱਤਾ ਸੀ ਕਿ ਸਰਕਾਰ ਦੀ ਸਾਲ 2012 ਦੀ ਅਸਲਾ ਨੀਤੀ ਅਨੁਸਾਰ ਸਿੱਖ ਲਾਇਸੈਂਸ ਲੈ ਕੇ ਹੀ ਅਦਾਲਤੀ ਕੰਪਲੈਕਸ ਜਾਂ ਸਰਕਾਰੀ ਦਫਤਰਾਂਵਿੱਚ ਕ੍ਰਿਪਾਨ ਪਹਿਨ ਸਕਦੇ ਹਨ। ਵਰਨਣ ਯੋਗ ਹੈ ਕਿ 3 ਇੰਚ ਤੋਂ 12 ਇੰਚ ਤੱਕ ਦੀ ਕ੍ਰਿਪਾਨ ਨੂੰ ਸਿੱਖਾਂ ਦਾ ਧਾਰਮਿਕ ਚਿੰਨ੍ਹ ਮੰਨਿਆ ਜਾਂਦਾ ਹੈ ਤੇ ਇਸ ਬਾਰੇਸਿੱਖ ਭਾਈਚਾਰੇ ਨੇ ਸਾਲ 2020ਵਿੱਚ ਪੇਸ਼ਾਵਰ ਹਾਈਕੋਰਟਵਿੱਚ ਪਟੀਸ਼ਨ ਦਾਇਰ ਕਰਕੇ ਕ੍ਰਿਪਾਨ ਸਮੇਤ ਸਰਕਾਰੀ ਦਫ਼ਤਰਾਂਵਿੱਚ ਜਾਣ ਦੀ ਇਜਾਜ਼ਤ ਮੰਗੀ ਸੀ, ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ ਸੀ। ਭਾਰਤ ਸਣੇਬਹੁਤੇ ਦੇਸ਼ਾਂਵਿੱਚਸਿੱਖਾਂ ਨੂੰ ਹਰ ਸਮੇਂ ਇਹ ਛੋਟੀ ਕ੍ਰਿਪਾਨ ਪਹਿਨਣ ਦੀ ਇਜਾਜ਼ਤ ਹੈ। ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਦੋਸ਼ ਲਾਇਆ ਹੈ ਕਿ ਸਰਕਾਰ ਨਾ ਸਾਨੂੰ ਅਦਾਲਤਾਂ ਆਦਿਵਿੱਚ ਕ੍ਰਿਪਾਨ ਪਹਿਨਣ ਦੀ ਇਜਾਜ਼ਤ ਦਿੰਦੀ ਹੈ ਤੇ ਨਾ ਲਾਇਸੈਂਸ ਜਾਰੀ ਕਰਦੀ ਹੈ, ਜਿਸ ਕਾਰਨ ਸਾਨੂੰ ਅਦਾਲਤਜਾਣ ਤੋਂ ਪਹਿਲਾਂ ਕ੍ਰਿਪਾਨ ਉਤਾਰਨੀ ਪੈਂਦੀ ਹੈ।



# ਪੰਜਾਬ ਵਿੱਚ ਮਿੱਟੀ ਦੀ ਜਾਂਚ ਦੇ ਲੋੜੀਂਦੇ ਇੰਤਜ਼ਾਮ ਹੀ ਨਹੀਂ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਭਾਰਤ ਵਿੱਚ ਵਧਦੀ ਆਬਾਦੀ ਦਾ ਪੇਟ ਭਰਨ ਅਤੇ ਇੰਪੋਰਟ ਨਿਰਭਰਤਾ ਘਟਾਉਣ ਲਈ ਸੀਮਤ ਖੇਤਰਾਂ ਦੀ ਹਰੀ ਕ੍ਰਾਂਤੀ ਨੇ ਇਸ ਦੀ ਮਿੱਟੀ ਕਾਸੇ ਜੋਗੀ ਨਹੀਂ ਛੱਡੀ। ਖਾਦ ਅਤੇ ਕੀਟਨਾਸ਼ਕਾਂ ਦੀ ਲਗਾਤਾਰ ਵਰਤੋਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਖਤਮ ਹੋ ਚੁੱਕੀ ਹੈ। ਮਿੱਟੀ ਨੂੰ ਉਪਜਾਊ ਬਣਾਉਣ ਲਈ ਜਿਨ੍ਹਾਂ ਰਾਜਾਂ ਨੂੰ ਸਭ ਤੋਂ ਵੱਧ ਲੋੜ ਹੈ, ਓਹੀ ਸੂਬੇ ਜਾਂਚ ਕੇਂਦਰ ਖੋਲ੍ਹਣ ਵਿੱਚ ਬਹੁਤ ਪਿੱਛੇ ਹਨ।

ਪੰਜਾਬ, ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਆਪਣੀ ਮਿੱਟੀ ਦੀ ਕੀਮਤ ਨਹੀਂ ਸਮਝਦੇ। ਅਜਿਹੇ ਵਿੱਚ ਸਵਾਲ ਹੈ ਕਿ ਬਿਨਾਂ ਜਾਂਚ ਅਤੇ ਇਲਾਜ ਦੇ ਮਿੱਟੀ ਦੀ ਪਰਖ ਕਿਵੇਂ ਸੁਧਰੇਗੀ? ਇਨ੍ਹਾਂ ਸਾਰੇ ਸੂਬਿਆਂ ਵਿੱਚ ਮਿੱਟੀ ਦੀ ਖਾਦ ਲਈ ਜ਼ਿੰਮੇਵਾਰ ਤੱਤਾਂ ਦੇ ਵਿਗਾੜ ਦੀ ਸਥਿਤੀ ਹੈ। ਇਸ ਨੂੰ ਦਰੁਸਤ ਕਰਨ ਲਈ ਕੇਂਦਰ ਸਰਕਾਰ ਦੀ ਪਹਿਲ ਉੱਤੇਬਹੁਤੇ ਰਾਜਾਂ ਨੇ ਅੱਗੇ ਵਧ ਕੇ ਸਾਇਲ ਹੈਲਥ (ਮਿੱਟੀ ਦੀ ਸਿਹਤ) ਦੇ ਲਈ ਕੰਮ ਕੀਤਾ ਹੈ। ਜਿਨ੍ਹਾਂ ਉਤਰੀ ਰਾਜਾਂ ਦੀ ਮਿੱਟੀ ਦੀ ਹਾਲਤ ਸਭ ਤੋਂ ਖਰਾਬ ਹੈ, ਉਨ੍ਹਾਂ ਵਿੱਚ ਗੰਭੀਰ ਲਾਪਰਵਾਹੀ ਵਰਤੀ ਜਾਂਦੀ ਹੈ। ਸਾਇਲ ਹੈਲਥ ਦੇ ਖੇਤੀ ਵਿਗਿਆਨੀਆਂ ਲਈ ਇਹ ਚਿੰਤਾ ਦਾ ਵਿਸ਼ਾ ਹੈ। ਸਾਲ 2014-15 ਵਿੱਚ ਕੇਂਦਰ ਸਰਕਾਰ ਨੇ ਦੇਸ਼ ਦੇ ਸਾਰੇ ਰਾਜਾਂ ਵਿੱਚ ਖੇਤਾਂ ਦੀ ਮਿੱਟੀ ਦੀ ਜਾਂਚ ਕਰਾਉਣ ਅਤੇ ਸਾਇਲ ਹੈਲਥ ਕਾਰਡ ਸੌਂਪਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਭਾਰਤ ਦੇ ਖੇਤੀਬਾੜੀ ਮੰਤਰਾਲੇ ਦੇ ਸਾਇਲ ਹੈਲਥ ਕਾਰਡ ਬਣਾਉਣ ਦੀ ਮੁਹਿੰਮ ਵਿੱਚ 13 ਕਰੋੜ ਤੋਂ ਵੱਧ ਕਿਸਾਨਾਂ ਦੇ ਖੇਤਾਂ ਦੀ ਮਿੱਟੀ ਪਰਖਣ ਦਾ ਦਾਅਵਾ ਕੀਤਾ ਗਿਆ, ਪਰ ਜਾਂਚ ਰਿਪੋਰਟ ਦੇ ਆਧਾਰ ਉੱਤੇ ਮਿੱਟੀ ਦਾ ਇਲਾਜ ਕਰਨ ਵਾਲੇ ਖੇਤੀ ਵਿਗਿਆਨੀਆਂ ਦੀ ਭਾਰੀ ਕਮੀ ਹੈ। ਕੇਂਦਰ ਸਰਕਾਰ ਦੀ ਇਸ ਪਹਿਲ ਦਾ ਕੁਝ ਰਾਜਾਂ ਨੇ ਲਾਭ ਉਠਾ ਕੇ ਵੱਧ ਤੋਂ ਵੱਧ ਮਿੱਟੀ ਦੀ ਪਰਖ ਲਈ ਟੈਸਟਿੰਗ ਲੈਬ ਬਣਾਉਣ ਵਿੱਚ ਦਿਲਚਸਪੀ ਦਿਖਾਈ। ਇਸ ਦੌਰਾਨ ਕੁੱਲ 6511 ਲੈਬਾਂਬਣਾਈਆਂ ਗਈਆਂ। ਇਨ੍ਹਾਂ ਵਿੱਚ ਤੇਲੰਗਾਨਾ ਵਿੱਚ 2050 ਤੇ ਆਂਧਰਾ ਪ੍ਰਦੇਸ਼ 1354 ਲੈਬਾਂ ਖੋਲ੍ਹੀਆਂ ਗਈਆਂ ਸਨ। ਦੂਸਰੇ ਪਾਸੇ ਹਰੀਇਨਕਲਾਬ ਦੇ ਗੜ੍ਹ ਕਹੇ ਜਾਂਦੇਰਾਜਾਂ ਨੂੰ ਆਪਣੀ ਮਿੱਟੀ ਦੀ ਸਾਰ ਲੈਣ ਦੀ ਵਿਹਲ ਹੀ ਨਹੀਂ। ਇਨ੍ਹਾਂ ਰਾਜਾਂ ਵਿੱਚ ਪਹਿਲਾਂ ਟੈਸਟਿੰਗ ਲੈਬਾਂ ਖੋਲ੍ਹੀਆਂ ਸਨ, ਪਰ ਵਿਰਾਸਤ ਬਣ ਕੇ ਰਹਿ ਗਈਆਂ। ਪੰਜਾਬ ਵਿੱਚ ਸਰਕਾਰੀ ਤੌਰ ਉੱਤੇ ਲਗਭਗ 150, ਹਰਿਆਣਾ ਵਿੱਚ 65 ਅਤੇ ਉਤਰ ਪ੍ਰਦੇਸ਼ ਵਿੱਚ 180 ਲੈਬਾਂ ਹਨ। ਇਨ੍ਹਾਂ ਵਿੱਚ ਮਿੱਟੀ ਦੇ ਕਿੰਨੇ ਸੈਂਪਲਾਂ ਦੀ ਟੈਸਟਿੰਗ ਹੋਈ, ਪਤਾ ਨਹੀਂ ਲੱਗਦਾ।

## ਰਾਜ ਸਰਕਾਰਾਂ ਨੂੰ ਦੂਜੇ ਰਾਜਾਂ ਦੀ ਲਾਟਰੀ ’ਤੇ ਟੈਕਸ ਲਾਉਣ ਦਾ ਹੱਕ

### * ਕਰਨਾਟਕ ਅਤੇ ਕੇਰਲ ਹਾਈ ਕੋਰਟਾਂ ਦੇ ਹੁਕਮ ਰੱਦ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਰਾਜ ਵਿਧਾਨ ਸਭਾਵਾਂ ਨੂੰ ਦੂਸਰੇ ਰਾਜਾਂਵੱਲੋਂ ਚਲਾਈਆਂ ਜਾਂਦੀਆਂ ਲਾਟਰੀਆਂ ਉੱਤੇ ਟੈਕਸ ਲਾਉਣ ਦਾ ਅਧਿਕਾਰ ਹੈ।

ਜਸਟਿਸ ਐਮ ਆਰ ਸ਼ਾਹ ਅਤੇ ਜਸਟਿਸ ਬੀ ਵੀ ਨਾਗਰਤਨਾ ਦੀ ਬੈਂਚ ਨੇ ਕਿਹਾ ਕਿ ਭਾਰਤ ਸਰਕਾਰ ਰਾਜਾਂ ਅਤੇ ਕਿਸੇ ਰਾਜ ਵੱਲੋਂ ਰਜਿਸਟਰਡ ਜਾਂ ਨਿੱਜੀ ਸੰਸਥਾਵਾਂ ਵੱਲੋਂਚਲਾਈ ਜਾਂਦੀ ਲਾਟਰੀ ‘ਸੱਟੇਬਾਜ਼ੀ ਅਤੇ ਜੂਏ' ਅਧੀਨ ਆਉਣ ਵਾਲੀ ਗਤੀਵਿਧੀ ਹੈ। ਸੁਪਰੀਮ ਕੋਰਟ ਨੇ ਕਰਨਾਟਕ ਤੇ ਕੇਰਲ ਸਰਕਾਰਾਂ ਵੱਲੋਂ ਦਾਇਰ ਅਪੀਲਾਂ ਨੂੰ ਪ੍ਰਵਾਨ ਕਰ ਲਿਆ ਅਤੇ ਕਰਨਾਟਕ ਅਤੇ ਕੇਰਲ ਹਾਈ ਕੋਰਟਾਂ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਉਨ੍ਹਾਂ ਦੇ ਕੋਲ ਲਾਟਰੀ ਉੱਤੇ ਟੈਕਸ ਲਾਉਣ ਦੇ ਲਈ ਸਮਰੱਥਾ ਨਹੀਂ ਹੈ। ਅਦਾਲਤ ਨੇ ਕਿਹਾ, ਰਾਜ ਵਿਧਾਇਕਾਂ ਦੇ ਕੋਲ ਲਾਟਰੀ ਯੋਜਨਾ ਉੱਤੇ ਟੈਕਸ ਲਾਉਣ ਦਾ ਹੱਕ ਹੈ, ਜੋ ਨਾ ਕੇਵਲ ਭਾਰਤ ਸਰਕਾਰ ਜਾਂ ਕਿਸੇ ਰਾਜ ਦੀ ਸਰਕਾਰ ਵੱਲੋਂ ਜਾਂ ਕਿਸੇ ਹੋਰ ਏਜੰਸੀ ਜਾਂ ਕਿਸੇ ਵਿਸ਼ੇਸ਼ ਰਾਜ ਦੀ ਸੰਸਥਾ ਵੱਲੋਂ,ਸਗੋਂ ਰਾਜ ਦੇ ਅੰਦਰ ਇੱਕ ਸੰਸਥਾ ਵੱਲੋਂ ਵੀ ਆਯੋਜਤ ਕੀਤਾ ਜਾ ਰਿਹਾ ਜੂਆ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟਾਂ ਦਾ ਇਹ ਮੰਨਣਾ ਸਹੀ ਨਹੀਂ ਸੀ ਕਿ ਰਾਜ ਵਿਧਾਇਕਾਂ ਨੂੰ ਭਾਰਤ ਸਰਕਾਰ ਜਾਂ ਕਰਨਾਟਕ ਰਾਜ ਵਿੱਚ ਕਿਸੇ ਦੂਸਰੇ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦੀ ਸਰਕਾਰ ਵੱਲੋਂ ਚਲਾਈ ਜਾ ਰਹੀ ਲਾਟਰੀ ਉੱਤੇ ਟੈਕਸ ਲਾਉਣ ਦੀ ਕੋਈ ਸ਼ਕਤੀ ਨਹੀਂ ਹੈ, ਅਜਿਹੀ ਸ਼ਕਤੀ ਨੂੰ ‘ਸੂਚੀ ਇੱਕ' ਦੀ ਐਂਟਰੀ ਚਾਲੀ ਜਾਂ ਐਂਟਰੀ 97 ਵਿੱਚ ਪੜ੍ਹਿਆ ਜਾ ਸਕਦਾ ਹੈ ਅਤੇ ਕੇਵਲ ਪਾਰਲੀਮੈਂਟ ਹੀ ਅਜਿਹਾ ਟੈਕਸ ਲਾ ਸਕਦੀ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਕੈਨੇਡਾ ਵਿੱਚ ਨਫ਼ਰਤ ਆਧਾਰਿਤ ਜੁਰਮਾਂ ਦੇ ਤੱਥ

ਬੀਤੇ ਹਫ਼ਤੇ ਕੈਨੇਡਾ ਸਰਕਾਰ ਦੇ ਅੰਕੜਾ ਵਿਭਾਗ ਵੱਲੋਂ ਨਫ਼ਰਤ ਆਧਾਰਿਤ ਉਹਨਾਂ ਜੁਰਮਾਂ ਬਾਰੇ ਅੰਕੜੇ ਜਾਰੀ ਕੀਤੇ ਗਏ ਜਿਹਨਾਂ ਦੀ ਸਾਲ 2020 ਵਿੱਚ ਪੁਲੀਸ ਕੋਲ ਰਿਪੋਰਟ ਕੀਤੀ ਗਈ। 2020 ਵਿੱਚ ਕੈਨੇਡਾ ਭਰ ਵਿੱਚ 2,669 ਨਫ਼ਰਤ ਆਧਾਰਿਤ ਜੁਰਮ ਹੋਣ ਦੀਆਂ ਵਾਰਦਾਤਾਂ ਪੁਲੀਸ ਕੋਲ ਰਿਪੋਰਟ ਕੀਤੀਆਂ ਗਈਆਂ ਜੋ ਕਿ 2019 ਦੇ ਮੁਕਾਬਲੇ 37% ਵੱਧ ਸਨ। ਦਿਲਚਸਪ ਗੱਲ ਇਹ ਕਿ ਇਹਨਾਂ ਨਫ਼ਰਤ ਆਧਾਰਿਤ ਜੁਰਮਾਂ ਵਿੱਚ ਬਹੁ ਗਿਣਤੀ ਨਸਲ ਆਧਾਰਿਤ ਜੁਰਮਾਂ ਦੀ ਸੀ। ਮਿਸਾਲ ਵਜੋਂ ਈਸਟ ਏਸ਼ੀਅਨ ਜਿਆਦਾ ਕਰਕੇ ਚੀਨੀ ਮੂਲ ਦੇ ਕੈਨੇਡੀਅਨਾਂ ਖਿਲਾਫ਼ ਨਫ਼ਰਤ ਦੀਆਂ ਵਾਰਦਾਤਾਂ ਵਿੱਚ 301% ਵਾਧਾ ਹੋਇਆ। ਇਸਦਾ ਇੱਕ ਕਾਰਣ ਕੋਵਿਡ-19 ਮਹਾਮਾਰੀ ਦਾ ਮੁੱਢ ਚੀਨ ਤੋਂ ਆਰੰਭ ਹੋਣਾ ਮੰਨਿਆ ਜਾ ਸਕਦਾ ਹੈ। ਕਿਉਂਕਿ ਇਹ ਅੰਕੜੇ ਸਿਰਫ਼ ਉਹਨਾਂ ਵਾਰਦਾਤਾਂ ਦੇ ਹਨ ਜਿਹਨਾਂ ਦੀ ਪੁਲੀਸ ਕੋਲ ਰਿਪੋਰਟ ਕੀਤੀ ਗਈ, ਇਸ ਕਰਕੇ ਮੰਨਿਆ ਜਾ ਸਕਦਾ ਹੈ ਕਿ ਇਹ ਗਿਣਤੀ ਕੈਨੇਡਾ ਵਿੱਚ ਨਫਰਤ ਦੀਆਂ ਵਾਰਦਾਤਾਂ ਬਾਰੇ ਅਸਲ ਸਥਿਤੀ ਦੀ ਨੁਮਾਇੰਦਗੀ ਨਹੀਂ ਕਰਦੀ। ਸੋਸ਼ਲ ਸਾਇੰਸਦਾਨਾਂ ਦਾ ਮੰਨਣਾ ਹੈ ਕਿ ਇਹਨਾਂ ਸਾਲਾਂ ਵਿੱਚ ਸਮਾਜਿਕ ਮੁੱਦਿਆਂ ਨੂੰ ਲੈ ਕੇ ਉੱਠੀਆਂ ਲਹਿਰਾਂ ਦੇ ਪ੍ਰਭਾਵ ਕਾਰਣ ਸੰਭਵ ਹੈ ਕਿ ਵੱਧ ਗਿਣਤੀ ਵਿੱਚ ਕੈਨੇਡੀਅਨ ਨਫ਼ਰਤ ਦੀਆਂ ਘਟਨਾਵਾਂ ਪੁਲੀਸ ਕੋਲ ਲਿਖਾਉਣ ਲਈ ਹਿੰਮਤ ਜੋੜ ਪਾਏ।

ਅੰਕੜਾ ਵਿਭਾਗ ਦੇ ਸਿੱਟੇ ਇੱਕ ਦਿਲਚਸਪ ਗੱਲ ਇਹ ਦੱਸਦੇ ਹਨ ਕਿ ਬੇਸ਼ੱਕ 2020 ਵਿੱਚ ਵੀ ਨਫ਼ਤਰ ਦੀਆਂ ਵਾਰਦਾਤਾਂ ਵਿੱਚ ਵਾਧਾ ਹੋਇਆ ਹੈ ਪਰ 2017 ਤੋਂ ਬਾਅਦ ਇਹ ਲਗਾਤਾਰ ਤੀਜਾ ਸਾਲ ਹੈ ਜਦੋਂ ਧਰਮ ਨੂੰ ਲੈ ਕੇ ਨਫ਼ਰਤ ਦੀਆਂ ਘਟਨਾਵਾਂ ਵਿੱਚ 16% ਕਮੀ ਆਈ ਹੈ। 2019 ਵਿੱਚ ਧਰਮ ਦੇ ਆਧਾਰ ਉੱਤੇ ਵਾਪਰੀਆਂ ਨਫ਼ਰਤ ਦੀਆਂ ਵਾਰਦਾਤਾਂ ਦੀ ਗਿਣਤੀ 613 ਸੀ ਜਿਹਨਾਂ ਦੀ ਗਿਣਤੀ 2020 ਵਿੱਚ ਘੱਟ ਕੇ 515 ਰਹਿ ਗਈ। ਸਰਕਾਰੀ ਅੰਕੜਿਆਂ ਅਨੁਸਾਰ ਮੁਸਲਾਮਾਨ ਭਾਈਚਾਰੇ ਖਿਲਾਫ਼ ਹੋਣ ਵਾਲੀਆਂ ਵਾਰਦਾਤਾਂ ਵਿੱਚ ਸੱਭ ਤੋਂ ਵੱਧ 55% ਕਮੀ ਆਈ। ਜੇ 2019 ਵਿੱਚ ਮੁਸਲਮਾਨ ਭਾਈਚਾਰੇ ਨੂੰ ਲੈ ਕੇ 182 ਵਾਰਦਾਤਾਂ ਹੋਈਆਂ ਤਾਂ 2020 ਵਿੱਚ ਇਹ ਗਿਣਤੀ 82 ਰਹੀ। ਦੂਜੇ ਪਾਸੇ ਯਹੂਦੀਆਂ ਵਿਰੁੱਧ ਵਾਰਦਾਤਾਂ ਵਿੱਚ 5% ਵਾਧਾ ਰਿਪੋਰਟ ਕੀਤਾ ਗਿਆ। ਯਹੂਦੀਆਂ ਵਿਰੁੱਧ 2019 ਵਿੱਚ 306 ਵਾਰਦਾਤਾਂ ਰਿਪੋਰਟ ਕੀਤੀਆਂ ਗਈਆਂ ਜਦੋਂ ਕਿ 2020 ਵਿੱਚ ਇਹ ਗਿਣਤੀ 321 ਹੋ ਗਈ। ਸਮਲਿੰਗੀ ਭਾਈਚਾਰੇ ਵਿਰੁੱਧ ਨਫ਼ਰਤੀ ਘਟਨਾਵਾਂ ਵਿੱਚ ਵੀ 2% ਕਮੀ ਆਈ ਹੈ। ਕੈਨੇਡਾ ਭਰ ਵਿੱਚ ਸੱਭ ਤੋਂ ਵੱਧ ਨਫ਼ਰਤ ਆਧਾਰਿਤ ਵਾਰਦਾਤਾਂ ਵਿੱਚ ਵਾਧਾ ਨੋਵਾਸਕੋਸ਼ੀਆ (70%), ਬ੍ਰਿਟਿਸ਼ ਕੋਲੰਬੀਆ (60%), ਸਸਕੈਚਵਨ (60%), ਅਲਬਰਟਾ (39%) ਅਤੇ ਉਂਟੇਰੀਓ (35%) ਰਿਪੋਰਟ ਕੀਤਾ ਗਿਆ।

ਕੈਨੇਡਾ ਵਿੱਚ ਹੋਣ ਵਾਲੀਆਂ ਨਫ਼ਰਤ ਦੀਆਂ ਵਾਰਦਾਤਾਂ ਬਹੁਤ ਵਾਰ ਅੰਤਰਰਾਸ਼ਟਰੀ ਘਟਨਾਵਾਂ ਤੋਂ ਵੀ ਪ੍ਰਭਾਵਿਤ ਹੁੰਦੀਆਂ ਵੇਖੀਆਂ ਗਈਆਂ ਹਨ। ਮਿਸਾਲ ਵਜੋਂ ਜਦੋਂ ਤੋਂ ਰੂਸ ਨੇ ਯੂਕਰੇਨ ਉੱਤੇ ਨਿੰਦਣਯੋਗ ਹਮਲਾ ਕੀਤਾ ਹੈ, ਰੂਸੀ ਮੂਲ ਦੇ ਕੈਨੇਡੀਅਨਾਂ ਵਿਰੁੱਧ ਵਾਰਦਾਤਾਂ ਵਿੱਚ ਇਜ਼ਾਫਾ ਹੋਇਆ ਹੈ। ਬੇਸ਼ੱਕ ਰੂਸੀ ਮੂਲ ਦੇ ਬਹੁ ਗਿਣਤੀ ਕੈਨੇਡੀਅਨ ਇਸ ਹਮਲੇ ਦੇ ਵਿਰੁੱਧ ਹਨ ਅਤੇ ਰੂਸੀ ਭਾਸ਼ਾਈ ਕੈਨੇਡੀਅਨ ਮੀਡੀਆ ਨੇ ਯੂਕਰੇਨ ਉੱਤੇ ਹੋਏ ਹਮਲੇ ਦੀ ਸਪੱਸ਼ਟ ਨਿੰਦਾ ਕੀਤੀ ਹੈ, ਇਸਦੇ ਬਾਵਜੂਦ ਬੇਦੋਸ਼ਿਆਂ ਨੂੰ ਨਿਸ਼ਾਨਾ ਬਣਾਇਆਂ ਜਾ ਰਿਹਾ ਹੈ। ਇਹ ਉਵੇਂ ਹੀ ਜਿਵੇਂ ਕੋਵਿਡ 19 ਬਾਰੇ ਪ੍ਰਭਾਵ ਪੈਦਾ ਕਰਕੇ ਚੀਨੀ ਮੂਲ ਦੇ ਕੈਨੇਡੀਅਨਾਂ ਨੂੰ ਨਫ਼ਰਤ ਝੱਲਣੀ ਪਈ ਹੈ।

ਆਖ਼ਰ ਨੂੰ ਨਫ਼ਰਤ ਆਧਾਰਿਤ ਜੁਰਮ (Hate Crime) ਦੀ ਵਿਆਖਿਆ ਕੀ ਹੈ? ਵਿਤਕਰੇ ਦੀ ਭਾਵਨਾ ਨੂੰ ਮਨ ਵਿੱਚ ਰੱਖ ਕੇ ਕਿਸੇ ਵਿਸ਼ੇਸ਼ ਸਮਾਜਿਕ ਧੜੇ ਜਾਂ ਫ਼ਿਰਕੇ ਦਾ ਨੁਕਸਾਨ ਕਰਨਾ ਨਫ਼ਰਤ ਆਧਾਰਿਤ ਜੁਰਮ (Hate Crime) ਕਿਹਾ ਜਾਂਦਾ ਹੈ। ਨਫ਼ਰਤ ਦਾ ਕਾਰਣ ਕਿਸੇ ਦੀ ਨਸਲ, ਅਪਗੰਤਾ, ਭਾਸ਼ਾ, ਕੌਮੀਅਤ, ਸਰੀਰਕ ਦਿੱਖ (ਜਿਵੇਂ ਸਿੱਖਾਂ ਦੀ ਦਸਤਾਰ), ਧਰਮ, ਲਿੰਗਕ ਪਹਿਚਾਣ ਆਦਿ ਕੁੱਝ ਵੀ ਹੋ ਸਕਦਾ ਹੈ। ਇਹਨਾਂ ਵਿੱਚ ਕਿਸੇ ਨੂੰ ਸਰੀਰਕ ਜਾਂ ਮਾਨਸਿਕ ਨੁਕਸਾਨ ਪਹੁੰਚਾਉਣਾ, ਕਤਲ ਕਰਨਾ, ਜਾਇਦਾਦ ਦਾ ਨੁਕਸਾਨ ਕਰਨ ਦੀਆਂ ਵਾਰਦਾਤਾਂ ਹੋ ਸਕਦੀਆਂ ਹਨ। ਵੱਖੋ ਵੱਖਰੇ ਮੁਲਕਾਂ ਨੇ ਇਸ ਕੋਹੜ ਨੂੰ ਖਤਮ ਕਰਨ ਲਈ ਨੇਮ ਕਾਨੂੰਨ ਬਣਾਏ ਹਨ ਪਰ ਨਫ਼ਰਤ ਦਾ ਕੀੜਾ ਕਈ ਕਾਰਣਾਂ ਕਰਕੇ ਪਨਪਦਾ ਰਹਿੰਦਾ ਹੈ। ਇਸ ਵਾਸਤੇ ਜਿੱਥੇ ਕਾਨੂੰਨਾਂ ਦਾ ਮਜ਼ਬੂਤ ਹੋਣਾ ਜਰੂਰੀ ਹੈ, ਉੱਥੇ ਆਮ ਮਨੁੱਖ ਲਈ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਣਾਉਣ ਲਈ ਜਦੋਜਹਿਦ ਕਰਨਾ ਲਾਜ਼ਮੀ ਹੈ। ਹਰ ਵਰਗ ਨੂੰ ਸੌੜੀਆਂ ਮਨੋਵਿਗਿਆਨਕ ਵਲਗਣਾਂ ਤੋਂ ਉੱਚਾ ਉੱਠ ਕੇ ਦੂਜੇ ਫਿਰਕਿਆਂ ਦੇ ਅਧਿਕਾਰਾਂ ਅਤੇ ਹੱਕਾਂ ਲਈ ਆਵਾਜ਼ ਚੁੱਕਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਬੇਸ਼ੱਕ ਖੁਦ ਦੇ ਹੱਕਾਂ ਦੀ ਰੱਖਿਆ ਲਈ ਆਵਾਜ਼ ਚੁੱਕਣਾ ਚੰਗਾ ਹੈ ਪਰ ਦੂਜਿਆਂ ਦੇ ਹੱਕਾਂ ਦੀ ਰਾਖੀ ਲਈ ਤਤਪਰ ਹੋਣਾ ਮਨੁੱਖਤਾ ਦੀ ਸੇਵਾ ਹੈ।

## ਰੂਸੀ ਫਿਊਲ ਦੀ ਥਾਂ ਲੈਣ ਲਈ ਕੈਨੇਡਾ ਤੇਲ ਤੇ ਗੈਸ ਉਤਪਾਦਨ ਵਿੱਚ ਕਰੇਗਾ ਰੋਜ਼ਾਨਾ 300,000 ਬੈਰਲ ਦਾ ਵਾਧਾ

...ਪੰਨਾ 1 ਦਾ ਬਾਕੀ

ਇੱਥੇ ਦੱਸਣਾ ਬਣਦਾ ਹੈ ਕਿ ਯੂਰਪ ਨੂੰ ਸਿੱਧੇ ਤੌਰ ਉੱਤੇ ਤੇਲ ਤੇ ਗੈਸ ਸਪਲਾਈ ਕਰਨ ਲਈ ਕੈਨੇਡਾ ਕੋਲ ਇਨਫਰਾਸਟ੍ਰਕਚਰ ਦੀ ਘਾਟ ਹੈ। ਪਰ ਇਹ ਪਹਿਲਾਂ ਤੋਂ ਹੀ ਪਈਆਂ ਹੋਈਆਂ ਪਾਈਪਲਾਈਨਜ਼ ਰਾਹੀਂ ਤੇਲ ਤੇ ਗੈਸ ਅਮਰੀਕਾ ਰਾਹੀਂ ਭੇਜ ਸਕਦਾ ਹੈ। ਅਮਰੀਕਾ ਇਸ ਗੱਲ ਲਈ ਸਹਿਮਤ ਹੈ ਕਿ ਉਹ ਪਹਿਲਾਂ ਇਹ ਤੇਲ ਕੱਚੇ ਜਾਂ ਰਿਫਾਈਨਡ ਰੂਪ ਵਿੱਚ ਮੈਕਸਿਕੋ ਦੀ ਖਾੜੀ ਭੇਜੇਗਾ ਤੇ ਫਿਰ ਉਹ ਤੇਲ ਤੇ ਗੈਸ ਯੂਰਪ ਨੂੰ ਐਕਸਪੋਰਟ ਕੀਤਾ ਜਾਵੇਗਾ।

ਆਇਲਸੈਂਡਜ਼, ਫਿਸਕਲ ਐਂਡ ਇਕਨੌਮਿਕ ਪਾਲਿਸੀ ਫੌਰ ਦਾ ਕੈਨੇਡੀਅਨ ਐਸੋਸਿਏਸ਼ਨ ਆਫ ਪੈਟਰੋਲੀਅਮ ਪ੍ਰੋਡਿਊਸਰਜ਼, ਜੋ ਕਿ ਦੇਸ਼ ਦੇ ਸੱਭ ਤੋਂ ਵੱਡੇ ਤੇਲ ਉਤਪਾਦਕਾਂ ਦੀ ਨੁਮਾਇੰਦਗੀ ਕਰਦੀ ਹੈ, ਦੇ ਵਾਈਸ ਪ੍ਰੈਜ਼ੀਡੈਂਟ ਬੈਨ ਬਰੂਨਨ ਨੇ ਆਖਿਆ ਕਿ ਇਹ ਪਾਈਪਲਾਈਨਜ਼ ਪਹਿਲਾਂ ਹੀ ਭਰੀਆਂ ਹੋਈਆਂ ਹਨ। ਉਨ੍ਹਾਂ ਆਖਿਆ ਕਿ ਇੰਡਸਟਰੀ ਕੋਲ ਤੇਲ ਤੇ ਗੈਸ ਦੇ ਉਤਪਾਦਨ ਵਿੱਚ ਵਾਧਾ ਕਰਨ ਦੀ ਸਮਰੱਥਾ ਹੈ ਪਰ ਵਿਲਕਿੰਸਨ ਵੱਲੋਂ ਪੇਸ਼ ਕੀਤੇ ਗਏ ਅੰਕੜੇ ਹਾਸਲ ਕਰਨਾ ਬਿਹਤਰ ਹਾਲਾਤ ਵਿੱਚ ਮੁਮਕਿਨ ਹੈ। ਬਰੂਨਨ ਨੇ ਆਖਿਆ ਕਿ ਮੌਜੂਦਾ ਐਨਰਜੀ ਸਪਲਾਈ ਸੰਕਟ ਵਿੱਚ ਕੈਨੇਡਾ ਦੀ ਥੋੜ੍ਹੇ ਸਮੇਂ ਲਈ ਨਿਭਾਈ ਜਾਣ ਵਾਲੀ ਭੂਮਿਕਾ ਵਾਸਤੇ ਫੈਡਰਲ ਸਰਕਾਰ ਦੀ ਇੱਛਾ ਦਾ ਉਹ ਸਤਿਕਾਰ ਕਰਦੇ ਹਨ ਪਰ ਅਗਾਂਹ ਲੰਮੇਂ ਸਮੇਂ ਲਈ ਕੀ ਬਣੇਗਾ? ਉਨ੍ਹਾਂ ਆਖਿਆ ਕਿ ਇਸ ਕਾਰੋਬਾਰ ਵਿੱਚ ਨਿਵੇਸ਼ ਕਰਨ ਵਾਲੀ ਕਮਿਊਨਿਟੀ ਹੋ ਸਕਦਾ ਹੈ ਕਿ ਇਸ ਵਿਚਾਰ ਅਤੇ ਕਿਸੇ ਤਰ੍ਹਾਂ ਦੇ ਗ੍ਰੋਥ ਪਲੈਨ ਨਾਲ ਸਹਿਮਤ ਨਾ ਹੋਵੇ।

## ਇਸਲਾਮੀ ਦੇਸ਼ਾਂ ਦੀ ਬੈਠਕ ਵਿੱਚ ਇਮਰਾਨ ਖਾਨ ਨੇ ਫਿਰ ਕਸ਼ਮੀਰ ਦਾ ਰਾਗ ਛੋਹ ਲਿਆ

ਇਸਲਾਮਾਬਾਦ, 22 ਮਾਰਚ, (ਪੋਸਟ ਬਿਊਰੋ)- ਕਸ਼ਮੀਰ ਦਾ ਮੁੱਦਾ ਹਰ ਥਾਂ ਉਠਾਉਣ ਬਾਰੇ ਪਾਕਿਸਤਾਨ ਆਪਣੀਆਂ ਹਰਕਤਾਂ ਤੋਂ ਰੁਕ ਨਹੀਂ ਰਿਹਾ ਅਤੇ ਭਾਰਤ ਵਿਰੋਧੀ ਪ੍ਰਚਾਰਵਿੱਚ ਜੁੱਟਿਆ ਹੋਇਆ ਹੈ।

ਅੱਜ ਮੰਗਲਵਾਰ ਇਸਲਾਮਾਬਾਦ ਵਿੱਚਸ਼ੁਰੂ ਹੋਈਇਸਲਾਮੀ ਸਹਿਯੋਗ ਸੰਗਠਨ (ਓਆਈਸੀ) ਦੀ ਦੋ ਦਿਨਾਂ ਦੀਬੈਠਕਵਿੱਚ ਵੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਸ਼ਮੀਰ ਦਾ ਰਾਗ ਛੋਹ ਲਿਆ ਤੇ ਕਿਹਾ ਕਿ ਇਸ 57 ਮੈਂਬਰੀ ਗਰੁੱਪ ਦੀ ਏਕਤਾ ਨਾ ਹੋਣ ਦੇ ਕਾਰਨ ਅਸੀਂ ਕਸ਼ਮੀਰ ਉੱਤੇ ਕੁਝ ਨਹੀਂ ਕਰ ਸਕੇ। ਇਮਰਾਨ ਖਾਨ ਨੇ ਇਹ ਮੁੱਦਾ ਓਦੋਂਚੁੱਕਿਆ ਹੈ, ਜਦੋਂ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਖ਼ਿਲਾਫ਼ ਵਿਰੋਧੀ ਧਿਰ ਦੇ ਬੇਭਰੋਸਗੀ ਮਤੇ ਉੱਤੇ 25 ਮਾਰਚ ਨੂੰ ਵੋਟਿੰਗ ਹੋਣੀ ਹੈ ਤੇ ਜਿਹੜੇ ਹਾਲਾਤ ਬਣ ਰਹੇ ਹਨ, ਉਸਵਿੱਚ ਉਨ੍ਹਾਂ ਦਾ ਜਾਣਾ ਕਰੀਬ-ਕਰੀਬ ਤੈਅ ਹੈ। ਪਾਕਿਸਤਾਨ ਦੇ ਪਾਰਲੀਮੈਂਟ ਭਵਨਵਿੱਚਅੱਜ ਓਆਈਸੀ ਦੇ ਵਿਦੇਸ਼ ਮੰਤਰੀਆਂ ਦੀ 48ਵੀਂ ਕੌਂਸਲ ਮੀਟਿੰਗ ਦੇ ਉਦਘਾਟਨੀ ਭਾਸ਼ਣਵਿੱਚਇਮਰਾਨ ਖ਼ਾਨ ਨੇ ਕਿਹਾ ਕਿ 'ਅਸੀਂ ਕਸ਼ਮੀਰ ਤੇ ਫਲਸਤੀਨ ਦੋ ਥਾਵਾਂ ਦੇ ਲੋਕਾਂ ਦੀ ਮਦਦ ਕਰਨਤੋਂ ਨਾਕਾਮ ਰਹੇ ਹਾਂ। ਅਸੀਂ 150 ਕਰੋੜ ਹਾਂ, ਪਰ ਵੰਡੇ ਹੋਏ ਹਾਂ ਤੇ ਉਹ (ਭਾਰਤ ਅਤੇ ਇਜ਼ਰਾਈਲ) ਜਾਣਦੇ ਹਨ ਕਿ ਅਸੀਂ ਵੰਡੇ ਹੋਏ ਹਾਂ, ਇਸ ਲਈ ਗੰਭੀਰਤਾ ਨਾਲ ਨਹੀਂ ਲੈਂਦੇ।' ਓਆਈਸੀ ਬੈਠਕਵਿੱਚ ਇਮਰਾਨ ਖਾਨ ਨੇ ਭਾਰਤ ਦੇ ਜੰਮੂ-ਕਸ਼ਮੀਰ ਰਾਜ ਵਿੱਚ ਧਾਰਾ 370 ਖਤਮ ਕਰਨ ਦਾ ਮੁੱਦਾਇਕ ਵਾਰ ਫਿਰ ਉਠਾ ਕੇ ਕਿਹਾ ਕਿ ਇਸ ਉੱਤੇ ਵੀਕੁਝ ਨਹੀਂ ਹੋਇਆ, ਕਿਉਂਕਿ ਭਾਰਤ ਉੱਤੇ ਕੋਈ ਦਬਾਅ ਨਹੀਂ ਪਿਆ।ਉਨ੍ਹਾ ਕਿਹਾ ਕਿ ਉਹ ਇਹ ਨਹੀਂ ਕਹਿ ਰਹੇ ਕਿ ਮੁਸਲਿਮ ਦੇਸ਼ ਆਪਣੀ ਵਿਦੇਸ਼ ਨੀਤੀ ਬਦਲਣ, ਪਰ ਜਦੋਂ ਤੱਕ ਇੱਕ ਨਾ ਹੋਏ,ਇਹ ਘਟਨਾਵਾਂ ਹੁੰਦੀਆਂ ਰਹਿਣਗੀਆਂ। ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਵੀ ਲਗਭਗ ਇਹੋ ਕੁਝ ਕਿਹਾ ਸੀ।

ਹੈਰਾਨੀ ਦੀ ਗੱਲ ਹੈ ਕਿ ਫਲਸਤੀਨ ਅਤੇ ਕਸ਼ਮੀਰ ਦੀ ਗੱਲ ਛੇੜਨ ਵਾਲੇ ਇਮਰਾਨ ਖਾਨ ਨੇ ਚੀਨ ਵੱਲੋਂ ਉਈਗਰ ਮੁਸਲਮਾਨਾਂ ਉੱਤੇਕੀਤੇ ਜਾ ਰਹੇ ਤਸ਼ੱਦਦ ਦਾ ਜ਼ਿਕਰ ਨਹੀਂ ਕੀਤਾ। ਬੈਠਕਵਿੱਚ ਵਿਸ਼ੇਸ਼ ਮਹਿਮਾਨ ਵਜੋਂ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਮੌਜੂਦ ਸਨ।ਇਮਰਾਨ ਨੇ ਕਿਹਾ ਕਿ ਉਹ ਪੱਛਮੀ ਦੇਸ਼ਾਂਵਿੱਚ ਰਹਿ ਚੁੱਕੇ ਹਨ ਅਤੇ ਉਨ੍ਹਾਂ ਦੀ ਸੱਭਿਅਤਾ ਬਾਰੇ ਹੋਰਾਂ ਤੋਂ ਵੱਧ ਜਾਣਦੇ ਹਨ। ਅਮਰੀਕਾਵਿੱਚ 9/11 ਅੱਤਵਾਦੀ ਹਮਲੇ ਪਿੱਛੋਂ ਇਸਲਾਮੋਫੋਬੀਆ ਦੀ ਜਿਹੜੀ ਧਾਰਨਾ ਪੂਰੀ ਦੁਨੀਆਵਿੱਚ ਬਣੀ, ਉਸ ਲਈ ਮੁਸਲਿਮ ਦੇਸ਼ ਜ਼ਿੰਮੇਵਾਰ ਹਨ। ਉਨ੍ਹਾ ਕਿਹਾ ਕਿਇਸਲਾਮ ਦੀ ਤੁਲਨਾ ਅੱਤਵਾਦ ਨਾਲ ਨਹੀਂਹੋ ਸਕਦੀ, ਪਰਭੁਲੇਖੇ ਦੂਰ ਕਰਨ ਲਈ ਇਸਲਾਮੀ ਦੇਸ਼ਾਂ ਨੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਕਿਹਾ ਕਿ ਪੱਛਮੀ ਦੇਸ਼ ਇਸਲਾਮ ਨੂੰ ਅੱਤਵਾਦ ਨਾਲ ਜੋੜਦੇ ਹਨ ਤਾਂ ਉਹ ਉਦਾਰਤੇ ਕੱਟੜ ਮੁਸਲਮਾਨਾਂਦਾ ਫ਼ਰਕ ਕਿਵੇਂ ਕਰ ਸਕਣਗੇ, ਇਸੇ ਕਾਰਨ ਨਿਊਜ਼ੀਲੈਂਡਦਾ ਇੱਕ ਬੰਦਾ ਮਸਜਿਦਵਿੱਚਜਾ ਵੜਿਆ ਤੇ ਜੋ ਵੀ ਦਿੱਸਿਆ, ਉਸ ਨੂੰ ਮਾਰ ਦਿੱਤਾ ਸੀ।

ਦੂਸਰੇ ਪਾਸੇ ਕਸ਼ਮੀਰ ਬਾਰੇ ਪਾਕਿਸਤਾਨ ਨੂੰ ਆਪਣਾ ਕੂੜ ਪ੍ਰਚਾਰ ਬੰਦ ਕਰਨ ਨੂੰਭਾਰਤ ਕਈ ਵਾਰ ਕਹਿ ਚੁੱਕਾ ਹੈ। ਭਾਰਤ ਦਾ ਸਾਫ ਕਹਿਣਾ ਹੈ ਕਿ ਕਸ਼ਮੀਰ ਉਸਦਾ ਅਨਿੱਖੜਵਾਂ ਅੰਗ ਸੀ ਅਤੇ ਰਹੇਗਾ। ਧਾਰਾ 370 ਖ਼ਤਮ ਕਰਨ ਦਾ ਮੁੱਦਾ ਪਾਕਿਸਤਾਨ ਵੱਲੋਂਚੁੱਕਣ ਉੱਤੇਵੀ ਭਾਰਤ ਨੇ ਕੌਮਾਂਤਰੀ ਭਾਈਚਾਰੇ ਨੂੰ ਸਾਫ਼ ਕਿਹਾ ਕਿ ਇਹ ਉਸ ਦਾ ਅੰਦਰੂਨੀ ਮੁੱਦਾ ਹੈ ਤੇ ਕਿਸੇ ਦੂਸਰੇ ਦੇਸ਼ ਨੂੰ ਇਸ ਉੱਤੇ ਬੋਲਣ ਦਾ ਅਧਿਕਾਰ ਨਹੀਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਦਿੱਲੀ ਦੇ ਏਮਸ ਹਸਪਤਾਲ ਨੇ ਲਾਲੂ ਪ੍ਰਸਾਦ ਨੂੰ ਪਹਿਲਾਂ ਨਾਂਹ ਕੀਤੀ ਤੇ ਫਿਰ ਬੁਲਾ ਕੇ ਭਰਤੀ ਕੀਤਾ

ਪਟਨਾ, 24 ਮਾਰਚ (ਪੋਸਟ ਬਿਊਰੋ)- ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਦਾ ਆਖਰ ਕੱਲ੍ਹ ਦਿੱਲੀ ਦੇ ਏਮਸ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਦੀ ਐਮਰਜੈਂਸੀ ਵਿੱਚ ਦੋਬਾਰਾ ਇਲਾਜ ਸ਼ੁਰੂ ਹੋ ਗਿਆ। ਉਨ੍ਹਾਂ ਨੂੰ ਨੈਫਰੋਲਾਜੀ ਯੂਨਿਟ ਵਿੱਚ ਦਾਖਲ ਕਰਾ ਲਿਆ ਗਿਆ ਹੈ। ਇਸ ਤੋਂ ਪਹਿਲਾਂ ਤੜਕੇ ਏਮਸ ਪ੍ਰਸ਼ਾਸਨ ਨੇ ਇਹ ਕਹਿ ਕੇ ਕਿ ਏਮਸ ਵਿੱਚ ਅਜੇ ਲਾਲੂ ਯਾਦਵ ਨੂੰ ਭਰਤੀ ਕਰਨ ਦੀ ਜ਼ਰੂਰਤ ਨਹੀਂ ਹੈ, ਵਾਪਸ ਰਾਂਚੀ ਜਾ ਕੇ ਰਿਮਸ ਵਿੱਚ ਇਲਾਜ ਕਰਾਉਣ ਲਈ ਸਲਾਹ ਦਿੱਤੀ ਸੀ। ਜਾਣਕਾਰ ਸੂਤਰਾਂ ਮੁਤਾਬਕ ਏਮਸ ਦੀ ਜਾਂਚ ਰਿਪੋਰਟ ਵਿੱਚ ਉਨ੍ਹਾਂ ਦੀ ਹਾਲਤ ਸਥਿਰ ਪਾਈ ਗਈ ਅਤੇ ਇਸ ਲਈ ਰਾਂਚੀ ਵਿੱਚ ਹੀ ਇਲਾਜ ਜਾਰੀ ਰੱਖਣ ਨੂੰ ਕਿਹਾ ਗਿਆ ਸੀ। ਜਦੋਂ ਲਾਲੂ ਰਾਂਚੀ ਵਾਪਸ ਜਾਣ ਲਈ ਦਿੱਲੀ ਏਅਰਪੋਰਟ ਪਹੁੰਚੇ ਅਤੇ 12 ਵਜੇ ਜਹਾਜ਼ ਚੱਲਣ ਦਾ ਇੰਤਜ਼ਾਰ ਕਰਦੇ ਰਹੇ ਤਾਂ ਇਸ ਦੌਰਾਨ ਉਨ੍ਹਾਂ ਦੀ ਹਾਲਤ ਵਿਗੜਨ ਲੱਗੀ। ਓਦੋਂ ਹੀ ਏਮਸ ਪ੍ਰਸ਼ਾਸਨ ਨੇ ਲਾਲੂ ਦੇ ਪਰਵਾਰ ਨੂੰ ਵਾਪਸ ਏਮਸ ਲਿਆਉਣ ਲਈ ਫੋਨ ਕੀਤਾ ਤਾਂ ਉਨ੍ਹਾਂ ਨੂੰ ਵਾਪਸ ਏਅਰਪੋਰਟ ਤੋਂ ਏਮਸ ਲਿਜਾਇਆ ਗਿਆ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਰਿਮਸ (ਰਾਂਚੀ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼) ਦੇ ਮੈਡੀਕਲ ਬੋਰਡ ਨੇ ਦੇਖਿਆ ਸੀ ਕਿ ਲਾਲੂ ਯਾਦਵ ਦੀ ਕਿਡਨੀ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ। ਉਨ੍ਹਾਂ ਦਾ ਕ੍ਰਿਏਟਨਿਨ ਲੈਵਲ 4.1 ਤੋਂ 4 ਹੋ ਗਿਆ ਅਤੇ ਕਿਡਨੀ ਵੀਹ ਫੀਸਦੀ ਕੰਮ ਕਰ ਰਹੀ ਹੈ। ਕਈ ਹੋਰ ਜਾਂਚ ਰਿਪੋਰਟਾਂ ਵੀ ਠੀਕ ਨਹੀਂ ਨਿਕਲੀਆਂ ਅਤੇ ਦਿਲ ਫੇਲਹ ਹੋਣ ਵੱਲ ਜਾਣ ਦਾ ਸੰਕੇਤ ਮਿਲਿਆ ਸੀ। ਅਜਿਹੇ ਵਿੱਚ ਖਰਾਬ ਹੁੰਦੀ ਸਿਹਤ ਨੂੰ ਦੇਖਦੇ ਹੋਏ ਮੈਡੀਕਲ ਬੋਰਡ ਨੇ ਦੁਪਹਿਰ ਵਿੱਚ ਦਿੱਲੀ ਏਮਸ ਰੈਫਰ ਕਰਨ ਦਾ ਫੈਸਲਾ ਕੀਤਾ ਗਿਆ ਸੀ।

## ਜਿੱਤ ਬਨਾਮ ਜ਼ਿੰਮੇਵਾਰੀ ਬਨਾਮ ਚੁਣੌਤੀਆਂ

ਵੀਹ ਸੌ ਬਾਈ ਦੀਆਂ ਚੋਣਾਂ ਦੇ ਨਤੀਜੇ ਨੇ ਤਾਂ ਸਭ ਨੂੰ ਹੈਰਾਨ ਕਰ ਦਿੱਤਾ।ਥੋੜਾ ਬਹੁਤ ਤਾਂ ਕਿਆਸ ਤਾਂ ਬਹੁਤ ਸਾਰੇ ਲੋਕਾਂ ਨੇ ਲਾਇਆ ਹੋਇਆ ਸੀ ਪਰ ਇੰਨੇ ਵੱਡੇ ਵੱਡੇ ਦਿਗ਼ਜਾਂ ਨੂੰ ਢਹਿ ਢੇਰੀ ਹੋਇਆ ਦੇਖ ਕੇ ਤਾਂ ਹੈਰਾਨੀ ਦਾ ਹੋਣਾ ਸੁਭਾਵਿਕ ਹੀ ਹੈ।ਲੋਕ ਥੋੜੀ ਤਬਦੀਲੀ ਲੋੜਦੇ ਸਨ ਸੋ ਉਹਨਾਂ ਨੇ ਨਵੀਂ ਪਾਰਟੀ ਨੂੰ ਮੌਕਾ ਦਿੱਤਾ ਹੈ ,ਸੋ ਇਸ ਵਾਰ ਆਪ ਪਾਰਟੀ ਨੂੰ ਮੌਕਾ ਮਿਲਿਆ ਹੈ। 'ਆਪ' ਪਾਰਟੀ ਦੀ ਜਿੱਤ ਅਸਲ ਵਿੱਚ ਆਪ ਸਭ ਦੀ ਹੀ ਜਿੱਤ ਹੈ।ਸਿਰਫ ਪ੍ਰਤੀਨਿਧ ਹੀ ਨਹੀਂ ਸਰਕਾਰ ਦਾ ਹਿੱਸਾ ਬਣਿਆ ਹੈ ਬਲਕਿ ਤੁਸੀਂ ਸਭ ਹੀ ਸਰਕਾਰ ਹੋ।

ਸਭ ਜਾਣਦੇ ਹਨ ਕਿ ਨਵੇਂ ਕੱਪੜੇ ਨੂੰ ਕੱਟਣਾ ਤੇ ਸਿਊਣਾ ਤਾਂ ਸੌਖਾ ਹੁੰਦਾ ਹੈ ਪਰੰਤੂ ਪੁਰਾਣੇ ਅਤੇ ਘਿਸੇ ਹੋਏ ਕੱਪੜੇ ਨੂੰ ਪਾਉਣ ਯੋਗ ਤਿਆਰ ਕਰਨਾ ਕਾਫ਼ੀ ਔਖਾ ਹੁੰਦਾ ਹੈ ਉਤੋਂ ਉਹ ਕੱਪੜਾ ਜਿਸ ਦੀ ਵਰਤੋਂ ਬੜੀ ਲਾਪਰਵਾਹੀ ਨਾਲ ਕੀਤੀ ਗਈ ਹੋਵੇ ;ਉਸ ਨੂੰ ਮੁੜ ਵਰਤੋਂ ਯੋਗ ਤਿਆਰ ਕਰਨ ਵਾਸਤੇ ਨਿਹਾਇਤ ਹੀ ਸੁਯੋਗ ਅਤੇ ਫਨਕਾਰੀ ਦਰਜ਼ੀ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ।ਇਸੇਤਰਾਂ ਕਿਸੇ ਬਿਮਾਰੀ ਨੂੰ ਮੁੱਢ ਤੋਂ ਠੀਕ ਕਰਨ ਵਾਸਤੇ ਤਾਂ ਸਾਰੇ ਡਾਕਟਰ ਯਤਨ ਕਰਦੇ ਹਨ ਤੇ ਬਹੁਤੇ ਸਫ਼ਲ ਵੀ ਹੋ ਜਾਂਦੇ ਹਨ।ਪਰੰਤੂ ਕਿਸੇ ਹੋਰ ਡਾਕਟਰ ਦੀ ਲਾਪਰਵਾਹੀ ਨਾਲ ਵਿਗੜੀ ਹੋਏ ਰੋਗ ਨੂੰ ਜੜ੍ਹੋਂ ਠੀਕ ਕਰਨ ਦੀ ਗਲ ਇਕ ਪਾਸੇ ਰਹੀ :ਰੋਗੀ ਨੂੰ ਤੁਰਦਾ ਫਿਰਦਾ ਹੀ ਕਰਨ ਵਾਸਤੇ ਬਹੁਤ ਹੀ ਕਾਬਿਲ ਸਰਜਨ,ਡਾਕਟਰ,ਵੈਦ ਜਾਂ ਹਕੀਮ ਦੀ ਜ਼ਰੂਰਤ ਹੈ।ਆਪਾਂ ਸਭ ਜਾਣਦੇ ਹੀ ਹਾਂ ਕਿ ਨਵੀਂ ਸਰਕਾਰ ਨੂੰ ਕਿਸਤਰਾਂ ਦੇ ਕੱਪੜੇ ਮਿਲੇ ਹਨ ਤੇ ਇਹ ਵੀ ਜੋ ਰੋਗੀ ਹਨ ਉਹਨਾਂ ਦਾ ਕੀ ਪੱਧਰ ਹੈ।

ਬਹੁਤ ਬਹੁਤ ਹੀ ਤਕੜੀਆਂ ਚੁਨੌਤੀਆਂ ਹਨ ਇਸ ਕਿਸ਼ੋਰ ਅਵਸਥਾ ਦੀ ਪਾਰਟੀ ਵਾਲੀ ਦੀ ਸਰਕਾਰ ਦੇ ਸਾਹਮਣੇ ;ਹੰਢੀਆਂ ਹੋਈਆਂ ਵਿਰੋਧੀ ਪਾਰਟੀਆਂ ਵਾਲੇ ਤਾਂ ਸਰਕਾਰ ਬਣਨ ਤੋਂ ਪਹਿਲਾਂ ਹੀ ਤਾਹਨੇ ਮਿਹਣੇ ਤੇ ਅੱੜਿਕੇ ਤਿਆਰ ਕਰੀ ਬੈਠੇ ਹਨ। ਸੰਵਿਧਾਨਕ ਤੌਰ ਤੇ ਵਿਰੋਧੀ ਪਾਰਟੀਆਂ ਦਾ ਮੁੱਢਲਾ ਕਰਤੱਵ ਹੁੰਦਾ ਹੈ ਸਰਕਾਰ ਦੀ ਸਹਾਇਤਾ ਕਰਨਾ ।ਉਹਨਾਂ ਦੇ ਬਣਾਏ ਹੋਏ ਬਿਲਾਂ ਨੂੰ ਪੂਰੀ ਤਰਾਂ ਪਰਖਣ ਤੇ ਘੋਖਣ ਤੋਂ ਬਾਦ ਹੀ ਪਾਸ ਹੋਣ ਵਾਸਤੇ ਅਗੇ ਤੋਰਨਾ ਹੁੰਦਾ ਹੈ ਨਾ ਕਿ ਅੱੜਿਕੇ ਪਾ ਕੇ ਪਾਸ ਹੋਣ ਤੋਂ ਰੋਕਣਾ ਤੇ ਬਿਨਾਂ ਵਜਹ ਹੀ ਸਰਕਾਰੀ ਸਮਾਂ ਬਰਬਾਦ ਕਰਨਾ ।

ਵਿਰੋਧੀ ਪਾਰਟੀ ਦੇ ਲੀਡਰ(ਜਿਹੜਾ ਵੀ ਕੋਈ ਬਣਿਆ)ਨੂੰ ਅਤੇ ਆਪਾਂ ਸਭ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਨਵੀਂ ਪਾਰਟੀ ਵਾਲੀ ਸਰਕਾਰ ਕੋਲ ਕੋਈ ਜਾਦੂ ਦੀ ਛੜੀ ਤਾਂ ਹੈ ਨਹੀਂ ਕਿ ਉਹ ਰਾਤੋ ਰਾਤ ਜਿਸ ਨੂੰ ਘੁਮਾਉਣਗੇ ਤੇ ਸਭ ਠੀਕ ਹੋ ਜਾਵੇਗਾ।ਪਿਛਲੇ ਕਈ ਦਹਾਕਿਆਂ ਤੋਂ ਜਿਸ ਪ੍ਰਬੰਧ ਦਾ ਅਤੇ ਸਾਧਨਾਂ ਦਾ ਨਾਸ਼ ਪੁੱਟਿਆ ਗਿਆ ਹੋਵੇ ,ਜੋ ਪੂਰੀ ਤੇ ਬੁਰੀ ਤਰਾਂ ਤਰੱਕ ਗਿਆ ਹੋਵੇ ਉਸ ਨੂੰ ਉਭਾਰਨ ਵਾਸਤੇ ਕੁਝ ਨਾ ਕੁਝ ਸਮਾਂ ਤਾਂ ਜ਼ਰੂਰ ਲਗੇਗਾ ਹੀ।ਜਿਵੇਂ ਆਪ ਸਭ ਨੇ ਆਪਣੇ ਮਨ ਨੂੰ ਸਮਝਾ ਕੇ ਰਵਾਇਤ ਨੂੰ ਬਦਲਣ ਦੀ ਹਿੰਮਤ ਕੀਤੀ ਹੈ ਉਸੇ ਤਰਾਂ ਆਪਣੇ ਦਿਮਾਗ਼ ਨੂੰ ਸਮਝਾ ਕੇ ਸਬਰ ਕਰਨ ਅਤੇ ਸਬਰ ਰੱਖਣ ਦੀ ਲੋੜ ਹੈ ਹੁਣ।ਵਿਰੋਧੀ ਬਹੁਤ ਰੌਲਾ ਪਾਉਣਗੇ "ਦੇਖ ਲਿਆ", "ਦੇਖ ਲਿਆ" ਦੇ ਨਾਹਰੇ ਵੀ ਲੱਗਣਗੇ।

ਪਰ ਆਪਾਂ ਨੂੰ ਇਹ ਉਮੀਦ ਅਤੇ ਹੌਸਲਾ ਜ਼ਰੂਰ ਰੱਖਣਾ ਪਵੇਗਾ ਤੇ ਚਾਹੀਦਾ ਵੀ ਹੈ ਕਿ ਰੱਬ ਦੀ ਮਿਹਰਬਾਨੀ ਸਦਕਾ ਨਵੀਂ ਸਰਕਾਰ ਦੀਆਂ ਯੋਗ ਕੋਸ਼ਿਸ਼ਾਂ ਨਾਲ ਕੁਝ ਹੀ ਸਮੇਂ ਵਿੱਚ ਸਭ ਬਿਨਾਂ ਈਧਨ ਤੋਂ ਚੱਲ ਰਹੀ ਰੇਲ ਪੱਟੜੀ ਉਪਰ ਆ ਹੀ ਜਾਵੇਗੀ। ਸ਼ੁਰੂਆਤ ਸਹੀ ਹੀ ਹੋਵੇਗੀ ਤੇ ਨਤੀਜ਼ੇ ਵੀ ਸਹੀ ਹੀ ਨਿਕਲਣਗੇ।ਅਤੇ ਰੱਬ ਦੇ ਬੰਦਿਆਂ ਨੇ ਜੋ ਜੋ ਸਹੂਲਤਾਂ ਦੇਣ ਦੇ ਵਾਅਦੇ ਕੀਤੇ ਹਨ ਉਸ ਵਿੱਚ ਪੂਰੇ ਉਤਰਨ ਵਿੱਚ ਸਫਲਤਾ ਦੀ ਪੌੜੀ ਪ੍ਰਾਪਤ ਕਰ ਲੈਣ ਅਤੇ ਆਪਾਂ ਦੋਬਾਰਾ ਵਿਸਰ ਚੁੱਕਾ ਗੀਤ ਗਾ ਸਕੀਏ ।

ਸੁਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ
ਜਿਵੇਂ ਫੁੱਲਾਂ ਵਿਚੋਂ ਫੁੱਲ ਗ਼ੁਲਾਬ ਨੀ
ਸਈਓ !!!

ਅਮਰਜੀਤ ਕੌਰ,
ਸਟੇਟ ਐਵਾਰਡੀ ਸੇਵਾਮੁਕਤ
ਮੁੱਖ ਅਧਿਆਪਕਾ

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਜ਼ੂਮ-ਮਾਧਿਅਮ ਰਾਹੀਂ 'ਅੰਤਰਰਾਸ਼ਟਰੀ ਔਰਤ ਦਿਵਸ' ਦੀ ਮਹਾਨਤਾ ਬਾਰੇ ਕੀਤੀ ਵਿਚਾਰ-ਚਰਚਾ

ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 20 ਮਾਰਚ ਨੂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਆਪਣੇ ਮਹੀਨਾਵਾਰ ਸਮਾਗ਼ਮ ਵਿਚ ਜ਼ੂਮ ਮਾਧਿਅਮ ਦੁਆਰਾ ਅੰਤਰ-ਰਾਸ਼ਟਰੀ ਔਰਤ ਦਿਵਸ ਦੀ ਮਹਾਨਤਾ ਬਾਰੇ ਵਿਚਾਰ-ਚਰਚਾ ਕੀਤੀ ਗਈ। ਇਸ ਸਮਾਗ਼ਮ ਵਿਚ ਮੁੱਖ-ਬੁਲਾਰੇ ਪੰਜਾਬੀ ਦੇ ਉੱਘੇ ਕਹਾਣੀਕਾਰ ਅਤੇ ਬਰੈਂਪਟਨ ਦੇ ਵਾਰਡ ਨੰਬਰ 9 ਤੇ 10 ਦੇ ਸਕੂਲ-ਟਰੱਸਟੀ ਬਲਬੀਰ ਸੋਹੀ ਸਨ। ਦੋਹਾਂ ਬੁਲਾਰਿਆਂ ਵੱਲੋਂ ਅੰਤਰ-ਰਾਸ਼ਟਰੀ ਪੱਧਰ 'ਤੇ ਮਨਾਏ ਜਾਂਦੇ ਔਰਤ ਦਿਵਸ ਦੇ ਮਨਾਏ ਜਾਣ ਦੀ ਸ਼ੁਰੂਆਤ, ਮਹਾਨਤਾ ਅਤੇ ਔਰਤ-ਮਰਦ ਵਿਚਕਾਰ ਅਜੇ ਵੀ ਚੱਲ ਰਹੀ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਨਾ-ਬਰਾਬਰੀ ਬਾਰੇ ਭਾਵਪੂਰਤ ਵਿਚਾਰ ਪੇਸ਼ ਕੀਤੇ ਗਏ।

ਪ੍ਰੋਗਰਾਮ ਵਿਚ ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਔਰਤ-ਦਿਵਸ ਬਾਰੇ ਸੰਖੇਪ ਵਿਚ ਦੱਸਿਆ ਅਤੇ ਇਸ ਦੇ ਨਾਲ ਹੀ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੂੰ ਮੁੱਖ-ਬੁਲਾਰਿਆਂ, ਮਹਿਮਾਨਾਂ ਤੇ ਮੈਂਬਰਾਂ ਨੂੰ 'ਜੀ-ਆਇਆਂ' ਕਹਿਣ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਆਪਣੀ ਇਹ ਡਿਊਟੀ ਨਿਭਾਉਂਦਿਆਂ ਹੋਇਆਂ ਔਰਤਾਂ ਦੇ ਸਮਾਜ ਵਿਚ ਪੂਰਾ ਸਤਿਕਾਰ ਅਤੇ ਉਨ੍ਹਾਂ ਨੂੰ ਹਰ ਪੱਖੋਂ ਬਰਾਬਰੀ ਦਾ ਅਧਿਕਾਰ ਦੇਣ ਦੀ ਗੱਲ ਕੀਤੀ। ਉਪਰੰਤ, ਸਮਾਗ਼ਮ ਦੇ ਪਹਿਲੇ ਬੁਲਾਰੇ ਕੁਲਜੀਤ ਮਾਨ ਨੇ ਆਪਣੇ ਸੰਬੋਧਨ ਵਿਚ ਵਿਸ਼ਵ-ਭਰ ਵਿਚ ਤੇਜ਼ੀ ਨਾਲ ਹੋ ਰਹੀਆਂ ਸਮਾਜਿਕ ਤੇ ਸੱਭਿਆਚਾਰਕ ਤਬਦੀਲੀਆਂ ਤੋਂ ਆਪਣੀ ਗੱਲ ਸ਼ੁਰੂ ਕੀਤੀ ਅਤੇ ਦੱਸਿਆ ਕਿ ਅੰਤਰ-ਰਾਸ਼ਟਰੀ ਔਰਤ ਦਿਵਸ ਹੁਣ ਇਕ ਤਰ੍ਹਾਂ 'ਤਬਦੀਲੀ ਦਾ ਚਿੰਨ੍ਹ' ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਔਰਤ ਜਦੋਂ ਸੰਸਥਾ ਵਜੋਂ ਜੱਦੋ-ਜਹਿਦ ਕਰਦੀ ਹੈ ਤਾਂ ਮਰਦ-ਪ੍ਰਧਾਨ ਸਮਾਜ ਵੱਲੋਂ ਇਸ ਦੀ ਵਿਰੋਧਤਾ ਕੀਤੀ ਜਾਂਦੀ ਹੈ ਪਰ ਹੁਣ ਉਸ ਨੂੰ ਇਸ ਦੀ ਪ੍ਰਵਾਹ ਨਹੀਂ ਹੈ। ਉਨ੍ਹਾਂ ਨੇ ਦੂਸਰੇ ਵਿਸ਼ਵ-ਯੁੱਧ ਵਿਚ ਔਰਤਾਂ ਵੱਲੋਂ ਮਿਲਟਰੀ ਪੱਖੋਂ ਨਿਭਾਈਆਂ ਗਈਆਂ ਪ੍ਰਮੁੱਖ ਭੂਮਿਕਾਵਾਂ ਅਤੇ 'ਇੰਟਰਨੈਸ਼ਨਲ ਵੋਮੈੱਨ ਵਾਇਲੈਂਸ ਐਕਟ' ਬਾਰੇ ਵੀ ਚਰਚਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਔਰਤਾਂ ਨੂੰ ਮਰਦਾਂ ਦੀ ਅਧੀਨਗੀ ਤੋਂ ਉੱਪਰ ਉੱਠਣ ਦੀ ਗੱਲ ਕਰਦਿਆਂ ਕਿਹਾ ਕਿ ਸਾਡੇ ਸਮਾਜ ਵਿਚ ਅਜੇ ਵੀ ਧੀ ਅਤੇ ਪੁੱਤਰ ਵਿਚ ਫ਼ਰਕ ਸਮਝਿਆ ਜਾਂਦਾ ਹੈ। ਧੀ ਦੀ ਲੋਹੜੀ ਮਨਾਉਣ ਬਾਰੇ ਸਾਨੂੰ ਅਜੇ ਵੀ ਲੋਕਾਂ ਨੂੰ ਦੱਸਣ ਦੀ ਜ਼ਰੂਰਤ ਪੈਂਦੀ ਹੈ। ਉਨ੍ਹਾਂ ਹੋਰ ਕਿਹਾ ਕਿ ਔਰਤ ਤੇ ਮਰਦ ਵਿਚਕਾਰ ਘਰ ਦੇ ਕੰਮਾਂ ਦੀ ਵੀ ਵੰਡ ਹੋਣੀ ਚਾਹੀਦੀ ਹੈ।

ਸਮਾਗ਼ਮ ਦੇ ਦੂਸਰੇ ਮੁੱਖ-ਬੁਲਾਰੇ ਬਲਬੀਰ ਸੋਹੀ ਨੇ ਔਰਤਾਂ ਵਿਚ ਸਿੱਖਿਆ ਦੇ ਮਹੱਤਵ ਬਾਰੇ ਸੰਬੋਧਨ ਕਰਦਿਆਂ ਕਿਹਾ ਕਿ ਔਰਤ ਦੇ ਪੜ੍ਹਨ-ਲਿਖਣ ਨਾਲ ਅੱਗੋਂ ਉਸ ਦੀਆਂ ਤਿੰਨ ਪੀੜ੍ਹੀਆਂ ਸਿੱਖਿਅਤ ਹੋ ਜਾਂਦੀਆਂ ਹਨ। ਇਸ ਲਈ ਸਾਨੂੰ ਲੋੜਵੰਦ ਔਰਤਾਂ ਦੀ ਪੜ੍ਹਾਈ ਵਿਚ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਹੁਣ ਤੀਕ 17 ਲੜਕੀਆਂ ਨੂੰ ਮਾਸਟਰ ਪੱਧਰ ਤੱਕ ਸਿੱਖਿਆ ਦੇਣ ਵਿਚ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਕੋਈ ਵੀ ਨਵਾਂ ਕੰਮ ਸ਼ੁਰੂ ਕਰਨ ਵਿਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਨਿੱਜੀ ਜੀਵਨ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਵੱਲੋਂ ਬਰੈਂਪਟਨ ਵਿਚ 'ਮੋਬਾਈਲ ਡੈਂਟਲ ਹਾਈਜੀਨ ਸੇਵਾ' ਆਰੰਭ ਕਰਨ ਦੀ ਪਹਿਲ ਕੀਤੀ ਗਈ ਤਾਂ ਇਸ ਦੇ ਲਈ ਟਰੱਕ ਖ਼੍ਰੀਦਣ ਵਿਚ ਹੀ ਬੜੀ ਦਿੱਕਤ ਆਈ ਸੀ। ਉਨ੍ਹਾਂ ਕਿਹਾ ਕਿ ਸਾਡੇ ਵਿਚ ਗ਼ਲਤ ਨੂੰ ਗ਼ਲਤ ਕਹਿਣ ਦੀ ਜੁਅਰਤ ਹੋਣੀ ਚਾਹੀਦੀ ਹੈ ਅਤੇ ਸਾਨੂੰ ਸੱਚ ਕਹਿਣ ਤੋਂ ਕਦੇ ਵੀ ਡਰਨਾ ਜਾਂ ਘਬਰਾਉਣਾ ਨਹੀਂ ਚਾਹੀਦਾ।

ਕੈਲਗਰੀ ਤੋਂ ਸਮਾਗ਼ਮ ਦਾ ਹਿੱਸਾ ਬਣਦਿਆਂ ਗੁਰਦੀਸ਼ ਗਰੇਵਾਲ ਨੇ ਸਮਾਜਿਕ ਬਰਾਬਰੀ ਦੇ ਧਾਰਮਿਕ ਪੱਖ ਨੂੰ ਉਜਾਗਰ ਕਰਦਿਆਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਨੇ ਔਰਤ ਨੂੰ ਮਰਦ ਦੇ ਬਰਾਬਰ ਦਰਜਾ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦੇ ਔਰਤਾਂ ਬਾਰੇ ਮਹਾਨ ਕਥਨ "ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ" ਦਾ ਹਵਾਲਾ ਦਿੰਦਿਆਂ ਅਤੇ ਗੁਰੂ ਅਮਰ ਦਾਸ ਜੀ ਵੱਲੋਂ ਸਤੀ ਪ੍ਰਥਾ ਖ਼ਤਮ ਕਰਨ ਲਈ ਭਰਪੂਰ ਆਵਾਜ਼ ਉਠਾਉਣ ਦੀ ਗੱਲ ਕਰਦਿਆਂ ਉਨ੍ਹਾਂ ਸਿੱਖ-ਇਤਿਹਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀਆਂ ਔਰਤਾਂ ਬੇਬੇ ਨਾਨਕੀ, ਬੀਬੀ ਭਾਨੀ, ਬੀਬੀ ਅਮਰੋ, ਮਾਤਾ ਗੁਜਰੀ ਅਤੇ ਮਾਈ ਭਾਗੋ ਦੀਆਂ ਵਿਸ਼ੇਸ਼ ਉਦਾਹਰਣਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਔਰਤਾਂ ਦਾ ਸਨਮਾਨ ਕਰਨ ਲਈ ਸਮਾਜ ਨੂੰ ਲੋੜੀਂਦੀ ਸਿੱਖਿਆ ਦੇਣ ਦੀ ਜ਼ਰੂਰਤ ਹੈ। ਵਿਚਾਰ-ਚਰਚਾ ਨੂੰ ਸਮੇਟਦਿਆਂ ਪ੍ਰੋ. ਰਾਮ ਸਿੰਘ ਨੇ ਕਿਹਾ ਕਿ ਸਾਰੇ ਬੁਲਾਰਿਆਂ ਵੱਲੋਂ ਸਮਾਜਿਕ ਅਸਮਾਨਤਾ ਦੇ ਮਸਲੇ ਉੱਪਰ ਬਹੁਤ ਵਧੀਆ ਵਿਚਾਰ ਪੇਸ਼ ਕੀਤੇ ਗਏ ਹਨ। ਇਹ ਸਮੱਸਿਆ ਏਸ਼ੀਅਨ ਮੁਲਕਾਂ, ਵਿਸ਼ੇਸ਼ ਕਰਕੇ ਮੁਸਲਿਮ ਦੇਸ਼ਾਂ ਵਿਚ ਵਧੇਰੇ ਗੰਭੀਰ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਬਰਾਬਰੀ ਦਾ ਅਧਿਕਾਰ ਦੇਣ ਲਈ ਕਾਨੂੰਨੀ ਅਤੇ ਰਾਜਨੀਤਕ ਦੋਹਾਂ ਹੀ ਫ਼ਰੰਟਾਂ 'ਤੇ ਗੰਭੀਰਤਾ ਨਾਲ ਯਤਨ ਕੀਤੇ ਜਾਣ ਦੀ ਜ਼ਰੂਰਤ ਹੈ। ਦਿੱਲੀ ਦੇ ਮਨਹੂਸ 'ਨਿਰਭੈ ਰੇਪ-ਕਾਂਡ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਵਿਚ ਸ਼ਾਮਲ ਚਾਰ ਦੋਸ਼ੀਆਂ ਨੂੰ ਫ਼ਾਂਸੀ ਦਿੱਤੀ ਗਈ ਸੀ ਪਰ 17 ਸਾਲ ਦੇ ਇਕ ਸੰਗੀਨ ਦੋਸ਼ੀ ਨੂੰ ਇਸ ਕਰਕੇ ਫਾਂਸੀ ਦੀ ਸਜ਼ਾ ਨਹੀਂ ਸੀ ਦਿੱਤੀ ਗਈ, ਕਿਉਂਕਿ ਉਹ ਨਾਬਾਲਗ ਸੀ ਅਤੇ ਹੁਣ ਕਾਨੂੰਨ ਵਿਚ ਲੋੜੀਦੀ ਸੋਧ ਕਰਕੇ ਗੰਭੀਰ ਦੋਸ਼ੀਆਂ ਲਈ ਫ਼ਾਸੀ ਦੀ ਪ੍ਰੋਵਿਜਨ਼ ਕਰ ਦਿੱਤੀ ਗਈ ਹੈ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਹੋਏ ਕਵੀ ਦਰਬਾਰ ਦਾ ਸੰਚਾਲਨ ਪਰਮਜੀਤ ਢਿੱਲੋਂ ਵੱਲੋਂ ਕੀਤਾ ਗਿਆ ਜਿਸ ਵਿਚ ਰਿੰਟੂ ਭਾਟੀਆ, ਗੁਰਦੀਸ਼ ਗਰੇਵਾਲ, ਪਰਮਜੀਤ ਦਿਓਲ, ਸੁਰਜੀਤ ਕੌਰ, ਅਨੰਤ ਕੌਰ, ਦਲਜੀਤ ਕੌਰ ਬਨਵੈਤ, ਮਨਜੀਤ ਸੇਖੋਂ, ਇਕਬਾਲ ਬਰਾੜ, ਸੁਖਦੇਵ ਸਿੰਘ ਝੰਡ, ਨਿਰਵੈਰ ਸਿੰਘ ਅਰੋੜਾ, ਬਲਬੀਰ ਭਲੂਰੀਆ, ਮਲੂਕ ਸਿੰਘ ਕਾਹਲੋਂ, ਮਕਸੂਦ ਚੌਧਰੀ, ਗਿਆਨ ਸਿੰਘ ਦਰਦੀ, ਪ੍ਰੋ.ਰਾਮ ਸਿੰਘ, ਪਰਮਜੀਤ ਗਿੱਲ ਅਤੇ ਪਰਮਜੀਤ ਢਿੱਲੋਂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤ ਸੁਣਾਏ। ਬਹੁਤੀਆਂ ਕਵਿਤਾਵਾਂ ਅੰਤਰ-ਰਾਸ਼ਟਰੀ ਔਰਤ ਦਿਵਸ ਨਾਲ ਸਬੰਧਿਤ ਸਨ, ਜਦ ਕਿ ਕੁਝ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਮਹਾਨ ਸ਼ਹੀਦਾਂ ਸ਼ਹੀਦੀ ਅਤੇ ਕਈ ਹੋਰ ਵਿਸ਼ਿਆਂ ਨਾਲ ਜੁੜੀਆਂ ਹੋਈਆਂ ਸਨ। ਡਾ. ਅਮਰਜੀਤ ਸਿੰਘ ਬਨਵੈਤ ਵੱਲੋਂ ਸਭਾ ਦੇ ਇਸ ਉਪਰਾਲੇ ਦੀ ਭਾਰੀ ਸਰਾਹਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸਭਾ ਵੱਲੋਂ ਅਜਿਹੇ ਦਿਨਾਂ ਦੀ ਮਹਾਨਤਾ ਉੱਪਰ 'ਤੇ ਵਿਚਾਰ ਕਰਕੇ ਇਹ ਦਿਨ ਬੜੇ ਸੁਚਾਰੂ ਤਰੀਕੇ ਨਾਲ ਮਨਾਏ ਜਾਂਦੇ ਹਨ ਅਤੇ ਇਸ ਨਾਲ ਲੋਕਾਂ ਨੂੰ ਉਸਾਰੂ ਸੇਧ ਮਿਲਦੀ ਹੈ ਅਤੇ ਸਮਾਜ ਲਈ ਸਾਰਥਿਕ ਕੰਮ ਕਰਨ ਲਈ ਉਤਸ਼ਾਹ ਮਿਲਦਾ ਹੈ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮਾਗ਼ਮ ਵਿਚ ਸ਼ਾਮਲ ਸਮੂਹ ਬੁਲਾਰਿਆਂ, ਕਵੀਆਂ-ਕਵਿੱਤਰੀਆਂ ਅਤੇ ਗਾਇਕਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿਚ ਸਭਾ ਦੇ ਸਰਗ਼ਰਮ ਮੈਂਬਰ ਡਾ. ਜਗਮੋਹਨ ਸਿੰਘ ਸੰਘਾ ਪੰਜਾਬ ਤੋਂ ਉਚੇਚੇ ਤੌਰ 'ਤੇ ਸ਼ਾਮਲ ਹੋਏ, ਜਦ ਕਿ ਉੱਥੇ ਗਏ ਇਕ ਹੋਰ ਸਰਗ਼ਰਮ ਮੈਂਬਰ ਤਲਵਿੰਦਰ ਮੰਡ ਜ਼ਰੂਰੀ ਸਮਾਜਿਕ ਰੁਝੇਵਿਆਂ ਦੇ ਕਾਰਨ ਵਿਚ ਭਾਗ ਨਾ ਲੈ ਸਕੇ। ਸਮਾਗ਼ਮ ਵਿਚ ਸ਼ਮੂਲੀਅਤ ਕਰਨ ਵਾਲਿਆਂ ਵਿਚ ਸਤਵੰਤ ਸਿੰਘ, ਮਲਵਿੰਦਰ ਸ਼ਾਇਰ, ਗਿਆਨ ਸਿੰਘ ਦਰਦੀ, ਹਰਦਿਆਲ ਸਿੰਘ ਝੀਤਾ, ਨਛੱਤਰ ਸਿੰਘ ਬਦੇਸ਼ਾ, ਸੁਰਜੀਤ ਕੌਰ, ਹਰਭਜਨ ਕੌਰ ਗਿੱਲ, ਹਰਪ੍ਰੀਤ ਕੌਰ, ਸੁਖਦੀਪ ਕੌਰ ਸੰਧੂ ਤੇ ਹੋਰ ਕਈ ਹਾਜ਼ਰ ਸਨ।





ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਕਬੱਡੀ ਡਰੱਗ ਤੋਂ ਗੁੰਡਾਗਰਦੀ ਦੇ ਜੱਫੇ ਤੱਕ



-ਪ੍ਰਿੰ. ਸਰਵਣ ਸਿੰਘ-

ਕਬੱਡੀ ਖਿਡਾਰੀਆਂ ਦੀਆਂ ਡਰੱਗ ਤੇ ਗੋਲੀਆਂ ਨਾਲ ਹੁੰਦੀਆਂ ਜੁਆਨ ਮੌਤਾਂ, ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਕਫ਼ਨ ਵਿੱਚ ਕਿੱਲ ਸਾਬਤ ਹੋ ਰਹੀਆਂ ਹਨ। ਜੇਕਰ ਇਸ ਸਾੜ੍ਹਸਤੀ ਨੂੰ ਹੁਣ ਵੀ ਨਾ ਰੋਕਿਆ ਗਿਆ ਤਾਂ ਕਬੱਡੀ ਦਾ ਭੋਗ ਪੈਣ ਵਾਲਾ ਹੀ ਸਮਝੋ। ਹਾਲੇ ਵੀ ਸੰਭਲ ਜਾਣ ਦਾ ਵੇਲਾ ਹੈ। ਸਮਾਂ ਬੀਤਣ 'ਤੇ ਫਿਰ ਸਾਨੂੰ ਖੇਡ ਲੇਖਕਾਂ ਨੂੰ ਮਿਹਣੇ ਨਾ ਮਾਰਨਾ ਕਿ ਖਿਡਾਰੀਆਂ, ਖੇਡ ਅਧਿਕਾਰੀਆਂ ਤੇ ਖੇਡ ਪ੍ਰੇਮੀਆਂ ਨੂੰ ਵੇਲੇ ਸਿਰ ਸੁਚੇਤ ਨਹੀਂ ਕੀਤਾ ਅਤੇ ਸਮਾਜ ਤੇ ਸਰਕਾਰ ਨੂੰ ਸਮੇਂ ਸਿਰ ਨਹੀਂ ਜਗਾਇਆ। ਹੁਣ ਤਾਂ 'ਕਬੱਡੀ ਡਰੱਗ ਦੇ ਜੱਫੇ' ਤੋਂ 'ਗੁੰਡਾਗਰਦੀ ਦੇ ਜੱਫੇ' ਤੱਕ ਜਾ ਪੁੱਜੀ ਹੈ। ਕਬੱਡੀ ਸਟਾਰ ਸੰਦੀਪ ਨੰਗਲ ਅੰਬੀਆ ਦਾ ਦਰਦਨਾਕ ਕਤਲ ਇਸ ਦਾ ਤਾਜ਼ਾ ਦੁਖਾਂਤ ਹੈ। ਉਸ ਦੇ ਨਿੱਕੇ-ਨਿੱਕੇ ਦੋ ਮਸੂਮ ਬੱਚੇ, ਵਿਧਵਾ ਪਤਨੀ ਤੇ ਬੁੱਢੇ ਮਾਪਿਆਂ ਦਾ ਕੀ ਹਾਲ ਹੋਵੇਗਾ?

ਕਬੱਡੀ ਵਿਚ ਡਰੱਗ ਦੀ ਐਂਟਰੀ ਦਾ ਭੇਤ ਨਸ਼ਰ ਕਰਨ ਵਾਲਾ ਲੇਖ 'ਕਬੱਡੀ ਨੂੰ ਡਰੱਗ ਦਾ ਜੱਫਾ' ਕਬੱਡੀ ਖਿਡਾਰੀਆਂ ਨੇ ਹੀ ਡਰੱਗੀ ਖਿਡਾਰੀਆਂ ਬਾਰੇ ਦੱਸ ਕੇ ਮੈਥੋਂ ਲਿਖਵਾਇਆ ਸੀ।

2007 ਵਿੱਚ ਛਪੀ ਮੇਰੀ ਕਿਤਾਬ 'ਕਬੱਡੀ ਕਬੱਡੀ ਕਬੱਡੀ' ਵਿੱਚ ਉਹ ਲੇਖ ਛਪਣ ਉਤੇ ਕਈ ਕਬੱਡੀ ਖਿਡਾਰੀ ਤੇ ਕੁਝ 'ਕਬੱਡੀ ਪ੍ਰਮੋਟਰ' ਨਾਰਾਜ਼ ਵੀ ਹੋਏ ਸਨ। ਉਨ੍ਹਾਂ ਦਾ ਉਲਾਂਭਾ ਸੀ ਕਿ ਮੈਂ ਘਰ ਦਾ ਭੇਤੀ ਹੋ ਕੇ ਲੰਕਾ ਢਾਹ ਰਿਹਾਂ ਅਤੇ ਕਹਿਣ ਲੱਗ ਪਏ ਸਨ ਪਈ ਪ੍ਰਿੰਸੀਪਲ ਹੁਣ ਕੁਮੈਂਟਰੀ ਕਰਨ ਦੀ ਥਾਂ ਸਿੱਖਿਆ ਦੇਣ ਲੱਗ ਪਿਐ। ਫਿਰ ਬਿੱਲੀ ਥੈਲਿਓਂ ਬਾਹਰ ਆ ਗਈ ਤੇ ਖਿਡਾਰੀਆਂ ਦਾ ਡਰੱਗ ਲੈਣ ਦਾ ਗੁੱਝਾ ਭੇਤ ਜੱਗ ਜ਼ਾਹਿਰ ਹੋ ਗਿਆ। 2008 ਵਿਚ ਕੈਨੇਡਾ ਤੇ ਯੂਕੇ ਦਾ ਕਬੱਡੀ ਸੀਜ਼ਨ ਖੇਡਣ ਪਹੁੰਚੇ ਢਾਈ ਸੌ ਖਿਡਾਰੀਆਂ ਵਿਚੋਂ ਡੋਪਿੰਗ ਟੈੱਸਟ ਕਰਨ 'ਤੇ 119 ਖਿਡਾਰੀ ਡਰੱਗੀ ਨਿਕਲੇ। ਭੇਤੀਆਂ ਨੇ ਦੱਸਿਆ ਕਿ ਹਰੇਕ ਸੀਜ਼ਨ ਕਰੋੜ ਕੁ ਰੁਪਏ 'ਸਪਲੀਮੈਂਟਾਂ' ਦੇ ਨਾਂ 'ਤੇ 'ਸ਼ਕਤੀਵਰ' ਬਣਨ ਲਈ ਘਾਤਕ ਡਰੱਗਾਂ ਉਤੇ ਡੋਲ੍ਹੇ ਜਾਂਦੇ ਹਨ ਜਿਸ ਨਾਲ ਡਰੱਗ ਦਾ ਧੰਦਾ ਕਰਨ ਵਾਲਿਆਂ ਦੇ ਵਾਰੇ ਨਿਆਰੇ ਹੁੰਦੇ ਹਨ। ਭੇਤ ਨਸ਼ਰ ਹੋਣ ਪਿੱਛੋਂ ਡਰੱਗ ਦਾ ਧੰਦਾ ਘਟਣ ਦੀ ਥਾਂ ਸਗੋਂ ਵਧਦਾ ਹੀ ਗਿਆ।

ਉਲਟਾ ਡਰੱਗ ਲੈਣ ਵਾਲੇ ਖਿਡਾਰੀ ਕਹਿਣ ਲੱਗ ਪਏ ਕਿ ਸਾਨੂੰ ਈ ਬਦਨਾਮ ਨਾ ਕਰੀ ਚੱਲੋ, ਸਾਡਾ ਪੱਖ ਵੀ ਦੱਸੋ ਪਈ ਅਸੀਂ ਡਰੱਗ ਕਿਉਂ ਲੈਂਦੇ ਹਾਂ? ਉਹ ਕਹਿੰਦੇ ਰਹੇ ਕਿ ਟੀਕੇ ਲਗਵਾਉਣੇ ਤੇ ਕੈਪਸੂਲ ਲੈਣੇ ਸਾਡਾ ਸ਼ੌਕ ਨਹੀਂ ਬਲਕਿ ਮਜਬੂਰੀ ਹੈ। ਅਸੀਂ ਚਾਅ ਨਾਲ

ਡੋਪਿੰਗ ਨਹੀਂ ਕਰਦੇ ਤੇ ਨਾ ਹੀ ਸਾਡਾ ਮਨ ਮੰਨਦੈ। ਪਰ ਜਦੋਂ ਮੂਹਰੇ ਦੂਜੇ ਕਲੱਬ ਦੀ ਟੀਮ ਵਾਲੇ ਟੀਕੇ ਲਾ ਕੇ ਖੜ੍ਹੇ ਹੁੰਦੇ ਆ ਤਾਂ ਫੇਰ ਅਸੀਂ ਵੀ ਓਹੀ ਕੁਛ ਕਰਦੇ ਆਂ। ਮੈਚ ਵੀ ਨਿੱਤ ਤਿੰਨ-ਤਿੰਨ ਚਾਰ-ਚਾਰ ਖੇਡਣੇ ਪੈਂਦੇ ਆ ਜਿਸ ਕਰਕੇ ਜ਼ੋਰ ਵਿਤੋਂ ਬਾਹਰਾ ਲੱਗਦੈ।

ਜਿਨ੍ਹਾਂ ਤੋਂ ਵਾਰ-ਵਾਰ ਰੇਡਾਂ ਪੁਆਈਆਂ ਜਾਂਦੀਆਂ ਜਾਂ ਜੱਫੇ 'ਤੇ ਜੱਫੇ ਲੁਆਏ ਜਾਂਦੇ ਆ ਉਹ ਡਰੱਗ ਨੀ ਲੈਣਗੇ ਤਾਂ ਹੋਰ ਕੀ ਕਰਨਗੇ?

ਉਹ ਇਹ ਵੀ ਕਹਿੰਦੇ ਆ ਰਹੇ ਹਨ ਕਿ ਸਾਡੇ 'ਤੇ ਪੈਸੇ ਲਾਉਣ ਵਾਲੇ ਅਤੇ ਇੰਡੀਆ ਤੋਂ ਖਿਡਾਰੀ ਮੰਗਾਉਣ ਵਾਲੇ ਕਲੱਬਾਂ ਦਾ ਦਬਾਅ ਹੁੰਦੈ ਪਈ ਕੱਪ ਜ਼ਰੂਰ ਜਿੱਤਣੈ, ਜਿਵੇਂ ਮਰਜ਼ੀ ਜਿੱਤੋ। ਜਿਹੜੇ ਟੀਕੇ ਆਖੋਂ ਅਸੀਂ ਆਪ ਲਿਆ ਦਿੰਨੇ ਆਂ। ਅਸੀਂ ਵੀ ਸਮਝਦੇ ਆਂ ਕਿ

ਕੱਪ ਜਿੱਤ ਕੇ ਦੇਵਾਂਗੇ ਤਾਂ ਹੀ ਅਗਲੀ ਵਾਰ ਖਿਡਾਉਣਗੇ। ਇੰਡੀਆ ਤੋਂ ਕਬੱਡੀ ਸੀਜ਼ਨ ਖੇਡਣ ਆਏ ਇਹ ਵੀ ਕਹਿੰਦੇ ਨੇ, "ਜੀ, ਮਸਾਂ ਮੌਕਾ ਮਿਲਦੈ ਬਾਹਰਲਾ ਸੀਜ਼ਨ ਖੇਡਣ ਦਾ। ਆਖੀਦੈ ਬਈ ਕਿੇ-ਟੂਕੇ ਲਾ ਕੇ ਹਜ਼ਾਰ ਦੋ ਹਜ਼ਾਰ ਡਾਲਰ/ਪੌਂਡ ਹੋਰ ਬਣਾ ਲਈਏ, ਫੇਰ ਕੀਹਨੇ ਪੁੱਛਣੈ? ਜਦੋਂ ਇੱਕ-ਇੱਕ ਜੱਫੇ 'ਤੇ ਲੱਖ-ਲੱਖ ਰੁਪਈਆਂ ਦਾ ਇਨਾਮ ਲੱਗਜੇ, ਫੇਰ ਜਾਨ ਭਾਵੇਂ ਜਾਂਦੀ ਰਹੇ, ਲੱਖ ਥੋੜ੍ਹੋ ਜਾਣ ਦੇਈਦਾ!"





ਸੱਚੀ ਗੱਲ ਹੈ ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਹੈ। ਖਿਡਾਰੀਆਂ ਨੂੰ ਡਰੱਗ 'ਤੇ

ਲਾਉਣ ਲਈ ਕੁਝ ਕਲੱਬ ਤੇ ਅਕੈਡਮੀਆਂ ਵੀ ਜ਼ਿੰਮੇਵਾਰ ਹਨ। ਕੁਝ ਕੋਚ ਵੀ ਵਗਦੀ ਗੰਗਾ 'ਚੋਂ ਹੱਥ ਧੋਂਦੇ ਸੁਣੇ ਹਨ। ਸਿੰਥੈਟਿਕ ਡਰੱਗਾਂ ਯਾਣੀ ਚਿੱਟੇ ਦਾ ਨਜਾਇਜ਼ ਧੰਦਾ ਕਰਨ ਵਾਲਿਆਂ ਦਾ ਹੱਥ ਤਾਂ ਹੈ ਹੀ, ਹਿੱਸਾ-ਪੱਤੀ ਵਾਲੇ ਹੋਰ ਵੀ ਰਲੇ ਮਿਲੇ ਹੋਣਗੇ। ਕਦੇ ਵੀ ਵੇਖ ਲਓ। ਕਬੱਡੀ ਦੇ ਟੂਰਨਾਮੈਂਟਾਂ ਵੇਲੇ ਜਿਹੜੇ ਖਿਡਾਰੀਆਂ ਦੀਆਂ ਗੱਡੀਆਂ ਬੰਬੀਆਂ ਨੇੜੇ ਖੜ੍ਹੀਆਂ ਹੁੰਦੀਆਂ ਓਥੇ ਹੁੰਦੀ ਆ ਡੋਪਿੰਗ ਦੀ ਸਾਰੀ ਕਾਰਵਾਈ। ਕਿਸੇ ਦੇ ਟੀਕਾ, ਕਿਸੇ ਨੂੰ ਕੈਪਸੂਲ ਤੇ ਕਿਸੇ ਦੇ ਸਪਰੇਅ। ਬੰਬੀਆਂ ਵਾਲਿਆਂ ਨੂੰ ਪਤਾ ਉਦੋਂ ਲੱਗਦਾ ਜਦੋਂ ਸਵੇਰੇ ਸਰਿੰਜਾਂ ਦੀਆਂ ਸੂਈਆਂ ਪੈਰਾਂ 'ਚ ਚੁਭਦੀਆਂ। ਸੱਥਾਂ 'ਚ ਗੱਲਾਂ ਹੁੰਦੀਆਂ, ਜਿਥੇ ਸੂਈਆਂ ਖਿੰਡੀਆਂ ਲੱਭਣ ਸਮਝ ਲਓ ਬਈ ਓਥੇ ਕਬੱਡੀ ਦੇ ਖਿਡਾਰੀ ਆਏ ਹੋਣਗੇ! ਡਰੱਗ ਦੇ ਭੇਤੀ ਨੇ ਭੇਤ ਦੀ ਇੱਕ ਹੋਰ ਗੱਲ ਵੀ ਦੱਸੀ: ਕਈ ਖਿਡਾਰੀ ਟੂਰਨਾਮੈਂਟ 'ਚ ਕੱਛਾ ਜਾਂਘੀਆ ਲਿਜਾਣਾ ਬੇਸ਼ੱਕ ਭੁੱਲ ਜਾਣ ਪਰ ਟੀਕਿਆਂ ਵਾਲੀ ਕਿੱਟ ਨੀ ਭੁੱਲਦੇ! ਹੁਣ ਉਹ ਗੱਲ ਨਹੀਂ ਰਹੀ ਬਈ ਮੈਚ ਓਹੀਓ ਜਿੱਤਣਗੇ, ਜਿਨ੍ਹਾਂ ਦੇ ਡੌਲਿਆਂ ਪੱਟਾਂ ਵਿੱਚ ਜਾਨਾਂ। ਹੁਣ ਤਾਂ ਉਹ ਗੱਲ ਹੋਈ ਪਈ ਐ, ਕੱਪ ਓਹੀਓ ਜਿੱਤਣਗੇ ਜਿਨ੍ਹਾਂ ਦੇ ਬੈਗਾਂ ਵਿੱਚ ਸਮਾਨਾ!

(ਬਾਕੀ ਫੇਰ)

# ਰਾਵੀ ਜਿਹਲਮ ਚਨਾਬ ਨੂੰ ਸਲਾਮ ਆਖਣਾ

-ਪ੍ਰਿੰ. ਸਰਵਣ ਸਿੰਘ-

ਮੈਂ ਸੁਪਨੇ ਲੈ ਰਿਹਾ ਸਾਂ, ਕਾਸ਼! ਭਾਰਤ-ਪਾਕਿ ਵਿਚਕਾਰ ਵੰਡੇ ਪੰਜਾਬੀ ਖਿਡਾਰੀ ਮੁੜ ਇਕੱਠੇ ਖੇਡਣ। 1950ਵਿਆਂ 'ਚ ਦੋਹਾਂ ਪੰਜਾਬਾਂ ਵਿਚਕਾਰ ਕਬੱਡੀ ਤੇ ਹਾਕੀ ਦੇ ਮੈਚ ਅਤੇ ਅਥਲੈਟਿਕਸ ਮੀਟਾਂ

ਹੋਣੀਆਂ ਸ਼ੁਰੂ ਹੋਈਆਂ ਸਨ ਜੋ 1965 ਤੇ 71 ਦੀਆਂ ਲੜਾਈਆਂ ਕਾਰਨ ਬੰਦ ਹੋ ਗਈਆਂ। 1980 'ਚ ਮੈਂ 'ਕਬੱਡੀ ਪੰਜਾਬ ਦੀ' ਵਿਚ ਲਿਖਿਆ: ਜੇਕਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਕਬੱਡੀ ਟੀਮਾਂ ਦਾ ਮੈਚ ਹੁਣ ਹੋਵੇ ਤਾਂ ਪੰਜਾਬ ਦਾ ਕੋਈ ਵੀ ਸਟੇਡੀਅਮ ਦਰਸ਼ਕਾਂ ਦੀਆਂ ਭੀੜਾਂ ਨਾ ਸਮਾ ਸਕੇ। ਇਕ ਬੰਨੇ ਲਹੌਰੀਏ, ਪਸ਼ੌਰੀਏ ਤੇ ਲਾਇਲਪੁਰੀਏ ਹੋਣਗੇ ਅਤੇ ਦੂਜੇ ਬੰਨੇ ਜਲੰਧਰੀਏ, ਹੁਸ਼ਿਆਰਪੁਰੀਏ ਤੇ ਅੰਬਰਸਰੀਏ। ਸਿਆਲਕੋਟੀਆਂ, ਫਰੀਦਕੋਟੀਆਂ, ਸ਼ੇਖੂਪੁਰੀਆਂ ਤੇ ਫਿਰੋਜ਼ਪੁਰੀਆਂ ਵਿਚਕਾਰ ਬੁਰਦਾਂ ਲੱਗਣਗੀਆਂ। ਜਿੱਤਾਂ ਹਾਰਾਂ ਹੋਣਗੀਆਂ ਤੇ ਗਿੱਧੇ ਭੰਗੜੇ ਪੈਣਗੇ। ਮਿੰਟਗੁਮਰੀਏ ਤੇ ਸੰਗਰੂਰੀਏ ਇਕ ਦੂਜੇ ਨੂੰ ਵੰਗਾਰਨਗੇ ਵੀ ਤੇ ਪਿਆਰਨਗੇ ਵੀ। ਦਰਸ਼ਕ ਦੋਹਾਂ ਪੰਜਾਬਾਂ ਦੇ ਚੋਬਰਾਂ ਦੀ ਖੇਡ ਤੋਂ ਬਲਿਹਾਰੇ ਜਾਣਗੇ। ਅਜਿਹੇ ਖੇਡ ਮੇਲੇ ਓੜਕਾਂ ਦੇ ਭਰਨਗੇ ਤੇ ਉਨ੍ਹਾਂ ਮੇਲਿਆਂ ਦੀਆਂ ਗੱਲਾਂ ਸਾਰਾ- ਸਾਰਾ ਸਾਲ ਹੁੰਦੀਆਂ ਰਹਿਣਗੀਆਂ। ਕੀ ਇਹ ਸੁਪਨਾ ਕਦੇ ਸੱਚ ਹੋਵੇਗਾ?

2001 ਵਿਚ ਹੋਈ ਲਾਹੌਰ ਦੀ ਆਲਮੀ ਪੰਜਾਬੀ ਕਾਨਫਰੰਸ ਵੀ ਯਾਦ ਆ ਗਈ ਹੈ। ਉਥੇ ਪੰਜਾਬ ਦੀਆਂ ਖੇਡਾਂ ਤੇ ਖਿਡਾਰੀਆਂ ਬਾਰੇ ਪਰਚਾ ਪੇਸ਼ ਕਰਦਿਆਂ ਮੈਂ ਸੁਝਾਅ ਦਿੱਤਾ ਸੀ ਕਿ ਕੁਲ ਦੁਨੀਆਂ ਵਿਚ ਖਿਲਰੇ ਪੰਜਾਬੀਆਂ ਦੀ 'ਪੰਜਾਬੀ ਓਲੰਪਿਕਸ' ਹੋਣੀ ਚਾਹੀਦੀ ਹੈ। ਉਸ ਦੀ ਸ਼ੁਰੂਆਤ ਲਾਹੌਰ ਤੋਂ ਹੋਵੇ। ਫਿਰ ਭਾਰਤ, ਕੈਨੇਡਾ, ਇੰਗਲੈਂਡ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਮਲਾਇਆ-ਸਿੰਗਾਪੁਰ ਤੇ ਅਰਬ-ਅਫਰੀਕਾ ਆਦਿ ਦੇ ਪੰਜਾਬੀ ਵਾਰੋ ਵਾਰੀ ਪੰਜਾਬੀ ਓਲੰਪਿਕਸ ਕਰਵਾਉਣ। ਇਸ ਸੁਝਾਅ ਦਾ ਲਾਹੌਰ ਦੇ ਅਖ਼ਬਾਰਾਂ ਵਿਚ ਸਵਾਗਤ ਹੋਇਆ ਪਰ ਮਜ਼ਬੀ ਜਨੂੰਨੀਆਂ ਨੂੰ ਨਾ ਭਾਇਆ। ਹੋਟਲ ਸ਼ਾਹਤਾਜ ਵਿਚ ਮੀਟਿੰਗ ਹੋਈ ਜਿਸ ਵਿਚ ਵਿਸ਼ਵ ਪੰਜਾਬੀਅਤ ਫਾਊਂਡੇਸ਼ਨ ਦੇ ਅਹੁਦੇਦਾਰ ਅਤੇ ਪਾਕਿਸਤਾਨ ਓਲੰਪਿਕ ਐਸੋਸੀਏਸ਼ਨ ਦੇ ਮੈਂਬਰ ਤੇ ਆਲਮੀ ਕਬੱਡੀ ਫੈਡਰੇਸ਼ਨ ਦੇ ਸਦਰ ਖੁਆਜ਼ਾ ਅਲੀ ਮੁਹੰਮਦ ਹੋਰਾਂ ਨੇ ਭਾਗ ਲਿਆ। ਸਭਨਾਂ ਨੇ ਪੰਜਾਬੀ ਓਲੰਪਿਕਸ ਦੀ ਤਜਵੀਜ਼ ਨੂੰ ਸਲਾਹਿਆ ਪਰ ਸੁਆਲ ਸੀ ਕਿ ਪਹਿਲ ਕੌਣ ਲਵੇ? ਪਹਿਲ ਕਰਨ ਲਈ ਸਰਕਾਰਾਂ ਦੀ ਸਹਿਮਤੀ ਜ਼ਰੂਰੀ ਸੀ। ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰਾਂ ਦੀ ਸਹਿਮਤੀ ਤਾਂ ਬਹੁਤ ਹੀ ਜ਼ਰੂਰੀ ਸੀ।

ਪੰਜਾਬੀ ਓਲੰਪਿਕਸ ਤੋਂ ਪਹਿਲਾਂ 'ਇੰਡੋ-ਪਾਕਿ ਪੰਜਾਬ ਖੇਡਾਂ' ਹੋਣੀਆਂ ਹੋਰ ਵੀ ਜ਼ਰੂਰੀ ਸਨ। ਆਖ਼ਰ 2004 ਵਿਚ 'ਇੰਡੋ-ਪਾਕਿ ਪੰਜਾਬ ਖੇਡਾਂ' ਪਟਿਆਲੇ ਵਿਚ ਹੋਣੀਆਂ ਤੈਅ ਹੋ ਗਈਆਂ। ਉਦੋਂ ਭਾਰਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਨ ਅਤੇ ਪਾਕਿਸਤਾਨੀ ਪੰਜਾਬ ਦੇ ਵਜ਼ੀਰੇ ਆਲਾ ਚੌਧਰੀ ਪ੍ਰਵੇਜ਼ ਇਲਾਹੀ। ਉਸ ਸਾਲ ਮੈਂ ਕੈਨੇਡਾ ਤੋਂ ਪੰਜਾਬ ਪਰਤਿਆ ਤਾਂ ਸੰਭੂ ਬਾਰਡਰ ਤੋਂ ਸੜਕਾਂ ਦੇ ਪੁਲਾਂ, ਚੌਂਕਾਂ ਤੇ ਮੋੜਾਂ ਉਤੇ ਕੈਪਟਨ ਅਮਰਿੰਦਰ ਵੱਲੋਂ ਚੌਧਰੀ ਪ੍ਰਵੇਜ਼ ਇਲਾਹੀ ਨੂੰ ਖ਼ੁਸ਼ ਆਮਦੀਦ ਕਹਿੰਦੇ ਬੈਨਰ ਦਿਖਾਈ ਦੇਣ ਲੱਗੇ। ਉਦੋਂ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਵੇਜ਼ ਇਲਾਹੀ ਦੇ ਮੇਲ ਮਿਲਾਪ ਉਤੇ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ ਹੋਇਆ। 2019 ਵਿਚ ਪਈ ਨਵਜੋਤ ਸਿੱਧੂ ਤੇ ਜਨਰਲ ਬਾਜਵੇ ਦੀ 'ਜੱਫੀ' ਵਾਂਗ ਕਿਸੇ ਦਾ ਢਿੱਡ ਨਹੀਂ ਸੀ ਦੁਖਿਆ।

ਕੈਪਟਨ ਅਮਰਿੰਦਰ ਸਿੰਘ ਲਹਿੰਦੇ ਪੰਜਾਬ ਦੇ ਵਜ਼ੀਰੇ ਆਲਾ ਨੂੰ ਬੜੇ ਆਦਰ ਮਾਣ ਨਾਲ ਜੀ ਆਇਆਂ ਕਹਿ ਰਹੇ ਸਨ। ਬੈਨਰ ਵੇਖਦਿਆਂ ਮਨ ਖ਼ੁਸ਼ ਹੋ ਰਿਹਾ ਸੀ। ਮੈਨੂੰ ਲੱਗਾ ਸੁਪਨਾ ਸੱਚ ਹੋ ਚੱਲਿਆ ਹੈ!

ਤਰਤੀਬਵਾਰ ਪਹਿਲੀਆਂ ਇੰਡੋ-ਪਾਕਿ ਪੰਜਾਬ ਖੇਡਾਂ-2004 ਪਟਿਆਲੇ, ਦੂਜੀਆਂ ਪੰਜਾਬ ਖੇਡਾਂ- 2005 ਲਾਹੌਰ ਤੇ ਤੀਜੀਆਂ ਪੰਜਾਬ ਖੇਡਾਂ-2006 ਜਲੰਧਰ ਹੋਣੀਆਂ ਤੈਅ ਸਨ। 2004 ਦੇ ਸ਼ੁਰੂ 'ਚ ਕੈਪਟਨ ਅਮਰਿੰਦਰ ਸਿੰਘ ਲਾਹੌਰ ਗਏ ਸਨ। ਉਥੇ ਪਾਕਿਸਤਾਨੀ ਭਰਾਵਾਂ ਦੀ ਪ੍ਰਾਹੁਣਚਾਰੀ ਮਾਣਦਿਆਂ ਚੌਧਰੀ ਪ੍ਰਵੇਜ਼ ਇਲਾਹੀ ਨੂੰ ਸੱਦਾ ਦੇ ਆਏ ਸਨ ਕਿ ਆਪਣੇ ਖਿਡਾਰੀ ਲੈ ਕੇ ਸਾਡੇ ਵੱਲ ਆਇਓ। ਫਿਰ ਅਸੀਂ ਵੀ ਆਪਣੇ ਖਿਡਾਰੀ ਲੈ ਕੇ ਤੁਹਾਡੇ ਵੱਲ ਆਵਾਂਗੇ। ਮੀਡੀਏ ਨੇ ਪ੍ਰਚਾਰ ਕਰ ਰੱਖਿਆ ਸੀ ਕਿ 5 ਦਸੰਬਰ ਤੋਂ 11 ਦਸੰਬਰ ਤਕ ਪਟਿਆਲੇ ਬਾਰਾਂ ਸਪੋਰਟਸ ਦੇ ਖੇਡ ਮੁਕਾਬਲੇ ਹੋਣਗੇ ਜਿਨ੍ਹਾਂ ਵਿਚ ਦੋਹਾਂ ਪਾਸਿਆਂ ਤੋਂ ਲਗਭਗ ਸੱਤ ਸੌ ਖਿਡਾਰੀ ਭਾਗ ਲੈਣਗੇ। 2005 ਵਿਚ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਪਟਿਆਲੇ 'ਚ ਹੋਈਆਂ ਇਨ੍ਹਾਂ ਖੇਡਾਂ ਬਾਰੇ 'ਜਦੋਂ ਖੇਡੇ ਪੰਜੇ ਆਬ' ਪੁਸਤਕ ਲਿਖੀ।

ਪਿੱਛਲਝਾਤ ਮਾਰੀਏ ਤਾਂ ਪਤਾ ਲੱਗਦੈ ਕਿ ਦੇਸ਼-ਵੰਡ ਤੋਂ ਪੰਜ ਸਾਲਾਂ ਬਾਅਦ ਹੀ ਦੋਹਾਂ ਪੰਜਾਬਾਂ ਵਿਚਕਾਰ ਖੇਡਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਪਹਿਲਾ ਇੰਡੋ-ਪਾਕਿ ਕ੍ਰਿਕਟ ਮੈਚ 1952 ਵਿਚ 16-19 ਅਕਤੂਬਰ ਨੂੰ ਖੇਡਿਆ ਗਿਆ ਸੀ। ਪਹਿਲਾਂ ਪਾਕਿਸਤਾਨ ਦੀ ਟੀਮ ਭਾਰਤ ਵਿਚ ਆਈ ਸੀ। ਬਲਬੀਰ ਸਿੰਘ 'ਕੰਵਲ' ਦੀ ਪੁਸਤਕ 'ਆਲਮੀ ਕਬੱਡੀ ਦਾ ਇਤਿਹਾਸ' ਵਿਚ ਕਬੱਡੀ ਮੈਚਾਂ ਦੇ ਕਾਫੀ ਵੇਰਵੇ ਮਿਲਦੇ ਹਨ। ਇੰਡੋ-ਪਾਕਿ ਮੈਚ ਵੇਖਣ ਲਈ ਖਿਡਾਰੀਆਂ ਨਾਲ ਵੱਡੀ ਗਿਣਤੀ 'ਚ ਭਾਰਤੀ ਦਰਸ਼ਕ ਵੀ ਪਾਕਿ-ਸਤਾਨ ਗਏ ਸਨ। ਬੱਸਾਂ-ਗੱਡੀਆਂ ਤੇ ਤਾਂਗੇ-ਰਿਕਸ਼ੇ ਵਾਲਿਆਂ ਨੇ ਭਾਰਤੀ ਦਰਸ਼ਕਾਂ ਤੋਂ ਕਿਰਾਇਆ ਨਹੀਂ ਸੀ ਲਿਆ। ਹਲਵਾਈਆਂ ਨੇ ਮਠਿਆਈਆਂ ਤੇ ਦੁੱਧ-ਲੱਸੀ ਦੇ ਪੈਸੇ ਨਹੀਂ ਸੀ ਲਏ। ਕਹਿੰਦੇ ਰਹੇ,"ਕਿਉਂ ਸ਼ਰਮਿੰਦੇ ਪਏ ਕਰਦੇ ਓ! ਕੋਈ ਮਹਿਮਾਨਾਂ ਤੋਂ ਵੀ ਪੈਸੇ ਵਸੂਲਦਾ ਏ?"

ਬੁਰਕਿਆਂ 'ਚ ਰਹਿਣ ਵਾਲੀਆਂ ਬੇਗਮਾਂ ਨੇ ਪੱਗਾਂ ਵਾਲੇ ਸਰਦਾਰ ਭਰਾਵਾਂ ਨੂੰ ਰੱਜ ਕੇ ਤੱਕਿਆ ਸੀ।

ਆਮ ਲੋਕ ਇਕ ਦੂਜੇ ਨੂੰ ਧਾਅ ਕੇ ਮਿਲੇ ਸਨ। ਦਾਅਵਤਾਂ ਦੇ ਦੌਰ ਚੱਲੇ ਸਨ। ਜਦੋਂ ਲੋਕਾਂ ਨੂੰ ਮਜਬੂਰੀ ਵੱਸ ਨਿਖੇੜ ਦਿੱਤਾ ਗਿਆ ਹੋਵੇ ਤੇ ਉਨ੍ਹਾਂ ਨੂੰ ਮਸੀਂ ਮਿਲਣ ਦਾ ਮੌਕਾ ਮਿਲੇ ਤਾਂ ਉਹ ਇੰਜ ਹੀ ਮਿਲਦੇ ਨੇ। ਇਹਦੇ ਬਾਰੇ ਬੜਾ ਕੁਝ ਲਿਖਿਆ ਗਿਆ ਹੈ ਤੇ ਲਿਖਿਆ ਜਾਂਦਾ ਰਹੇਗਾ। ਉਹਨਾਂ ਦਿਨਾਂ ਵਿਚ ਹੀ ਲਹਿੰਦੇ ਪੰਜਾਬ ਦੇ ਜੰਮਪਲ ਤੇ ਚੜ੍ਹਦੇ ਪੰਜਾਬ ਦੇ ਵਾਸੀ ਮਿਲਖਾ ਸਿੰਘ ਨੂੰ ਲਾਹੌਰ ਦੇ ਸਟੇਡੀਅਮ ਵਿਚ ਦੌੜਦਿਆਂ ਵੇਖ ਕੇ ਪਾਕਿਸਤਾਨ ਦੇ ਸਦਰ ਜਨਰਲ ਅਯੂਬ ਖਾਂ ਨੇ 'ਫਲਾਈਂਗ ਸਿੱਖ' ਦਾ ਖ਼ਿਤਾਬ ਦਿੱਤਾ ਸੀ।

ਬਦਕਿਸਮਤੀ ਭਾਰਤ ਤੇ ਪਾਕਿਸਤਾਨ ਦੀ, ਖ਼ਾਸ ਕਰ ਕੇ ਦੋਹਾਂ ਪੰਜਾਬਾਂ ਦੀ ਕਿ ਇੰਡੋ-ਪਾਕਿ ਖੇਡ ਮੇਲੇ ਲਗਾਤਾਰ ਨਾ ਲੱਗ ਸਕੇ। ਕਸ਼ਮੀਰ ਦੇ ਰੇੜਕੇ ਨੇ ਗੁਆਂਢੀ ਮੁਲਕਾਂ ਦੇ ਗੁਆਂਢਪੁਣੇ ਨੂੰ ਦੁਸ਼ਮਣੀ ਵਿਚ ਬਦਲੀ ਰੱਖਿਆ। ਕੁਦਰਤ ਵੱਲੋਂ ਬਖ਼ਸ਼ੀ ਖ਼ੁਸ਼ਹਾਲੀ ਵਿਚ ਹਾਕਮਾਂ ਨੇ ਕੰਗਾਲੀ ਦਾ ਕਾਲ ਪਾ ਛੱਡਿਆ। ਪਹਿਲਾਂ ਪੰਜਾਬ ਤੇ ਬੰਗਾਲ ਨੂੰ ਨਰਕ ਬਣਾਇਆ ਤੇ ਫਿਰ ਕਸ਼ਮੀਰ ਨੂੰ ਜਹੰਨਮ ਬਣਾ ਦਿੱਤਾ। ਦੋਹਾਂ ਪੰਜਾਬਾਂ ਦੀ ਤਰੱਕੀ ਦੇ ਰਾਹ 'ਚ ਵੱਡੀ ਰੁਕਾਵਟ ਇਹੋ ਹੈ ਕਿ ਇਹ ਦੋਹੇਂ ਭਾਰਤ-ਪਾਕਿ ਬਾਰਡਰ ਉਤੇ ਹਨ ਜਿਥੇ ਲੜਾਈ ਛਿੜਨ ਦਾ ਖ਼ਤਰਾ ਬਣਿਆ ਰਹਿੰਦਾ ਹੈ। ਲੜਾਈ ਦੀ ਬਹੁਤੀ ਮਾਰ ਬਾਰਡਰ ਵਾਲਿਆਂ ਨੂੰ ਹੀ ਪੈਂਦੀ ਹੈ। ਕਸ਼ਮੀਰ ਦੇ ਨਾਂ ਉਤੇ ਜਿਹੜੀ ਵੀ ਲੜਾਈ ਲੱਗਦੀ ਹੈ ਉਹਦਾ ਬਹੁਤਾ ਸੇਕ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਲੱਗਦਾ ਹੈ। ਪੰਜਾਬ ਵਿਚ ਵੱਡੀ ਇੰਡਸਟਰੀ ਇਸੇ ਬਹਾਨੇ ਨਹੀਂ ਲਾਈ ਜਾਂਦੀ ਕਿ ਪੰਜਾਬ ਤੋਪਾਂ ਤੇ ਡਰੋਨਾਂ ਦੀ ਮਾਰ ਹੇਠ ਹੈ। ਹੋਰ ਤਾਂ ਹੋਰ ਪੰਜਾਬ ਦੇ ਹਵਾਈ ਮੁਸਾਫ਼ਰਾਂ ਲਈ ਅੰਮ੍ਰਿਤਸਰ ਦਾ ਹਵਾਈ ਅੱਡਾ ਵੀ ਓਡਾ ਵੱਡਾ ਕੌਮਾਂਤਰੀ ਅੱਡਾ ਨਹੀਂ ਬਣਾਇਆ ਗਿਆ ਜਿੱਡੇ ਦੀ ਲੋੜ ਸੀ। ਇਸੇ ਕਰਕੇ ਲੱਖਾਂ ਪੰਜਾਬੀ ਮੁਸਾਫ਼ਿਰ ਦਿੱਲੀ ਦੇ ਧੱਕੇ ਖਾਣ ਲਈ ਮਜਬੂਰ ਹਨ।

ਜੇਕਰ ਅਮਨ ਅਮਾਨ ਰਹੇ ਤਾਂ ਬੰਦਰਗਾਹਾਂ ਵਾਂਗ ਸਰਹੱਦਾਂ ਦੇ ਸ਼ਹਿਰ ਸਗੋਂ ਵਧੇਰੇ ਵਿਕਾਸ ਕਰਨ।

ਅਮਨ ਅਮਾਨ ਰਵ੍ਹੇ ਤਾਂ ਅੰਮ੍ਰਿਤਸਰ ਤੇ ਲਾਹੌਰ ਇਕ ਦੂਜੇ ਨਾਲ ਹੱਥ ਮਿਲਾ ਸਕਦੇ ਹਨ। ਫਿਰੋਜ਼ਪੁਰ ਤੇ ਕਸੂਰ ਅਤੇ ਫਾਜ਼ਿਲਕਾ ਤੇ ਪਾਕਪਟਨ ਹੋਰ ਨੇੜੇ ਹੋ ਸਕਦੇ ਹਨ। ਪੰਜਾਬ ਦੀ ਵੰਡ ਨਾ ਹੁੰਦੀ ਤਾਂ ਏਸ਼ੀਆ ਦੀ ਸਭ ਤੋਂ ਵੱਡੀ ਉੱਨ ਮੰਡੀ ਫਾਜ਼ਿਲਕਾ ਤੋਂ ਹੈੱਡ ਸੁਲੇਮਾਨਕੀ ਤਕ ਜਾ ਲੱਗਣੀ ਸੀ ਤੇ ਕਰਤਾਰਪੁਰ ਸਾਹਿਬ ਡੇਰਾ ਬਾਬਾ ਨਾਨਕ ਨਾਲ ਆ ਲੱਗਣਾ ਸੀ। ਹੁਣ ਵੀ ਬੀਤ ਗਏ 'ਤੇ ਝੂਰਨ ਦੀ ਥਾਂ ਉਹਤੋਂ ਸਬਕ ਸਿੱਖਣ ਦੀ ਲੋੜ ਹੈ।

ਪਿਛਲੇ ਵਰ੍ਹਿਆਂ ਵਿਚ ਕੌਮਾਂਤਰੀ ਪੱਧਰ 'ਤੇ ਕਈ ਐਸੀਆਂ ਘਟਨਾਵਾਂ ਘਟੀਆਂ ਜਿਨ੍ਹਾਂ ਨਾਲ ਵਿਛੜਿਆਂ ਦੇ ਮੁੜ ਮੇਲੇ ਹੋਏ ਹਨ। ਜਰਮਨਾਂ ਨੇ ਜਰਮਨ ਭਾਈਚਾਰੇ ਨੂੰ ਵੰਡਦੀ ਬਰਲਿਨ ਦੀ ਦੀਵਾਰ ਢਾਹ ਘੱਤੀ ਹੈ। ਵੀਅਤਨਾਮੀਏ ਵਿਛੜ ਕੇ ਇਕ ਹੋਏ ਸਨ। ਦੱਖਣੀ ਤੇ ਉੱਤਰੀ ਕੋਰੀਆ ਦੇ ਲੋਕ ਬਾਹਾਂ ਅੱਡ ਕੇ ਇਕ ਦੂਜੇ ਵੱਲ ਵਧੇ ਹਨ। ਪੰਜਾਬੀਆਂ ਦੇ ਕਾਫ਼ਲੇ ਵੀ ਧਾਅ ਕੇ ਇਕ ਦੂਜੇ ਨੂੰ ਮਿਲਣ ਲਈ ਉਮਡ ਪੈਣ ਤਾਂ ਕੋਈ ਵਜ੍ਹਾ ਨਹੀਂ ਕਿ ਚਲਾਕ ਸਿਆ-ਸਤਦਾਨ ਹਮੇਸ਼ਾਂ ਲਈ ਉਨ੍ਹਾਂ ਦੇ ਰਾਹ ਰੋਕੀ ਰੱਖਣ। ਮਿਲ ਬਹਿਣ ਨਾਲ ਹੀ ਮਸਲੇ ਸੁਲਝਦੇ ਹਨ। ਲੜਾਈਆਂ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀਆਂ। ਖੇਡਾਂ ਨੂੰ ਐਵੇਂ ਨਹੀਂ ਲੜਾਈਆਂ ਦਾ ਬਦਲ ਕਿਹਾ ਜਾਂਦਾ। ਓਲੰਪਿਕ ਖੇਡਾਂ ਦੇ ਬਾਨੀ ਬੈਰਨ ਦਿ ਕੂਬਰਤਿਨ ਨੇ ਕਿਹਾ ਸੀ ਕਿ ਖਿਡਾਰੀਆਂ ਨੂੰ ਇਕ ਦੂਜੇ ਦੇ ਦੇਸ਼ ਭੇਜਣਾ ਸਭ ਤੋਂ ਸੱਚਾ ਤੇ ਸੁੱਚਾ ਵਪਾਰ ਹੈ। ਭਾਰਤ ਤੇ ਪਾਕਿਸਤਾਨ ਦੇ ਹੁੱਜਤੀ ਹਾਕਮਾਂ ਨੇ ਦੋਹਾਂ ਮੁਲਕਾਂ ਨੂੰ ਲੜਾ ਕੇ ਬਥੇਰਾ ਨੁਕਸਾਨ ਕਰਵਾ ਲਿਆ। ਹੁਣ ਅਮਨ ਅਮਾਨ ਨਾਲ ਵਸ ਕੇ ਵੇਖਣ ਕਿ ਹਿੰਦ-ਮਹਾਂਦੀਪ ਮੁੜ ਸੋਨੇ ਦੀ ਚਿੜੀ ਕਿਵੇਂ ਬਣਦਾ ਹੈ?

ਜਿਵੇਂ ਯੂਰਪ ਦੇ ਲੋਕ ਇਕ ਦੂਜੇ ਦੇ ਮੁਲਕ ਆਸਾਨੀ ਨਾਲ ਆ ਜਾ ਸਕਦੇ ਹਨ ਕੀ ਹਿੰਦ-ਪਾਕਿ ਦੇ ਲੋਕ ਵੀ ਇਕ ਦੂਜੇ ਨੂੰ ਖੁੱਲ੍ਹੇ ਮਿਲ ਗਿਲ ਸਕਣਗੇ? ਇਕ ਦੂਜੇ ਦਾ ਦੁੱਖ ਵੰਡਾਅ ਸਕਣਗੇ ਤੇ ਸੁੱਖ ਸਾਂਝਾ ਕਰ ਸਕਣਗੇ? ਕੰਡੇਦਾਰ ਤਾਰਾਂ ਉਨ੍ਹਾਂ ਦੇ ਰਾਹ ਨਹੀਂ ਰੋਕ ਸਣਗੀਆਂ? ਸੰਭਵ ਹੈ ਸ਼ਾਇਰ ਮੁਹੰਮਦ ਇਕਬਾਲ ਦਾ ਤਰਾਨਾ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਮੁੜ ਗੂੰਜਣ ਲੱਗ ਪਵੇ। ਫ਼ਿਰੋਜ਼ਦੀਨ ਸ਼ਰਫ਼ ਦਾ ਗੀਤ ਸੱਚਾ ਸਾਬਤ ਹੋਵੇ: ਸੋਹਣਾ ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀ ਸਹੀਓ...।

ਪੇਸ਼ ਹਨ ਡਾ. ਚਹਿਲ ਦੀ ਪੁਸਤਕ 'ਜਦੋਂ ਖੇਡੇ ਪੰਜੇ ਆਬ' ਵਿਚੋਂ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ ਦੇ ਕੁਝ ਨਜ਼ਾਰੇ:

ਲਾਹੌਰੋਂ ਆਈ ਅਮਨਜੋਤ ਭਾਰਤ-ਪਾਕਿ ਪੰਜਾਬ ਖੇਡਾਂ ਦੇ ਬੀਜੇ ਗਏ ਬੂਟੇ 'ਤੇ ਪਹਿਲੀ ਕਰੂੰਬਲ ਉਸ ਵੇਲੇ ਫੁੱਟੀ ਜਦੋਂ ਇਨ੍ਹਾਂ ਖੇਡਾਂ ਦੀ ਸ਼ੁਰੂਆਤ ਲਈ ਅਮਨ ਦੀ ਮਸ਼ਾਲ ਜਗਾਈ ਗਈ। ਲਹਿੰਦੇ ਪੰਜਾਬ ਦੇ ਖੇਡ ਮੰਤਰੀ ਨਈਮ- ਉੱਲਾ ਸ਼ਾਹੀ, ਰੁਸਤਮੇ-ਪਾਕਿ ਪਹਿਲਵਾਨ ਬਸ਼ੀਰ ਭੋਲਾ ਤੇ ਪਾਕਿਸਤਾਨੀ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਇੰਦਰੀਸ ਹੈਦਰ ਖਵਾਜਾ ਇਸ ਜੋਤ ਨੂੰ ਵਾਹਗਾ ਬਾਰਡਰ ਤਕ

ਲਿਆਏ। ਉੱਡਣੇ ਸਿੱਖ ਮਿਲਖਾ ਸਿੰਘ ਨੇ ਮਸ਼ਾਲ ਬੜੇ ਚਾਅ ਉਤਸ਼ਾਹ ਨਾਲ ਆਪਣੇ ਪੰਜਾਬੀ ਭਰਾਵਾਂ ਤੋਂ ਫੜੀ ਤੇ ਮਸ਼ਾਲ ਉੱਚੀ ਕਰ ਕੇ ਦੌੜਿਆ...।

4 ਦਸੰਬਰ ਦੀ ਰਾਤ ਕਿਲਾ ਮੁਬਾਰਕ ਪਟਿਆਲਾ ਵਿਚ ਜੋਤੀ ਜਗਦੀ ਰੱਖ ਕੇ 5 ਦਸੰਬਰ ਨੂੰ ਪਹਿਲੀਆਂ ਪੰਜਾਬ ਖੇਡਾਂ ਦੇ ਉਦਘਾਟਨੀ ਸਮਾਰੋਹ ਲਈ ਸਜੇ ਯਾਦਵਿੰਦਰਾ ਸਟੇਡੀਅਮ ਵੱਲ ਰਵਾਨਾ ਹੋਈ। ਇਕ ਕਰੋੜ ਦੀ ਲਾਗਤ ਵਾਲੀ ਦੂਧੀਆ ਰੋਸ਼ਨੀ 'ਚ ਲਿਸ਼ਕਦੇ ਸਟੇਡੀਅਮ ਨੂੰ ਸੰਗੀਤਕ ਧੁਨਾਂ ਚਾਰ ਚੰਨ ਲਾ ਰਹੀਆਂ ਸਨ। ਜਿੰਨਾ ਚਿਰ ਕੈਪਟਨ ਅਮਰਿੰਦਰ ਸਿੰਘ ਤੇ ਚੌਧਰੀ ਪ੍ਰਵੇਜ਼ ਇਲਾਹੀ ਖੁੱਲ੍ਹੀ ਜੀਪ 'ਚ ਸਟੇਡੀਅਮ ਦਾ ਚੱਕਰ ਕੱਢਦੇ ਰਹੇ ਦਰਸ਼ਕ ਖੜ੍ਹੇ ਹੋ ਕੇ ਤਾੜੀਆਂ ਮਾਰਦੇ ਰਹੇ ਅਤੇ ਕੁਮੈਂਟਰੀ ਦੇ ਬਾਦ-ਸ਼ਾਹ ਜਸਦੇਵ ਸਿੰਘ ਦੇ ਬੋਲ ਸਭਨਾਂ ਨੂੰ ਸਰਸ਼ਾਰ ਕਰਦੇ ਰਹੇ।

ਕੈਪਟਨ ਅਮਰਿੰਦਰ ਸਿੰਘ ਤੋਂ ਖ਼ੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ। ਦੋਹਾਂ ਪੰਜਾਬਾਂ ਦੇ ਮੇਲ ਗੇਲ ਵਿਚ ਗਦਗਦ ਹੁੰਦਿਆਂ ਉਹਦੇ ਬੋਲ ਗੂੰਜੇ, "ਇਕ ਦਿਨ ਇਹ ਬਾਰਡਰ-ਸ਼ਾਡਰ ਖ਼ਤਮ ਹੋ ਜਾਣਗੇ ਤੇ ਸਭ ਗੇਟ-ਸ਼ੇਟ ਖੁੱਲ੍ਹ ਜਾਣਗੇ। ਜੇਕਰ ਸਾਡੇ ਸੰਬੰਧ ਇਸ ਤਰ੍ਹਾਂ ਹੀ ਮਿੱਠੇ ਹੁੰਦੇ ਗਏ ਤਾਂ ਦੁਨੀਆ ਦੀ ਕੋਈ ਵੀ ਤਾਕਤ ਸਤਵੰਜਾ ਸਾਲ ਪਹਿਲਾਂ ਵਿਛੜੇ ਭਰਾਵਾਂ ਦੇ ਮਿਲਾਪ ਵਿਚ ਅੜਿੱਕਾ ਨਹੀਂ ਬਣ ਸਕੇਗੀ।"

ਉਹਦੇ ਬੋਲਾਂ ਨਾਲ ਸਾਰਾ ਸਟੇਡੀਅਮ ਤਾੜੀਆਂ ਨਾਲ ਗੂੰਜ ਉਠਿਆ। ਉਨ੍ਹਾਂ ਐਲਾਨ ਕੀਤਾ ਕਿ ਇਹ ਖੇਡਾਂ ਭਾਰਤ-ਪਾਕਿ ਵਿਚਕਾਰ ਅਮਨ ਤੇ ਦੋਸਤੀ ਦਾ ਮੀਲ ਪੱਥਰ ਸਾਬਤ ਹੋਣਗੀਆਂ। ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪ੍ਰਵੇਜ਼ ਇਲਾਹੀ ਨੇ ਬੜੇ ਵਿਸਵਾਸ਼ ਨਾਲ ਕਿਹਾ, "ਅਸੀਂ ਸਦੀਵੀ ਅਮਨ ਤੇ ਮਿਲਾਪ ਦੀ ਮੰਜ਼ਲ ਲਈ ਰਸਤਾ ਲੱਭ ਲਿਆ ਹੈ। ਲੋੜ ਇਸ 'ਤੇ ਇੱਕਜੁੱਟ ਹੋ ਕੇ ਤੁਰਨ ਦੀ ਹੈ।" ਉਨ੍ਹਾਂ ਚੜ੍ਹਦੇ ਪੰਜਾਬ ਦੇ ਵਾਸੀਆਂ ਨੂੰ ਅਗਲੇ ਸਾਲ ਲਾਹੌਰ ਦੀਆਂ ਪੰਜਾਬ ਖੇਡਾਂ 'ਚ ਸ਼ਾਮਲ ਹੋਣ ਦਾ ਨਿੱਘਾ ਸੱਦਾ ਦਿੱਤਾ।

ਬਰਕਤ ਸਿੱਧੂ ਤੇ ਮਨਪ੍ਰੀਤ ਅਖ਼ਤਰ ਨੇ ਜਿਉਂ ਹੀ ਬਾਬਾ ਫਰੀਦ ਜੀ ਦਾ ਸਲੋਕ 'ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ' ਉਚਾਰਿਆ ਤਾਂ ਸੌ ਕੁ ਕਲਾਕਾਰਾਂ ਨੇ ਪ੍ਰਵੇਸ਼ ਕੀਤਾ। ਮੰਚ ਤੋਂ ਰੁਦਨਮਈ ਆਵਾਜ਼ ਕੁਰਲਾ ਰਹੀ ਸੀ ਜਿਸ ਨਾਲ ਕਾਲੀਆਂ ਪੁਸ਼ਾਕਾਂ ਪਹਿਨੀ ਕਲਾਕਾਰ 1947 ਦੇ ਕਰੁਣਾਮਈ ਦ੍ਰਿਸ਼ ਪੇਸ਼ ਕਰ ਰਹੇ ਸਨ। ਫਿਰ ਹੰਸ ਰਾਜ ਹੰਸ ਨੇ ਪ੍ਰੋ. ਮੋਹਨ ਸਿੰਘ ਦਾ ਗੀਤ ਕੁੜੀਆਂ ਚਿੜੀਆਂ ਨਾਲ ਝੂੰਮ ਝੂੰਮ ਕੇ ਗਾਇਆ-ਨੀ ਅੱਜ ਕੋਈ ਆਇਆ ਸਾਡੇ ਵਿਹੜੇ, ਤੱਕਣ ਚੰਨ ਸੂਰਜ ਢੁੱਕ ਢੁੱਕ ਨੇੜੇ, ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ, ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ, ਆਇਆ ਨੀ ਲੱਖ ਨਾਲ ਬਹਾਰਾਂ ਲੈ ਕੇ, ਭਰੇ ਸੂ ਸਾਡੇ ਅੰਗ ਅੰਗ ਵਿਚ ਖੇੜੇ...।

ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਧੀ ਡੌਲੀ ਗੁਲੇਰੀਆ ਨੇ ਗਾਇਆ-ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ, ਮਸਤ ਅਲੀ ਨੇ-ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ, ਹਰਿਭਜਨ ਮਾਨ ਨੇ-ਲੰਮੀ ਧੌਣ ਕਸੀਦਾ ਕੱਢਦੀ ਤੇ ਸਰਦੂਲ ਸਿਕੰਦਰ ਨੇ ਹੀਰ ਗਾ ਕੇ ਬਹਿਜਾ-ਬਹਿਜਾ ਕਰਾ ਦਿੱਤੀ। ਗੁਰਮੀਤ ਬਾਵਾ ਦੀ ਲੰਮੀ ਹੇਕ ਜਿਵੇਂ ਵਾਹਗਿਓਂ ਪਾਰ ਲਾਹੌਰ ਜਾ ਪੁੱਜੀ ਹੋਵੇ। ਮਲਕਾ-ਏ-ਤਰੰਨੁਮ ਰੇਸ਼ਮਾ ਦੀ ਰੇਸ਼ਮੀ ਆਵਾਜ਼ ਕੂਕੀ-ਲਾਲ ਮੇਰੀ ਪੱਤ ਰਖਿਓ ਬਲਾ...। ਸ਼ੇਖ ਮੀਆਂ ਦਾਦ ਦੀ ਕਵਾਲੀ-ਮੈਂ ਰਾਜ਼ ਦੀਆਂ ਗੱਲਾਂ, ਦੱਸ ਕੀਹਨੂੰ ਕੀਹਨੂੰ ਦੱਸਾਂ...। ਅਖ਼ੀਰ ਵਿਚ ਫਿਰ ਹਰਭਜਨ ਮਾਨ ਨੇ ਕਵੀਸ਼ਰ ਕਰਨੈਲ ਸਿੰਘ ਪਾਰਸ ਦਾ ਸਦਾਬਹਾਰ ਗੀਤ ਗਾਇਆ: ਆ ਸੋਹਣਿਆਂ ਵੇ ਜੱਗ ਜਿਓਂਦਿਆਂ ਦੇ ਮੇਲੇ...।

ਮੋਹ ਭਿੱਜੀ ਸਲਾਮ

ਸਮਾਪਤੀ ਸਮਾਰੋਹ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ, "ਮੇਰੇ ਦਿਲ ਵਿਚ ਚਿਰੋਕਣੀ ਤਮੰਨਾ ਸੀ ਕਿ ਮੈਂ ਵੀ ਆਪਣੇ ਪੁਰਖਿਆਂ ਵਾਂਗ ਖੇਡਾਂ ਦੇ ਖੇਤਰ ਵਿਚ ਕੁਝ ਯੋਗਦਾਨ ਪਾਵਾਂ। ਮੈਂ ਖੇਡਾਂ ਦੀ ਬਿਹਤਰੀ ਦੇ ਨਾਲ ਸਾਂਝੇ ਪੰਜਾਬ ਦੀਆਂ ਯਾਦਾਂ ਮੁੜ ਸੁਰਜੀਤ ਕਰਨ ਦੇ ਸੁਪਨੇ ਲਾਹੌਰ ਜਾ ਕੇ ਚੌਧਰੀ ਪ੍ਰਵੇਜ਼ ਇਲਾਹੀ ਨਾਲ ਹੋਈ ਮੁਲਾਕਾਤ ਦੌਰਾਨ ਲਏ ਸਨ। ਉਹਨਾਂ ਸੁਪਨਿਆਂ ਨੂੰ ਸਾਕਾਰ ਕਰਨ ਦਾ ਸਬੱਬ ਸਾਰੇ ਪੰਜਾਬੀਆਂ ਦੇ ਸਹਿਯੋਗ ਨਾਲ ਪਟਿਆਲੇ ਦੀ ਧਰਤੀ 'ਤੇ ਬਣਿਆ। ਇਨ੍ਹਾਂ ਖੇਡਾਂ ਨਾਲ ਦੋਸਤੀ ਦੀ ਜੋ ਲਹਿਰ ਪੈਦਾ ਹੋਈ ਹੈ, ਇਹਦੇ ਭਵਿੱਖ ਵਿਚ ਵਧਣ ਫੁੱਲਣ ਲਈ ਸਾਨੂੰ ਸਭ ਨੂੰ ਅਰਦਾਸਾਂ ਕਰਦੇ ਰਹਿਣ ਚਾਹੀਦਾ ਹੈ।" ਸੁਆਲ ਹੈ ਕੀ ਕੈਪਟਨ ਅਮਰਿੰਦਰ ਸਿੰਘ ਅਜੇ ਵੀ ਅਜਿਹੀਆਂ ਅਰਦਾਸਾਂ ਕਰਦੇ ਹਨ?

ਮੇਲਾ ਵਿਛੜਣ ਤੋਂ ਪਹਿਲਾਂ ਪੰਜਾਬ ਦੇ ਲਾਡਲੇ ਸ਼ਾਇਰ ਸੁਰਜੀਤ ਪਾਤਰ ਨੇ ਮਹਿਮਾਨਾਂ ਨੂੰ ਸਲਾਮ ਕਹਿੰਦਿਆਂ ਗਾਇਆ ਸੀ:

ਰਾਵੀ ਜਿਹਲਮ ਚਨਾਬ ਨੂੰ ਸਲਾਮ
ਆਖਣਾ
ਅਸੀਂ ਮੰਗਦੇ ਹਾਂ ਖ਼ੈਰ ਸੁਬ੍ਹਾ ਸ਼ਾਮ
ਆਖਣਾ...

## ਹਲਕਾ ਫੁਲਕਾ

ਮਾਂ (ਬੇਟੇ ਨੂੰ), "ਬੇਟਾ, ਤੂੰ ਤਾਂ ਪੜ੍ਹਨ ਵਿੱਚ ਬੜਾ ਹੁਸ਼ਿਆਰ ਏਂ, ਫਿਰ ਟਿਊਸ਼ਨ ਰੱਖਣ ਦੀ ਕੀ ਲੋੜ ਹੈ?"
ਬੇਟਾ (ਮਾਸੂਮੀਅਤ ਨਾਲ), "ਮਾਂ, ਤੂੰ ਵੀ ਤਾਂ ਘਰ ਦਾ ਕੰਮ ਕਰਨ ਵਿੱਚ ਹੁਸ਼ਿਆਰ ਏਂ ਫਿਰ ਕੰਮ ਵਾਲੀ ਰੱਖਣ ਦੀ ਕੀ ਜ਼ਰੂਰਤ ਹੈ।"

*******

ਲੜਕੀ (ਪੱਪੂ ਨੂੰ), "ਇੰਨੀ ਸ਼ਰਾਬ ਕਿਉਂ ਪੀਂਦਾ ਏਂ?"
ਪੱਪੂ, "ਪ੍ਰੇਮਿਕਾ ਨਾਲ ਬ੍ਰੇਕਅਪ ਹੋ ਗਿਆ, ਇਸ ਲਈ।"
ਲੜਕੀ, "ਬ੍ਰੇਕਅਪ ਕਿਉਂ ਹੋਇਆ?"
ਪੱਪੂ, "ਸ਼ਰਾਬ ਪੀਂਦਾ ਸੀ ਤਾਂ ਕਰ ਕੇ।"

********

ਭਗਵਾਨ, "ਕੀ ਚਾਹੀਦੈ ਤੈਨੂੰ?"
ਨੀਰਜ, "ਇੱਕ ਨੌਕਰੀ, ਪੈਸਿਆਂ ਨਾਲ ਭਰਿਆ ਕਮਰਾ, ਸਕੂਨ ਦੀ ਨੀਂਦ ਅਤੇ ਗਰਮੀ ਤੋਂ ਛੁਟਕਾਰਾ।"
ਭਗਵਾਨ, "ਤਥਾ-ਅਸਤੂ।"
ਨੀਰਜ ਅੱਜਕੱਲ੍ਹ ਬੈਂਕ ਦੇ ਏ ਟੀ ਐੱਮ ਦਾ ਸਕਿਓਰਿਟੀ ਗਾਰਡ ਹੈ ਅਤੇ ਉਹ ਏ ਸੀ ਵਿੱਚ ਸੁੱਤਾ ਰਹਿੰਦਾ ਹੈ।

*******

ਟ੍ਰਿੰਗ... ਟ੍ਰਿੰਗ..
ਪਤੀ, "ਹੈਲੋ ਅੱਜ ਖਾਣੇ ਵਿੱਚ ਕੀ ਬਣਿਆ ਹੈ?"
ਪਤਨੀ (ਜੋ ਕਿਸੇ ਗੱਲ ਕਾਰਨ ਗੁੱਸੇ ਵਿੱਚ ਸੀ), "ਜ਼ਹਿਰ।"
ਪਤੀ, "ਮੈਂ ਦੇਰ ਨਾਲ ਆਵਾਂਗਾ, ਤੂੰ ਖਾ ਕੇ ਸੌਂ ਜਾਵੀਂ।"


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਨਵੀਂ ਸਰਕਾਰ ਤੋਂ ਨਵੀਆਂ ਆਸਾਂ, ਕਿਰਦੇ ਜਾਂਦੇ ਸਮੇਂ ਨੂੰ ਵਰਤਣਾ ਤੇ ਕੁਝ ਕਰ ਕੇ ਦਿਖਾਉਣਾ ਪਵੇਗਾ



ਪੰਜਾਬ ਇੱਕ ਵੱਡੀ ਤਬਦੀਲੀ ਦਾ ਗਵਾਹ ਬਣਦਾ ਪਿਆ ਹੈ। ਸਗੋਂ ਵੱਧ ਠੀਕ ਕਿਹਾ ਜਾਵੇ ਤਾਂ ਇਹ ਤਬਦੀਲੀ ਦਾ ਗਵਾਹ ਬਣ ਚੁੱਕਾ ਹੈ। ਪਿਛਲਾ ਸਮਾਂ ਨਾ ਵੀ ਗਿਣੀਏ ਤਾਂ ਹਰਿਆਣੇ ਨੂੰ ਕੱਢ ਦੇਣ ਪਿੱਛੋਂ ਬਾਕੀ ਬਚੇ ਮੌਜੂਦਾ ਪੰਜਾਬ ਵਿੱਚ ਤੇਈ-ਤੇਈ ਸਾਲਾਂ ਤੋਂ ਵੱਧ ਅਗਵਾਈ ਕਰ ਚੁੱਕੀਆਂ ਦੋ ਵੱਡੀਆਂ ਪਾਰਟੀਆਂ, ਕਾਂਗਰਸ ਤੇ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਲੋਕਾਂ ਨੇ ਰੱਦ ਕਰ ਕੇ ਇੱਕ ਨਵੀਂ ਪਾਰਟੀ ਨੂੰ ਅਗਵਾਈ ਸੌਂਪ ਦਿੱਤੀ ਹੈ। ਇਸ ਪਾਰਟੀ ਦੀ ਜਿੱਤ ਵੀ ਏਨੀ ਜ਼ੋਰਦਾਰ ਹੈ ਕਿ ਇੱਕ ਸੌ ਸਤਾਰਾਂ ਵਿੱਚੋਂ ਬਾਨਵੇਂ ਵਿਧਾਇਕ ਇਸ ਇੱਕੋ ਪਾਰਟੀ ਦੇ ਚੁਣੇ ਗਏ ਤੇ ਦੂਸਰਿਆਂ ਦੀ ਸ਼ਰਮਨਾਕ ਹਾਰ ਹੋਈ ਹੈ। ਕਾਂਗਰਸ ਪਾਰਟੀ ਮਸਾਂ ਡੇਢ ਦਰਜਨ ਵਿਧਾਇਕ ਜਿਤਵਾ ਸਕੀ ਤੇ ਅਕਾਲੀ ਦਲ ਲਈ ਪੰਜਾਬ ਦੇ ਤਿੰਨਾਂ ਖੇਤਰਾਂ ਮਾਝਾ, ਮਾਲਵਾ ਤੇ ਦੋਆਬਾ ਤੋਂ ਮਸਾਂ ਇੱਕ-ਇੱਕ ਵਿਧਾਇਕ ਮਿਲਾ ਕੇ ਤਿੰਨ ਜਣੇ ਜਿੱਤ ਸਕੇ ਹਨ ਤੇ ਦੋਵਾਂ ਪਾਰਟੀਆਂ ਦੀ ਮੁੱਖ ਲੀਡਰਸ਼ਿਪ ਅਸਲੋਂ ਰੁਲ ਗਈ ਹੈ। ਲੋਕਾਂ ਨੇ ਇੱਕੋ ਵਾਰ ਕਾਂਗਰਸੀ ਮੁੱਖ ਮੰਤਰੀ ਨੂੰ ਦੋ ਹਲਕਿਆਂ ਵਿੱਚੋਂ ਹਰਾ ਦਿੱਤਾ ਅਤੇ ਇਸ ਪਾਰਟੀ ਦੇ ਦੋ ਸਾਬਕਾ ਮੁੱਖ ਮੰਤਰੀ ਵੀ ਇਸ ਚੋਣ ਵਿੱਚ ਹਾਰ ਗਏ। ਪੰਜਾਬ ਦੇ ਸਿਆਸੀ ਖੇਤਰ ਵਿੱਚ ਕਾਂਗਰਸ ਦੀ ਅੱਧੀ ਸਦੀ ਤੋਂ ਵੱਧ ਸਮਾਂ ਸ਼ਰੀਕਣੀ ਬਣਦੀ ਰਹੀ ਅਕਾਲੀ ਪਾਰਟੀ ਦਾ ਪੰਜ ਵਾਰ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਬੜੀ ਤੁਰੀ ਤਰ੍ਹਾਂ ਹਾਰ ਗਿਆ ਤੇ ਉਸ ਦਾ ਸਾਬਕਾ ਡਿਪਟੀ ਮੁੱਖ ਮੰਤਰੀ ਪੁੱਤਰ ਵੀ ਪੂਰਾ ਮੁੱਖ ਮੰਤਰੀ ਬਣਨ ਦੇ ਸੁਫਨੇ ਲੈਂਦਾ ਹਾਰ ਦਾ ਗਮ ਲੈ ਕੇ ਬਹਿ ਗਿਆ। ਜਿਹੜੀ ਪਾਰਟੀ ਪੰਜ ਸਾਲ ਪਹਿਲਾਂ ਦੀ ਚੋਣ ਵਿੱਚ ਪੰਜਾਬ ਦੀ ਕਮਾਨ ਸਾਂਭਣ ਦਾ ਦਾਅਵਾ ਕਰਦੀ ਮਸਾਂ ਵੀਹ ਸੀਟਾਂ ਜਿੱਤ ਸਕੀ ਤੇ ਬਾਹਰਲਿਆਂ ਦੀ ਚੁੱਕ ਹੇਠ ਇਸ ਦੇ ਦਸ ਵਿਧਾਇਕ ਪਾਰਟੀ ਛੱਡ ਕੇ ਇਸ ਲਈ ਨਮੋਸ਼ੀ ਦਾ ਕਾਰਨ ਬਣੇ ਸਨ, ਇਨ੍ਹਾਂ ਚੋਣਾਂ ਵਿੱਚ ਉਸ ਧਿਰ ਨੂੰ ਫਿਰ ਨਿਕੰਮਾ ਤੇ ਕਈ ਕੁਝ ਹੋਰ ਕਿਹਾ ਜਾਂਦਾ ਰਿਹਾ ਸੀ, ਪਰ ਉਹ ਪੰਜਾਬ ਦੀਆਂ ਦੋਵਾਂ ਮੁੱਖ ਧਿਰਾਂ ਨੂੰ ਹਰਾ ਕੇ ਜਿੱਤ ਗਈ ਹੈ। ਉਸ ਪਾਰਟੀ ਦੇ ਮੁਖੀ ਭਗਵੰਤ ਮਾਨ ਨੇ ਹਰਮਨ ਪਿਆਰਤਾ ਦੇ ਪੱਖ ਤੋਂ ਸਾਰੇ ਪਿਛਲੇ ਮੁੱਖ ਮੰਤਰੀਆਂ ਨੂੰ ਪਛਾੜ ਦਿੱਤਾ ਹੈ।

ਇਸ ਰਾਜ ਵਿੱਚ ਇਸ ਪੱਖੋਂ ਤਬਦੀਲੀ ਦਾ ਪਹਿਲਾ ਪ੍ਰਗਟਾਵਾ ਇਹ ਸੀ ਕਿ ਨਵੇਂ ਮੁੱਖ ਮੰਤਰੀ ਦੇ ਸਹੁੰ ਚੁੱਕਣ ਦੀ ਰਸਮ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿੱਚਕੀਤੀ ਗਈ ਹੈ। ਨਵੇਂ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਦੇ ਬਾਰੇ ਬਾਕੀ ਦਾ ਲੇਖਾ ਬਾਅਦ ਵਿੱਚ ਕੀਤਾ ਜਾਵੇਗਾ, ਪਰ ਸਰਕਾਰ ਸੰਭਾਲਦੇ ਸਾਰ ਜਿਹੜੇ ਪਹਿਲੇ ਕਦਮ ਉਠਾਏ ਹਨ, ਉਹ ਪੰਜਾਬ ਦੇ ਲੋਕਾਂ ਦੀ ਸ਼ਲਾਘਾ ਖੱਟਣ ਵਾਲੇ ਹਨ। ਚਾਰਜ ਲੈਂਦੇ ਸਾਰ ਨਵੇਂ ਮੁੱਖ ਮੰਤਰੀ ਨੇ ਅਫਸਰਾਂ ਦੀ ਬੈਠਕ ਵਿੱਚ ਸਾਫ ਕਹਿ ਦਿੱਤਾ ਕਿ ਲੋਕਤੰਤਰ ਵਿੱਚ ਸਾਡੇ ਸਭਨਾਂ ਤੋਂ ਵੱਡੇ ਲੋਕ ਹੁੰਦੇ ਹਨ, ਜਿਹੜੇ ਕਿਸੇ ਨੂੰ ਫਰਸ਼ ਤੋਂ ਅਰਸ਼ ਤੱਕ ਪੁਚਾਉਣ ਦੀ ਤਾਕਤ ਦੇ ਮਾਲਕ ਹਨ ਤੇ ਅਰਸ਼ ਉੱਤੇ ਪਹੁੰਚਿਆ ਆਗੂ ਜੇ ਆਸਾਂ ਉੱਤੇ ਪੂਰਾ ਨਹੀਂ ਉੱਤਰਦਾ ਤਾਂ ਫਰਸ਼ ਉੱਤੇ ਵੀ ਸੁੱਟਣ ਦੇ ਸਮਰੱਥ ਹਨ ਅਤੇ ਅਫਸਰਸ਼ਾਹੀ ਲੋਕਾਂ ਲਈ ਹਾਕਮ ਨਹੀਂ, ਸੇਵਕ ਹੋਣੀ ਚਾਹੀਦੀ ਹੈ। ਅਫਸਰਾਂ ਨੂੰ ਇਹ ਵੀ ਕਹਿ ਦਿੱਤਾ ਕਿ ਜਿਹੜੇ ਅਫਸਰ ਚੰਗਾ ਕੰਮ ਕਰਨਗੇ, ਉਨ੍ਹਾਂ ਦਾ ਸਨਮਾਨ ਸਰਕਾਰ ਕਰੇਗੀ ਤੇ ਜਿਨ੍ਹਾਂ ਦੀ ਆਮ ਲੋਕਾਂ ਨਾਲ ਕਿਸੇ ਮਾੜੇ ਵਿਹਾਰ ਦੀ




ਸ਼ਿਕਾਇਤ ਆਈ, ਉਹ ਕਿਸੇ ਹਮਦਰਦੀ ਦੀ ਝਾਕ ਵੀ ਨਾ ਰੱਖਣ। ਅਗਲੇ ਦਿਨ ਮੁੱਖ ਮੰਤਰੀ ਨੇ ਨਰਮੇ ਵਾਲੇ ਕਿਸਾਨਾਂ ਨੂੰ ਸੁੰਡੀ ਨਾਲ ਖਰਾਬ ਹੋਈ ਫਸਲ ਦਾ ਚਿਰਾਂ ਦਾ ਰੁਕਿਆ ਮੁਆਵਜ਼ਾ ਦੇਣ ਲਈ ਹੁਕਮ ਜਾਰੀ ਕੀਤਾ ਤਾਂ ਨਾਲ ਨਰਮੇ ਦੀ ਚੁਗਾਈ ਕਰ ਕੇ ਪਰਵਾਰ ਪਾਲਣ ਵਾਲੇ ਮਜ਼ਦੂਰਾਂ ਦੇ ਪਰਵਾਰਾਂ ਦਾ ਖਿਆਲ ਵੀ ਰੱਖਿਆ ਅਤੇ ਉਨ੍ਹਾਂ ਦੀ ਮਦਦ ਲਈ ਵੀ ਬਣਦੀ ਨਕਦ ਸਹਾਇਤਾ ਦੇਣ ਦਾ ਹੁਕਮ ਵੀ ਦੇ ਦਿੱਤਾ ਹੈ।

ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਇਹ ਸਰਕਾਰ ਗੱਲਾਂ ਤਾਂ ਬਹੁਤ ਕਰਦੀ ਹੈ, ਅਮਲ ਵਿੱਚ ਕੰਮ ਕਰਨਾ ਏਨਾ ਸੌਖਾ ਨਹੀਂ ਹੁੰਦਾ, ਇਸ ਕੋਲੋਂ ਕੀਤੇ ਗਏ ਵਾਅਦਿਆਂ ਮੁਤਾ-ਬਕ ਸਿੱਟੇ ਨਹੀਂ ਨਿਕਲ ਸਕਣੇ। ਸਾਡੀ ਸਮਝ ਕਹਿੰਦੀ ਹੈ ਕਿ ਕਰਨ ਵਾਲੇ ਦੀ ਨੀਤ ਸਾਫ ਹੋਣ ਨਾਲ ਉਹ ਕੰਮ ਵੀ ਹੋ ਜਾਂਦੇ ਹਨ, ਜਿਹੜੇ ਕਿਸੇ ਹੋਰ ਨੇ ਨਹੀਂ ਕੀਤੇ ਤੇ ਏਸੇ ਸਰਕਾਰੀ ਮਸ਼ੀਨਰੀ ਤੋਂ ਕਰਵਾਉਣ ਦੀਆਂ ਮਿਸਾਲਾਂ ਵੀ ਮੌਜੂਦ ਹਨ। ਇਸ ਦੀ ਇੱਕ ਮਿਸਾਲ ਇਸ ਵਾਰ ਅਸੈਂਬਲੀ ਚੋਣਾਂ ਦੇ ਵਕਤ ਮਿਲ ਗਈ। ਪੰਜਾਬ ਦੇ ਮੌਜੂਦਾ ਮੁੱਖ ਚੋਣ ਅਫਸਰ ਡਾਕਟਰ ਕਰੁਣਾ ਰਾਜੂ ਦੀ ਨੀਤ ਉੱਤੇ ਕੋਈ ਸ਼ੱਕ ਨਹੀਂ ਕਰ ਸਕਦਾ। ਉਨ੍ਹਾਂ ਨੇ ਸਾਫ-ਸਾਫ ਕਹਿ ਦਿੱਤਾ ਕਿ ਕਾਨੂੰਨ ਦੀ ਉਲੰਘਣਾ ਨਹੀਂ ਹੋਣ ਦੇਣਗੇ ਅਤੇ ਹੋਣ ਵੀ ਨਹੀਂ ਦਿੱਤੀ। ਹੋਰ ਤਾਂ ਹੋਰ, ਇਸ ਵਾਰੀ ਕਾਨੂੰਨ ਤੋਂ ਭਗੌੜੇ ਏਨੇ ਅਪਰਾਧੀ ਸਿਰਫ ਚੋਣਾਂ ਦੌਰਾਨ ਫੜੇ ਗਏ ਕਿ ਪੂਰੀ ਗਿਣਤੀ ਦਾ ਪਤਾ ਲੱਗਣ ਨਾਲ ਬੰਦਾ ਹੈਰਾਨ ਹੋ ਜਾਂਦਾ ਹੈ। ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ ਇੱਕ ਆਮ ਨਾਗਰਿਕ ਨੇ ਉਨ੍ਹਾਂ ਨੂੰ ਇੱਕ ਸੁਨੇਹਾ ਭੇਜ ਦਿੱਤਾ ਕਿ ਫਲਾਣੇ ਇਲਾਕੇ ਵਿੱਚ ਇੱਕ ਗੈਂਗਸਟਰ ਫਿਰਦਾ ਹੈ, ਜਿਹੜਾ ਵੋਟਾਂ ਵਾਲੇ ਦਿਨ ਕੋਈ ਚੰਦ ਚਾੜ੍ਹ ਸਕਦਾ ਹੈ। ਡਾਕਟਰ ਕਰੁਣਾ ਰਾਜੂ ਨੇ ਸੰਬੰਧਤ ਜ਼ਿਲੇ ਦੇ ਪੁਲਸ ਮੁਖੀ ਨੂੰ ਕਿਹਾ ਅਤੇ ਨਾਲ ਉਸ ਤੋਂ ਡੀ ਐੱਸ ਪੀ ਦਾ ਨੰਬਰ ਵੀ ਲੈ ਲਿਆ, ਜਿਸ ਨੇ ਇਹ ਕੰਮ ਕਰਨਾ ਸੀ। ਫਿਰ ਉਸ ਡੀ ਐੱਸ ਪੀ ਨੂੰ ਫੋਨ ਕਰ ਕੇ ਹਰ ਅੱਧੇ ਘੰਟੇ ਪਿੱਛੋਂ ਕਾਰਵਾਈ ਕੀਤੀ ਦੀ ਰਿਪੋਰਟ ਦੇਣ ਅਤੇ ਆਪਣੀ ਲੋਕੇਸ਼ਨ ਦੱਸਣ ਨੂੰ ਕਹਿ ਦਿੱਤਾ ਤੇ ਜਦੋਂ ਡੀ ਐੱਸ ਪੀ ਨੇ ਗੱਲਾਂ ਵਿੱਚ ਘੁੰਮਾਉਣ ਲਈ ਥੋੜ੍ਹਾ ਸਮਾਂ ਖਾਲੀ ਲੰਘਾ ਦਿੱਤਾ ਤਾਂ ਉਸ ਨੂੰ ਕਹਿ ਦਿੱਤਾ ਕਿ ਜੇ ਗੈਂਗਸਟਰ ਨਾ ਫੜਿਆ ਤਾਂ ਇੱਕ ਘੰਟੇ ਵਿੱਚ ਏਥੇ ਨਵਾਂ ਡੀ ਐੱਸ ਪੀ ਆਵੇਗਾ ਅਤੇ ਤੁਸੀਂ ਕਾਰਵਾਈ ਦਾ ਸਾਹਮਣਾ ਕਰੋਗੇ। ਵਰਦੀ ਲਹਿ ਜਾਣ ਦੀ ਚਿੰਤਾ ਵਿੱਚ ਅਜੇ ਤੱਕ ਗੱਲ ਟਾਲਦੇ ਰਹੇ ਡੀ ਐੱਸ ਪੀ ਨੇ ਅੱਧੇ ਘੰਟੇ ਤੋਂ ਪਹਿਲਾਂ ਰਿਪੋਰਟ ਭੇਜ ਦਿੱਤੀ ਕਿ ਗੈਂਗਸਟਰ ਫੜ ਲਿਆ ਹੈ, ਕਿਉਂਕਿ ਲੱਭਣ ਦੀ ਲੋੜ ਨਹੀਂ ਸੀ, ਉਸ ਨੂੰ ਪਤਾ ਹੋਵੇਗਾ ਕਿ ਬੰਦਾ ਕਿਸ ਰਾਜਸੀ ਆਗੂ ਨੇ ਕਿੱਥੇ ਲੁਕਾਇਆ ਹੈ!

ਇਹ ਸਿਰਫ ਇੱਕ ਮਿਸਾਲ ਹੈ, ਪਰ ਇੱਕੋ-ਇੱਕੋ ਨਹੀਂ, ਅਗਲੇ ਦਿਨਾਂ ਵਿੱਚ ਏਦਾਂ ਦੀਆਂ ਕਈ ਮਿਸਾਲਾਂ ਹੋਰ ਵੀ ਮਿਲਣ ਦੀ ਆਸ ਹੈ। ਸਰਕਾਰ ਜਦੋਂ ਕੁਝ ਅਗਲੇ ਕਦਮ ਉਠਾਵੇਗੀ ਤੇ ਦਫਤਰਾਂ ਵਿੱਚ ਸਿਰਫ ਲੋਕ ਲੁਭਾਊ ਛਾਪਿਆਂ ਦੀ ਕਾਰਵਾਈ ਪਾਉਣ ਰੁੱਝੇ ਹੋਏ ਆਪਣੇ ਵਿਧਾਇਕਾਂ ਨੂੰ ਡਿਸਿਪਲਿਨ ਵਿੱਚ ਰੱਖੇਗੀ, ਉਸ ਮਗਰੋਂ ਉਸ ਬਾਰੇ ਅਗਲੇ ਪੜਾਵਾਂ ਵਿੱਚ ਸੋਚਿਆ ਜਾ ਸਕਦਾ ਹੈ, ਪਰ ਮੁੱਢਲੇ ਪੱਧਰ ਉੱਤੇ ਲੋਕਾਂ ਨੂੰ ਉਸ ਤੋਂ ਆਸਾਂ ਬਹੁਤ ਹਨ। ਆਮ ਲੋਕਾਂ ਦੀਆਂ ਇਨ੍ਹਾਂ ਵੱਡੀਆਂ ਆਸਾਂ ਮੁਤਾਬਕ ਕੰਮ ਕਰਨਾ ਅਤੇ ਸਿੱਟੇ ਕੱਢਣਾ ਇਸ ਪਾਰਟੀ ਲਈ ਵੱਡਾ ਇਮਤਿਹਾਨ ਹੈ। ਪੰਜਾਬ ਦੇ ਲੋਕਾਂ ਨੇ ਜਿੰਦਾਂ ਦਾ ਫਤਵਾ ਦਿੱਤਾ ਹੈ, ਉਸ ਦੇ ਬਾਅਦ ਨਾਅਰੇ ਭਾਵੇਂ ਇਨਕਲਾਬ ਦੇ ਲੱਗਦੇ ਰਹੇ ਹੋਣ, ਇਹ ਕੋਈ ਵਿਚਾਰਧਾਰਕ ਜਾਂ ਵੱਖਰੇ ਸਮਾਜ ਦੀ ਸਿਧਾਂਤਕ ਪਹੁੰਚ ਵਾਲਾ ਇਨਕਲਾਬ ਨਹੀਂ ਮੰਨਣਾ ਚਾਹੀਦਾ। ਇਹ ਇੱਕ ਤਬਦੀਲੀ ਜ਼ਰੂਰ ਹੈ, ਪਰ ਤਬਦੀਲੀ ਇਸੇ ਸਿਆਸੀ ਢਾਂਚੇ ਅੰਦਰ ਆਏ ਵਿਗਾੜਾਂ ਨੂੰ ਏਸੇ ਸੰਵਿਧਾਨ ਤੇ ਅਜੋਕੇ ਨਿਯਮਾਂ ਦੇ ਅਧੀਨ ਚੱਲਦੇ ਹੋਏ ਹੀ ਸਮਾਜ ਨੂੰ ਸੁਧਾਰ ਕੇ ਲੀਹ ਉੱਤੇ ਪਾਉਣ ਵੱਲ ਸੇਧਤ ਹੈ। ਸਮਾਜ ਸੁਧਾਰਕ ਅੰਨਾ ਹਜ਼ਾਰੇ ਨੇ ਭਾਰਤ ਦੇ ਲੋਕਾਂ ਦੀ ਚੇਤਨਾ ਨੂੰ ਜਦੋਂ ਟੁੰਬਿਆ ਤੇ ਉਨ੍ਹਾਂ ਨੂੰ ਸਿਰਫ ਭ੍ਰਿਸ਼ਟਾਚਾਰ ਵਿਰੋਧ ਦੇ ਇੱਕ ਨੁਕਤੇ ਉੱਤੇ ਲਾਮਬੰਦੀ ਦੇ ਰਾਹ ਪਾਇਆ ਸੀ, ਉਹ ਵੀ ਕੋਈ ਸਿਧਾਂਤਕ ਪੱਖ ਤੋਂ ਇਨਕਲਾਬ ਦੀ ਲਹਿਰ ਨਹੀਂ, ਇਸੇ ਸਿਸਟਮ ਦੇ ਅੰਦਰ ਆ ਚੁੱਕੇ ਵਿਗਾੜਾਂ ਨੂੰ ਸੁਧਾਰਨ ਦੀ ਕੋਸ਼ਿਸ਼ ਸੀ। ਜਦੋਂ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਦਾ ਕ੍ਰਿਸ਼ਮਾ ਹੋਇਆ ਤੇ ਭਾਰਤ ਦੀ ਰਾਜਧਾਨੀ ਦੇ ਲੋਕਾਂ ਨੇ ਉਸ ਦਾ ਕੰਮ ਹੁੰਦਾ ਵੇਖਿਆ ਤਾਂ ਅਗਲੀ ਵਾਰ ਫਿਰ ਕੇਜਰੀਵਾਲ ਦੀ ਅਗਵਾਈ ਦੇ ਹੱਕ ਵਿੱਚ ਫਤਵਾ ਦੇ ਦਿੱਤਾ ਸੀ। ਉਸ ਦੀਆਂ ਲਗਾਤਾਰ ਇਨ੍ਹਾਂ ਦੋ ਜਿੱਤਾਂ ਨੇ ਭਾਰਤੀ ਲੋਕਾਂ ਨੂੰ ਵਿਖਾ ਦਿੱਤਾ ਸੀ ਕਿ ਸਿਰਫ ਕਿਸੇ ਇੱਕ ਧਰਮ ਦੇ ਨਾਂਅ ਉੱਤੇ ਆਮ ਲੋਕਾਂ ਨੂੰ ਉਕਸਾ ਕੇ ਹੀ ਰਾਜ ਦੀ ਮਿਆਦ ਲੰਮੀ ਨਹੀਂ ਕੀਤੀ ਜਾਂਦੀ, ਆਮ ਲੋਕਾਂ ਦਾ ਸਾਹ ਅਮਲ ਵਿੱਚ ਸੁਖਾਲਾ ਕੀਤਾ ਜਾਵੇ ਤਾਂ ਲੋਕ ਇਸ ਦੀ ਵੀ ਏਨੀ ਕਦਰ ਪਾਉਂਦੇ ਹਨ ਕਿ ਬਾਕੀ ਸਭ ਗੱਲਾਂ ਰੱਦ ਕਰ ਦੇਂਦੇ ਹਨ। ਪੰਜਾਬ ਵਿੱਚ ਜਿਹੜੀ ਤਬਦੀਲੀ ਆਈ ਹੈ, ਉਹ ਕਿਸੇ ਸਿਧਾਂਤਕ ਸੋਚਣੀ ਦੀ ਪ੍ਰਤੀਕ ਨਹੀਂ, ਪੰਜਾਬ ਦੇ ਆਮ ਲੋਕਾਂ ਦੀ ਇਸ ਇੱਛਾ ਦੀ ਪ੍ਰਤੀਕ ਹੈ ਕਿ ਇਸ ਰਾਜ ਵਿੱਚ ਆਮ ਲੋਕਾਂ ਦੀ ਕਦਰ ਕਦੇ ਨਾ ਕਦੇ ਪੈਣੀ ਚਾਹੀਦੀ ਹੈ। ਇਸ ਨੇਕ ਸੋਚ ਲਈ ਲੋਕਾਂ ਨੇ ਵੋਟਾਂ ਪਾਈਆਂ ਹਨ ਅਤੇ ਇਸ ਸੋਚ ਲਈ ਨਵੀਂ ਸਰਕਾਰ ਨੂੰ ਅਗਲੇ ਕਦਮ ਪੁੱਟਣੇ ਪੈਣਗੇ ਅਤੇ ਯਾਦ ਰੱਖਣਾ ਹੋਵੇਗਾ ਕਿ ਜਿੰਨਾ ਵੀ ਲੰਮਾ ਸਮਝਿਆ ਜਾਵੇ, ਪੰਜ ਸਾਲ ਵਾਲਾ ਸਮਾਂ ਨਾ ਕੰਮ ਕਰਨ ਦੇ ਲਈ ਬਹੁਤਾ ਹੁੰਦਾ ਹੈ, ਨਾ ਲੋਕਾਂ ਨੂੰ ਗੱਲਾਂ ਵਿੱਚ ਲਾ ਕੇ ਡੰਗ ਟਪਾਉਣ ਲਈ ਮਿਲਿਆ ਹੁੰਦਾ ਹੈ। ਇੱਕ-ਇੱਕ ਦਿਨ ਕਰ ਕੇ ਕਿਰਦੇ ਜਾ ਸਕਦੇ ਇਸ ਪੰਜ ਸਾਲਾਂ ਵਾਲੇ ਸਮੇਂ ਵਿੱਚ ਹਰ ਪਲ ਲੋਕਾਂ ਦੇ ਲੇਖੇ ਲਾਉਣਾ ਪਵੇਗਾ। ਸਿੱਟੇ ਤਦੇ ਹੀ ਨਿਕਲਣਗੇ।

# ਕੀ ਵਿਆਹੁਤਾ ਜੀਵਨ ਵਿੱਚ ਸੈਕਸ ਰੇਪ ਭੀ ਹੋ ਸਕਦਾ ਹੈ ?

ਇਹਨੀ ਦਿਨੀਂ ਦਿੱਲੀ ਹਾਈਕੋਰਟ ਵਿਚ ਇੱਕ ਕੇਸ ਦੀ ਸੁਣਵਾਈ ਚੱਲ ਰਹੀ ਹੈ ਜਿਸ ਦਾ ਸਬੰਧ ਬਹੁਤ ਹੀ ਪਵਿੱਤਰ ਸਮਾਜਿਕ ਰਿਸ਼ਤੇ ਨਾਲ ਹੈ। ਉਹ ਮੁਕੱਦਮਾ ਇਹ ਹੈ ਕਿ ਵਿਆਹੁਤਾ ਜੀਵਨ ਵਿੱਚ ਜੇ ਕੋਈ ਪਤੀ ਆਪਣੀ ਪਤਨੀ ਨਾਲ ਸੈਕਸ ਬਿਨਾਂ ਪਤਨੀ ਦੀ ਮੰਜੂਰੀ ਤੋਂ ਕਰਦਾ ਹੈ ਤਾਂ ਉਸ ਨੂੰ ਬਲਾਤਕਾਰ ਸਮਝਿਆ ਜਾਣਾ ਚਾਹੀਦਾ ਹੈ ਤਾਂ ਕਿ ਪਤਨੀ ਆਵਦੇ ਪਤੀ ਤੇ ਮੁਕੱਦਮਾ ਕਰ ਕੇ ਘੱਟ ਤੋ ਘੱਟ 10 ਸਾਲ ਅਤੇ ਵੱਧ ਤੋ ਵੱਧ ਉਮਰ ਕੈਦ ਤੱਕ ਦੀ ਸਜ਼ਾ ਕਰਵਾ ਸਕੇ। ਇਸ ਵੇਲੇ ਜੋ ਮੌਜੂਦਾ ਕਾਨੂੰਨ ਹੈ ਉਸ ਮੁਤਾਬਕ ਪਤੀ ਉਪਰ ਬਲਾਤਕਾਰ ਦਾ ਮੁਕੱਦਮਾ ਨਹੀ ਚੱਲ ਸਕਦਾ ਜੇ ਪਤਨੀ ਦੀ ਉਮਰ 15 ਸਾਲ ਤੋਂ ਵੱਧ ਹੈ। ਕੁਝ ਐਨ ਜੀ ਓ ਅਤੇ ਦੋ ਇਕੱਲੇ ਵਿਅਕਤੀਆਂ ਨੇ ਦਿੱਲੀ ਹਾਈਕੋਰਟ ਵਿੱਚ ਪਟੀਸ਼ਨਾ ਪਾਈਆ ਹਨ ਉਹਨਾਂ ਦਾ ਕਹਿਣਾ ਹੈ ਕਿ ਜਿਹੜਾ ਸੈਕਸ ਔਰਤ ਦੀ ਮਰਜ਼ੀ ਤੋ ਬਿਨ੍ਹਾਂ ਹੁੰਦਾ ਹੈ ਉਹ ਬਲਾਤਕਾਰ ਹੈ ਆਦਮੀ ਭਾਵੇ ਪਤੀ ਹੋਵੇ ਜਾਂ ਕੋਈ ਹੋਰ। ਪਟੀਸ਼ਨ ਕਰਤਾ ਦਾ ਕਹਿਣਾ ਹੈ ਕਿ ਮੌਜੂਦਾ ਕਾਨੂੰਨ ਨਾਲ ਸੰਵਿਧਾਨ ਦੇ ਆਰਟੀਕਲ 14 ਅਤੇ ਆਰਟੀਕਲ 21 ਦੀ ਉਲਘੰਣਾ ਹੁੰਦੀ ਹੈ। ਆਰਟੀਕਲ 14 ਮੁਤਾਬਕ ਕਾਨੂੰਨ ਦੇ ਸਾਹਮਣੇ ਸਾਰੇ ਬਰਾਬਰ ਹਨ ਅਤੇ ਸਭ ਨੂੰ ਇਕੋ ਜਿਹੇ ਅਧਿਕਾਰ ਮਿਲਣੇ ਚਾਹੀਦੇ ਹਨ।ਆਰਟੀਕਲ 21 ਅਨੁਸਾਰ ਹਰ ਇਕ ਇਨਸਾਨ ਦੀ ਆਪਣੀ ਜਿੰਦਗੀ ਹੈ ਅਤੇ ਉਸ ਨੂੰ ਵਰਤਣ ਦੀ ਅਜ਼ਾਦੀ ਹੈ ਉਸ ਉਤੇ ਕਿਸੇ ਹੋਰ ਦਾ ਅਧਿਕਾਰ ਨਹੀ। ਵਕੀਲਾਂ ਦਾ ਤਰਕ ਹੈ ਕਿ ਵਿਆਹ ਪਤੀ ਨੂੰ ਇਹ ਅਜ਼ਾਦੀ ਨਹੀ ਦਿੰਦਾ ਕਿ ਪਤੀ ਆਪਣੀ ਪਤਨੀ ਦੀ ਮਰਜ਼ੀ ਤੋ ਬਿਨਾਂ ਉਸ ਨਾਲ ਸੰਬੋਗ ਕਰ ਸਕੇ। ਇਸ ਸਬੰਧ ਵਿੱਚ ਫੈਸਲਾ ਤਾਂ ਕੋਰਟ ਨੇ ਕਰਨਾ ਹੈ ਪਰ ਵਕੀਲਾਂ ਵਲੋਂ ਦਿੱਤੇ ਤਰਕਾਂ ਦਾ ਸਮਾਜ ਤੇ ਕੀ ਪ੍ਰਭਾਵ ਪਵੇਗਾ ਮੈਂ ਇਸ ਲੇਖ ਵਿੱਚ ਉਸ ਦਾ ਵਿਸ਼ਲੇਸ਼ਣ ਕਰਾਗਾਂ।

ਵਿਆਹ ਕੀ ਹੈ: ਜੇ ਦੇਖੋ ਤਾਂ ਕੋਈ ਭੀ ਜੀਵ ਜੰਤੂ ਇਕੱਲਾ ਨਹੀ ਰਹਿ ਸਕਦਾ ਕੀੜੇ ਮਕੋੜੇ, ਜਾਨਵਰ ਅਤੇ ਪਸ਼ੂ ਸਾਰੇ ਝੁੰਡਾ ਵਿੱਚ ਰਹਿੰਦੇ ਹਨ। ਇਨਸਾਨ ਪਰਿਵਾਰ, ਬਸਤੀਆਂ, ਪਿੰਡਾਂ, ਸ਼ਹਿਰਾਂ ਵਿੱਚ ਰਹਿੰਦੇ ਹਨ। ਭਾਵ ਜੀਵਾਂ ਦੀ ਇਹ ਫਿਤਰਤ ਹੈ ਕਿ ਇਕੱਠੇ ਰਹਿਣਾ। ਇਸ ਕਰਕੇ ਇੱਕ ਕਹਾਵਤ ਬਣੀ ਹੈ “ ਰੋਹੀ ਵਿੱਚ ਇੱਕਲਾ ਰੁੱਖ ਵੀ ਨਾ ਹੋਵੇ” ਇਨਸਾਨ ਦਿਮਾਗੀ ਤੋਰ ਤੇ ਸਭ ਤੋ ਜਿਆਦਾ ਸਿਆਣਾ ਹੈ ਜਿਸ ਨੇ ਇੱਕਲ ਤੋੜਨ ਅਤੇ ਚੰਗੇ ਮਾੜੇ ਦਿਨਾਂ ਵਿੱਚ ਇੱਕ ਦੂਜੇ ਦਾ ਸਹਾਰਾ ਬਣਨ ਲਈ ਵਿਆਹ ਦਾ ਰਸਤਾ ਅਪਨਾਇਆ ਹੈ ਜਿਸਦਾ ਮਤਲਬ ਇੱਕਲ ਤੋੜਨ ਦੇ ਨਾਲ ਨਾਲ ਪੀੜ੍ਹੀ ਨੂੰ ਅੱਗੇ ਵਧਾਉਣਾ। ਯਾਨੀ ਆਪਣੇਬੱਚੇ ਪੈਦਾ ਕਰਨੇ ਜੋ ਅੱਗੇ



ਡਾ. ਅਮਨਪ੍ਰੀਤ ਸਿੰਘ ਬਰਾੜ

ਬੁਢਾਪੇ ਵਿੱਚ ਮਾਂ ਪਿਉ ਦੀ ਦੇਖਭਾਲ ਕਰਨ। ਪਰ ਪੜ੍ਹੀ ਲਿਖੀ ਆਪਣੇ ਆਪ ਨੂੰ ਅਗਾਂਹ ਵਧੂ ਸੋਚ ਅਖਵਾਉਣ ਵਾਲੀ ਪੀੜ੍ਹੀ ਨੇ ਸਮਾਜਕ ਤਾਣੇ ਬਾਣੇ ਦੀਆਂ ਜੜ੍ਹਾਂਹਿਲਾ ਕਿ ਰੱਖ ਦਿੱਤੀਆਂ ਹਨ, ਜਿਸ ਵਿੱਚ ਮੈਂ ਤੋ ਬਿਨ੍ਹਾਂ ਕੁਝ ਵੀ ਨਹੀ ਜਿਸ ਵਿੱਚ ਮੈਂ ਹੀ ਸਭ ਤੋ ਸਿਆਣਾ ਹਾਂ ਅਤੇ ਸਾਰੀ ਸਰਿਸ਼ਟੀ ਮੇਰੀ ਸਹੂਲਤ ਲਈ ਕੰਮ ਕਰੇ ਅਤੇ ਮੇਰੇ ਇਸ਼ਾਰਿਆਂ ਉੱਪਰ ਚੱਲੇ। ਆਪਾਂ ਗੱਲ ਕਰ ਰਹੇ ਸੀ ਵਿਆਹ ਦੀ ਜਾਂ ਪਤੀ ਪਤਨੀ ਦੇ ਰਿਸ਼ਤੇ ਦੀ ਸੁਪਰੀਮ ਕੋਰਟ ਦੇ ਮਸ਼ਹੂਰ ਜੱਜ, ਵੀਆਰ ਕਰਿਸ਼ਨਾ ਆਈਅਰ ਨੇ ਵਿਆਹ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਹੈ, ਕਿ ਇਹ ਰਿਸ਼ਤਾ ਹੱਡੀਆਂ ਨਾਲ ਹੱਡੀਆਂ ਦਾ, ਮਾਸ ਦਾ ਮਾਸ ਨਾਲ ਅਤੇ ਖੂਨ ਦਾ ਖੂਨ ਨਾਲ ਹੈ। ਇਸ ਤਰ੍ਹਾਂ ਦੇ ਰਿਸ਼ਤੇ ਵਿੱਚ ਬਲਾਤਕਾਰ ਦਾ ਕਿਹੜਾ ਸਥਾਨ ਹੈ।

ਇਨਸਾਨੀ ਲੋੜਾਂ: ਅਮਰੀਕਨ ਬੁੱਧੀਜੀਵੀ ਅਬਰਾਹਮ ਮੈਸਲੋ ਨੇ 1943 ਵਿੱਚ ਇੱਕ ਪ੍ਰੋਤਸਾਹਨ (ਮੋਟੀਵੇਸ਼ਨ) ਥਿਉਰੀ ਦਿਤੀ ਸੀ ਜਿਸ ਵਿਚ ਉਸ ਨੇ ਇਨਸਾਨ ਦੀਆਂ ਜਰੂਰਤਾਂ ਨੂੰ ਪੰਜ ਭਾਗਾਂ ਵਿੱਚ ਵੰਡਿਆਂ ਹੈ ਅਤੇ ਜਿਵੇਂ ਜਿਵੇਂ ਬੁਨਿਆਦੀ ਲੋੜਾਂ ਪੂਰੀਆਂ ਹੁੰਦੀਆਂ ਜਾਂਦੀਆਂ ਹਨ। ਉਹ ਇਨਸਾਨ ਨੂੰ ਅੱਗੇ ਵੱਧਣ ਲਈ ਪ੍ਰੇਰਿਤ ਕਰਦੀਆਂ ਹਨ ਅਤੇ ਉਹ ਤਰੱਕੀ ਕਰਦਾ ਹੈ। ਮੈਸਲੋ ਮੁਤਾਬਕ ਬੁਨਿਆਦੀ ਲੋੜਾਂ ਵਿੱਚ ਹਵਾ, ਪਾਣੀ, ਖੁਰਾਕ, ਕੱਪੜੇ, ਘਰ ਅਤੇ ਸੰਬੋਗ ਆਉਂਦੇ ਹਨ। ਦੂਜੇ ਭਾਗ ਵਿੱਚ ਸਿਹਤ, ਪੈਸੇ ਵਲੋਂ (ਫਾਇਨੇਸ਼ਲ) ਅਤੇ ਇਮੋਸ਼ਨਲ ਸੁਰੱਖਿਆ। ਤੀਜੇ ਭਾਗ ਵਿੱਚ ਪਿਆਰ ਅਤੇ ਸਮਾਜਿਕ ਆਪਣਾ-ਪਣਭਾਵ ਤੁਹਾਨੂੰ ਸਮਾਜ ਵਿੱਚ ਚੰਗੀ ਨਜ਼ਰ ਨਾਲ ਵੇਖਿਆ ਜਾਵੇ। ਚੌਥੈ ਭਾਗ ਵਿੱਚ ਇਨਸਾਨ ਦੀ ਸਮਾਜ ਵਿੱਚ ਇੱਜਤ ਅਤੇ ਸਲਾਹੁਤਾ ਜਿਸ ਵਿੱਚ ਸਵੈਮਾਣ ਅਤੇ ਰੁੱਤਬਾ ਭੀ ਆਉਂਦਾ ਹੈ।ਜਦ ਇਨਸਾਨ ਦੀਆਂ ਉਪਰੋਕਤ ਜਰੂਰਤਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਉਸ ਦੀ ਇੱਛਾ ਹੁੰਦੀ ਹੈ ਕਿ ਉਹ ਕੋਈ ਅਜਿਹਾ ਕੰਮ ਕਰੇ ਕਿ ਲੋਕ ਉਸ ਨੂੰ ਆਉਣ ਵਾਲੇ ਸਮੇਂ ਵਿੱਚ ਯਾਦ ਕਰਨ।

ਮੇਰਾ ਉਪਰੋਕਤ ਥਿਉਰੀ ਦਾ ਵਿਸ਼ਲੇਸ਼ਣ ਕਰਨ ਦਾ ਮਕਸਦ ਸੀ ਕਿ ਇਨਸਾਨ ਚਲਦਾ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋ ਹੈ ਅਤੇ ਜਿਵੇਂ ਜਿਵੇਂ ਇਹ ਲੋੜਾਂ ਪੂਰੀਆਂ ਹੁੰਦੀਆਂ ਜਾਂਦੀਆਂ ਹਨ ਇਨਸਾਨ ਦੀ ਹੋਰ ਉੱਪਰ ਉਠਣ ਦੀ ਲਾਲਸਾ ਵੱਧਦੀ ਜਾਂਦੀ ਹੈ।ਇਹ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਅਤੇ ਤਰੱਕੀ ਲਈ ਇਨਸਾਨ ਜੀਵਨ ਸਾਥੀ ਦੀ ਤਲਾਸ਼ ਕਰਦਾ ਹੈ। ਜੀਵਨ ਸਾਥੀ ਦੀ ਤਲਾਸ਼ ਵੇਲੇ ਇਕ ਦੂਜੇ ਵਿੱਚ ਉਪਰੋਕਤ ਸਾਰੀਆਂ ਹੀ ਲੋੜਾਂ ਪਰਖੀਆਂ ਜਾਂਦੀਆਂ ਹਨ ਕਿ ਹੋਣ ਵਾਲਾ ਜੀਵਨ ਸਾਥੀ ਚੋਣ ਵੇਲੇ ਕਿਥੇ ਖੜਾ ਹੈ ਅਤੇ ਉਸ ਵਿੱਚ ਤਰੱਕੀ ਕਰਨ ਦੀ ਕਿੰਨੀ ਕੁ ਸਮਰੱਥਾ ਹੈ।


ਜੀਵਨਸਾਥੀ ਜਾਂ ਦੁਸ਼ਮਣ:- ਜਦੋ ਲੜਕਾ ਜਾਂ ਲੜਕੀ ਜਵਾਨ ਹੁੰਦੇ ਹਨ ਤਾਂ ਉਹਨਾਂ ਦੇ ਮਾਂ ਬਾਪ ਲੜਕੇ ਲੜਕੀ ਲਈ ਜੀਵਨ ਸਾਥੀ ਦੀ ਤਲਾਸ਼ ਕਰਦੇ ਹਨ ਕੋਈ ਰਿਸ਼ਤੇਦਾਰ/ਅਖਬਾਰ ਜਾਂ ਵਿਚੋਲੇ ਵਲੋਂ ਜਿਥੇ ਕਿਤੇ ਦੱਸ ਪੈਂਦੀ ਹੈ ਪਹਿਲਾਂ ਮਾਂ ਬਾਪ ਇਕ ਦੂਜੇ ਨੂੰ ਮਿਲਦੇ ਹਨ ਜੇ ਉਹਨਾਂ ਨੂੰ ਠੀਕ ਲਗਦਾ ਹੈ ਤਾਂ ਲੜਕੇ ਲੜਕੀ ਨੂੰ ਭੀ ਮਿਲਾਇਆ ਜਾਂਦਾ ਹੈ। ਜਦੋਂ ਦੋਨੋਂ ਪਾਸਿਆਂ ਦੀ ਤਸੱਲੀ ਹੋ ਜਾਂਦੀ ਹੈ ਕਿ ਸਾਨੂੰ ਇਸ ਤੋ ਚੰਗਾਂ ਰਿਸ਼ਤਾ ਨਹੀ ਮਿਲਣਾ ਤਾਂ ਗੱਲਬਾਤ ਪੱਕੀ ਹੋ ਜਾਂਦੀ ਹੈ। ਗੱਲਬਾਤ ਪੱਕੀ ਹੋਣ ਅਤੇ ਸ਼ਾਦੀ ਵਿੱਚ ਕਾਫੀ ਸਮਾਂ ਹੁੰਦਾ ਹੈ ਜਿਸ ਵਿੱਚ ਲੜਕਾ ਲੜਕੀ ਟੈਲੀਫੋਨ ਤੇ ਗੱਲਬਾਤ ਕਰਦੇ ਰਹਿੰਦੇ ਹਨ ਅਤੇ ਇਕ ਦੂਜੇ ਦੇ ਘਰ ਬਾਰ ਅਤੇ ਵਿਚਾਰ ਜਾਨਣ ਦਾ ਕਾਫੀ ਮੌਕਾ ਮਿਲ ਜਾਂਦਾ ਹੈ। ਜਿਹੜੇ ਬੱਚੇ ਪ੍ਰੇਮ ਵਿਆਹ ਕਰਦੇ ਹਨ ਉਹ ਤਾਂ ਇਕ ਦੂਜੇ ਨੰ ਪਹਿਲਾਂ ਹੀ ਜਾਣਦੇ ਹੁੰਦੇ ਹਨ। ਅੱਜ ਕੱਲ ਵਿਆਹ ਵੇਲੇ ਬਹੁਤੇ ਲੜਕੇ ਅਤੇ ਲੜਕੀਆਂ ਦੀ ਉਮਰ 25 ਤੋਂ 30 ਸਾਲ ਦੇ ਵਿੱਚ ਹੁੰਦੀ ਹੈ । ਮੇਰਾ ਭਾਵ ਹੈ ਉਹਨਾਂ ਨੂੰ ਦੁਨੀਆਂਦਾਰੀ ਦੀ ਪੂਰੀ ਸੂਝ ਬੂਝ ਹੁੰਦੀ ਹੈ ਅਤੇ ਉਹ ਆਪਣਾ ਚੰਗਾ ਮਾੜਾ ਸੋਚ ਸਕਦੇ ਹਨ। ਇਕ ਦੂਜੇ ਨਾਲ ਕਿਵੇਂ ਅਡਜਸਟ ਕਰਨਾ ਹੈ ਕਿਉਂਕਿ 25-30 ਸਾਲ ਦੀ ਉਮਰ ਤੱਕ ਸੂਝਵਾਨ ਇਨਸਾਨ ਨੂੰ ਇਤਨਾ ਕੁ ਪਤਾ ਲੱਗ ਹੀ ਜਾਣਾ ਚਾਹੀਦਾ ਹੈ ਕਿ ਜਿੰਦਗੀ ਸਿਰਫ ਤੁਹਾਡੀ ਸੋਚ ਮੁਤਾਬਕ ਹੀ ਨਹੀ ਚਲਦੀ ਸਰਿਸ਼ਟੀ ਵਿੱਚ ਬਾਕੀ ਵੀ ਜੀਵ ਜੰਤੂ ਹਨ। ਹਰ ਇਕ ਨੇ ਆਪਣੀ ਹੋਂਦ ਵਿਖਾਉਣੀ ਹੈ ਅਤੇ ਇਸ ਸੰਸਾਰ ਵਿੱਚ ਤੁਹਾਨੂੰ ਪਹਿਲਾਂ ਆਪਣੇ ਆਪ ਨੂੰ ਢਾਲਣਾ ਪਵੇਗਾ ਅਤੇ ਫਿਰ ਜਿੱਥੇ ਕਿਤੇ ਬਦਲਾਅ ਦੀ ਲੋੜ ਹੈ ਉਹ ਠਰਮੇ ਅਤੇ ਪਿਆਰ ਨਾਲ ਲਿਆਂਦਾ ਜਾ ਸਕਦਾ ਹੈ ਲੜਾਈ ਝਗੜੇ ਨਾਲ ਨਹੀਂ। ਕਾਨੂੰਨ ਵੀ ਉਹਨਾਂ ਚਿਰ ਸਾਰਥਕ ਨਹੀ ਹੁੰਦੇ ਜਿੰਨਾ ਚਿਰ ਮਾਨਸਿਕ ਬਦਲਾਅ ਨਹੀ ਆਉਂਦਾ।

ਇਤਨੀ ਜਾਣਕਾਰੀ ਹੋਣ ਤੇ ਆਪਣੀ ਮਰਜ਼ੀ ਨਾਲ ਅਤੇ ਖੁਸ਼ੀ ਖੁਸ਼ੀ ਵਿਆਹ ਰਚਾਇਆ ਜਾਂਦਾ ਹੈ ਅਤੇ ਵੱਖ ਵੱਖ ਰਸਮਾਂ ਦੀਆਂ ਵਿਡਿਓ ਦੇਖਣ ਵਾਲੀਆਂ ਹੁੰਦੀਆਂ ਹਨ ਕਿਵੇਂ ਸੱਜ ਧੱਜ ਕੇ ਇਕ ਦੂਜੇ ਨਾਲ ਜੱਫੀਆਂ ਪੈਂਦੀਆਂ ਹਨ ਅਤੇ ਸ਼ਗਨ ਸਾਰ ਹੁੰਦੇ ਹਨ। ਪਰ ਜਦੋਂ ਕਿਤੇ ਕਿਸੇ ਜੋੜੇ ਵਿੱਚ ਕਿਸੇ ਗੱਲੋਂ ਬੇਵਿਸ਼ਵਾਸ਼ੀ ਹੋ ਜਾਏ ਤਾਂ ਗੱਲ ਵੱਧਦੀ ਵੱਧਦੀ ਇਥੋਂ ਤੱਕ ਪਹੁੰਚ ਜਾਂਦੀ ਹੈ ਅਤੇ ਇਲਜ਼ਾਮ ਇਤਨੇ ਬੇਹੂਦਾ ਅਤੇ ਅਣਸੁਣੇ ਲੱਗਦੇ ਹਨ ਕਿ ਉਹ ਬਹੁਤੀ ਵੇਰ ਕਿਸੇ ਨੂੰ ਦੱਸਣ ਯੋਗ ਭੀ ਨਹੀ ਹੁੰਦੇ। ਉਹ ਅਸਲੀਅਤ ਛੱਡ ਕੇ ਰੱਜ ਕੇ ਝੂਠ ਲਿਖਾਉਂਦਾ ਹੈ ਕਿ ਦੂਜੇ ਪਾਸੇ ਵਾਲੇ ਦੀ ਜਮਾਨਤ ਭੀ ਨਾ ਹੋਵੇ ਸਿੱਧਾ ਜੇਲ ਵਿੱਚ ਹੀ ਜਾਵੇ। ਇਸ ਸਾਰੇ ਦੇ ਵਿੱਚ ਦੋਨੋਂ ਪਾਸਿਆਂ ਵਿੱਚ ਕੁੜਤੱਣ ਇਤਨੀ ਵੱਧ ਜਾਂਦੀ ਹੈ ਕਿ ਦੋਨੋਂ ਧਿਰਾਂ ਇਕ ਦੂਜੇ ਦੀਆਂ ਜਾਨੀ ਦੁਸ਼ਮਣ ਬਣ ਜਾਂਦੀਆਂ ਹਨ। ਸਾਲਾਂ ਬੱਧੀ ਠਾਣਿਆਂ ਅਤੇ ਕਚਿਹਰੀਆਂ ਵਿੱਚ ਧੱਕੇ ਖਾ ਕੇ ਅਤੇ ਸਮਾਜ ਵਿੱਚ ਬਦਨਾਮੀ ਕਰਵਾਕੇ ਅਖੀਰ ਵਿੱਚ ਫੈਸਲਾ ਪੈਸੇ ਦੇ ਲੈਣ ਦੇਣ ਨਾਲ ਹੋ ਜਾਂਦਾ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਨਸਾਨੀ ਕਦਰਾਂ ਕੀਮਤਾਂ ਨਾਲੋਂ ਸਿਰਫ ਪੈਸਾ ਹੀ ਮੁੱਖ ਰਹਿ ਗਿਆ। ਪਹਿਲੀ ਗੱਲ ਤਾਂ ਇਹ ਹੈ ਕਿ ਮੁੰਡੇ ਕੁੜੀ ਨੂੰ ਵਿਆਹ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਵਿਆਹ ਤੋ ਪਹਿਲਾ ਤੁਹਾਡੀ ਜਿੰਦਗੀ ਇੱਕਲੇ ਦੀ ਸੀ ਪਰ ਵਿਆਹ ਤੋਂ ਬਾਅਦ ਤੁਹਾਡੇ ਜੀਵਨ ਸਾਥੀ ਨੂੰ ਭੀ ਤੁਹਾਡੇ ਤੋ ਬੜੀਆਂ ਆਸਾਂ ਉਮੀਦਾਂ ਹੁੰਦੀਆਂ ਹਨ ਅਤੇ ਤੁਹਾਨੂੰ ਆਪਣੇ ਜੀਵਨ ਸਾਥੀ ਮੁਤਾਬਕ ਭੀ ਆਪਣੇ ਆਪ ਨੂੰ ਢਾਲਣਾ ਪਵੇਗਾ। ਜੇ ਇਤਨੀ ਸੋਚ ਸ਼ਕਤੀ , ਸਮਝ ਅਤੇ ਆਪਣੇ ਆਪ ਵਿੱਚ ਬਦਲਾਅ ਲਿਆਉਣ ਦੀ ਸਮਰਥਾ ਹੈ ਤਾਂ ਵਿਆਹ ਦੇ ਬੰਧਨ ਵਿੱਚ ਬੱਝੋ ਨਹੀਂ ਤਾਂ ਐਵੇ ਹੀ ਨਾ ਦੂਜੇ ਘਰ ਨੂੰ ਬਰਬਾਦ ਕਰੋ।

ਸੈਕਸ਼ਨ 375 ਦੇ ਬਦਲਾਅ ਦਾ ਅਮਲੀ ਪੱਖ: ਅਪੀਲ ਕਰਤਾ ਜੋ ਸੈਕਸ਼ਨ 375 ਵਿੱਚ ਬਦਲਾਅ ਚਾਹੁੰਦੇ ਹਨ ਉਸ ਦਾ ਅਮਲੀ ਤੋਰ ਤੇ ਕੀ ਅਸਰ ਹੋਵੇਗਾ। ਜਿਥੇ ਕਿਤੇ ਕਿਸੇ ਵਜ੍ਹਾਂ ਕਰਕੇ ਪਤੀ ਪਤਨੀ ਵਿੱਚ ਅਣਬਣ ਹੋ ਗਈਤਾਂ ਸਮਝੋ ਬੰਦਾ ਸਿੱਧਾ ਘੱਟੋ ਘੱਟ ਦਸ ਸਾਲ ਲਈ ਅੰਦਰ। ਪਤੀ ਪਤਨੀ ਨੇ ਇੱਕ ਘਰ ਵਿੱਚ ਇਕ ਛੱਤ ਹੇਠਾਂ ਰਹਿਣਾ ਹੈ। ਇਸ ਲਈਬਲਾਤਕਾਰ ਨੂੰ ਸਾਬਤ ਕਰਨ ਲਈ ਕਿਸੇ ਗਵਾਹ ਦੀ ਲੋੜ ਨਹੀ ਕਿਉਂਕਿ ਇਸ ਦਾ ਗਵਾਹ ਕੋਈ ਹੋ ਹੀ ਨਹੀ ਸਕਦਾ। ਸਿਰਫ ਇਕ ਧਿਰ ਵਲੋਂ ਇਕ ਅਰਜ਼ੀ ਦੇਣ ਦੀ ਲੋੜ ਹੈ। ਵਿਆਹੁਤਾ ਜੀਵਨ ਦੇ ਝਗੜੇ ਵਿੱਚ ਬਾਕੀ ਜੋ ਧਾਰਾਵਾਂ ਜਿਵੇਂ ਕੇ ਦਹੇਜ ਮੰਗਣ ਜਾਂ ਦਹੇਜ ਖਾਤਰ ਤੰਗ ਕਰਨ ਵਾਲ਼ੀਆਂ ਹੁੰਦੀਆਂ ਹਨ, ਉਹਨਾਂ ਨੂੰ ਸਾਬਤ ਕਰਨ ਲਈ ਕੁਝ ਸਬੂਤ ਦੇਣੇ ਪੈਂਦੇ ਹਨ। ਜੇ ਕੋਰਟ ਵਲੋਂ ਇਹ ਕਾਨੂੰਨ ਅਪੀਲ ਕਰਤਾ ਮੁਤਾਬਕ ਬਦਲਿਆ ਜਾਂਦਾ ਹੈ ਤਾਂ ਇਸ ਨਾਲ ਸੱਭਿਅਕ ਸਮਾਜਨੇ ਵਿਆਹ ਦਾ ਜੋ ਪਵਿੱਤਰ ਰਿਸ਼ਤਾ ਕਾਇਮ ਕੀਤਾ ਹੈ ਉਹ ਤਹਿਸ ਨਹਿਸ ਹੋ ਜਾਵੇਗਾ। ਨੌਜਵਾਨ ਵਿਆਹ ਨਾਲੋਂ ਲਿਵਇਨ ਰਿਲੇਸ਼ਨਸ਼ਿਪ ਨੂੰ ਤਰਜੀਹ ਦੇਵੇਗਾ ਜਿਸ ਨੂੰ ਅੱਜ ਸਮਾਜ ਵਿੱਚ ਚੰਗੀ ਨਜ਼ਰ ਨਾਲ ਨਹੀਂ ਦੇਖਿਆ ਜਾਂਦਾ। ਸੋ ਇਸ ਅਪੀਲ ਤੇ ਫੈਸਲਾ ਇਨਸਾਨੀ ਜਰੂਰਤ ਅਤੇ ਵਿਆਹ ਦੇ ਪਵਿੱਤਰ ਰਿਸ਼ਤੇ ਨੂੰ ਧਿਆਨ ਵਿੱਚ ਰੱਖ ਕੇ ਲੈਣਾ ਚਾਹੀਦਾ ਹੈ ਕਿਉਂਕਿ ਇਸ ਵਿੱਚ ਲਾਈਫ ਅਤੇ ਲਿਬਰਟੀ ਇਕੱਲੇ ਦੀ ਨਹੀਂ, ਵਿਆਹ ਤੋ ਬਾਅਦ ਦੋ ਇਨਸਾਨਾ ਦੀ ਇਕੱਠੀ ਇਕ ਦੂਜੇ ਤੇ ਨਿਰਭਰ ਕਰਦੀ ਹੈ।

# ਸਿਆਸਤ, ਸਿੱਖਿਆ, ਸਿਹਤ ਤੇ ਭ੍ਰਿਸ਼ਟਾਚਾਰ



ਪੰਜਾਬ ਦੇ ਲੋਕਾਂ ਇਸ ਵਾਰ ਪੂਰਾ ਮਨ ਬਣਾ ਕੇ ਰਵਾਇਤੀ ਪਾਰਟੀਆਂ ਨੂੰ ਪਾਸੇ ਕਰਕੇ ਆਮ ਪਾਰਟੀ ਨੂੰ ਇਕ ਮੌਕਾ ਦਿੱਤਾ ਹੈ। ਜਿਸ ਕਰਕੇ ਹੁਣ ਪੰਜਾਬ ਨੂੰ ਨਵੀਂ ਲੀਡਰਸ਼ਿਪ ਮਿਲ ਗਈ ਹੈ। ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਵਾਅਦੇ ਵੀ ਬਥੇਰੇ ਕੀਤੇ ਹਨ। ਇਸ ਪਾਰਟੀ ਦੇ ਦਾਅਵੇ ਵੀ ਬਹੁਤ ਉਤੇ ਹਨ। ਜੇ ਸੱਚ ਪੁੱਛੋਂ ਤਾਂ ਬਹੁਤੇ ਲੋਕਾਂ ਨੇ ਲਾਲਚ ਦੇ ਅਧੀਨ ਹੋ ਕੇ ਹੀ ਵੋਟ ਆਮ ਪਾਰਟੀ ਦੇ ਹੱਕ ਵਿੱਚ ਭੁਗਤਾ ਦਿੱਤੀ ਹੈ। ਲੋਕ ਭਗਵੰਤ ਮਾਨ ਤੋਂ ਆਸ ਕਰ ਰਹੇ ਹਨ ਕਿ ਪੰਜਾਬ ਦੀ ਲੀਹੋਂ ਲੱਥੀ ਗੱਡੀ ਨੂੰ ਹੋ ਸਕਦਾ ਹੈ ਉਪਰ ਚੜ੍ਹਾ ਦੇਵੇ। ਉਂਝ, ਇਸ ਗੱਲ ਦਾ ਧਿਆਨ ਵੀ ਰੱਖਣਾ ਪਵੇਗਾ ਕਿ ਡਾਵਾਂਡੋਲ ਹੋਇਆ ਸਿਸਟਮ ਜਾਦੂ ਦੀ ਛੜੀ ਘੁਮਾਉਣ ਵਾਂਗ ਇਕ ਹੀ ਪਲ ਅੰਦਰ ਠੀਕ ਨਹੀਂ ਹੋ ਸਕਦਾ। ਇਸ ਲਈ ਨਵੀਂ ਸਰਕਾਰ ਨੂੰ ਕੁਝ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ। ਜੇ ਕਰ ਗੱਲ ਕਰੀਏ ਸਿੱਖਿਆ ਦੀ ਤਾਂ ਪੰਜਾਬ ਵਿੱਚ ਸਿੱਖਿਆ ਦਾ ਮਿਆਰ ਬਹੁਤ ਥਲੇ ਡਿੱਗ ਚੁਕਾ ਹੈ .ਸਰਕਾਰੀ ਸਕੂਲਾਂ ਦਾ ਹਾਲ ਤਾਂ ਇਨਾਂ ਕੁ ਮਾੜਾ ਹੈ। ਕੋਈ ਵੀ ਸਕੂਲ ਇਹੋ ਜਿਹਾ ਨਹੀਂ ਹੋਵੇਗਾ ਜਿਥੇ ਸਟਾਫ ਪੂਰਾ ਹੋਵੇ। ਫਿਰ ਅਧਿਆਪਕਾਂ ਨੂੰ ਬੀ ਐਲ ਓ ਦੀਆਂ ਡਿਊਟੀਆਂ ਵੀ ਸੋਪੀਆਂ ਹੋਈਆਂ ਹਨ । ਟੀਚਿੰਗ ਨਾਲੋਂ ਨੌਂਨ ਟੀਚਿੰਗ ਕੰਮ ਜਿਆਦਾ ਕਰਵ-ਾਇਆ ਜਾਂਦਾ ਹੈ। ਸਕੂਲਾਂ ਨੂੰ ਰੰਗ ਕਰਨ ਨਾਲ ਸਿੱਖਿਆ ਦਾ ਸੁਧਾਰ ਨਹੀਂ ਹੋ ਸਕਦਾ। ਇੱਕ ਸਭ ਤੋਂ ਵੱਡੀ ਸਰਕਾਰੀ ਸਕੂਲਾਂ ਵਿਚ ਮਿਡ ਡੇ ਮੀਲ ਮੁਸੀਬਤ ਬਣੀ ਹੋਈ ਹੈ। ਸਾਰੇ ਸਟਾਫ ਦਾ ਧਿਆਨ ਬੱਚਿਆਂ ਨੂੰ ਭੋਜਨ ਖੁਆਉਣ ਤੇ ਹੀ ਲੱਗਾ ਰਹਿੰਦਾ ਹੈ .ਬੱਚਿਆਂ ਦਾ ਸਮੇ ਸਾਰਣੀ ਨਾਲ ਕੋਈ ਲੈਣ ਦੇਣ ਨਹੀਂ ਹੈ . ਸਵੇਰ ਦੀ ਸਭਾ ਵਿੱਚ ਬਹੁਤੇ ਬੱਚੇ ਤਾਂ ਸ਼ਾਮਲ ਹੀ ਨਹੀਂ



ਜਸਵਿੰਦਰ ਸਿੰਘ ਭੁਲੇਰੀਆ

ਹੁੰਦੇ .ਬੋਰਡ ਤੇ ਹਾਜ਼ਰੀ ਲਾਉਣ ਤੋਂ ਕਲਾਸ ਇੰਚਾਰਜ ਝਿਝਕਦੇ ਹਨ। ਜਿਲ੍ਹਾ ਸਿੱਖਿਆ ਅਫ਼ੀਸਰਾਂ ਨੂੰ ਚਾਹੀਦਾ ਹੈ ਕਿ ਸਕੂਲਾਂ ਤੇ ਨਿਗਰਾਨ ਟੀਮਾਂ ਨਿਰੰਤਰ ਭੇਜਦੇ ਰਹਿਣਾ ਚਾਹੀਦਾ ਹੈ। ਜਿਹੜੇ ਵਿਸ਼ੇ ਦੇ ਅਧਿਆਪਕ ਹੋਵੇ ਉਸ ਨੂੰ ਉਹੀ ਵਿਸ਼ਾ ਪੜ੍ਹਾਉਣ ਲਈ ਕਿਹਾ ਜਾਵੇ। ਬਹੁਤੇ ਸਕੂਲਾਂ ਵਿੱਚ ਇੱਕ ਇੱਕ ਅਧਿਆਪਕ ਕਈ ਕਈ ਵਿਸ਼ੇ ਪੜ੍ਹਾ ਰਹੇ ਹਨ। ਸਕੂਲਾਂ ਦਾ ਸਿਸਟਮ ਇੱਕ ਦਿਨ ਵਿੱਚ ਨਹੀਂ ਸੁਧਰਨ ਵਾਲਾ। ਜਿਸ ਕਰਕੇ ਬਹੁਤੇ ਮਾਪਿਆਂ ਨੇ ਪ੍ਰਾਈਵੇਟ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਦੀ ਪਹਿਲ ਦਿਤੀ ਹੈ। ਬੇਸ਼ਕ ਸਰਕਾਰੀ ਸਕੂਲਾਂ ਵਿੱਚ ਫੀਸਾਂ ਨਾ ਮਾਤਰ ਹਨ ਪਰ ਫਿਰ ਮਾਪੇ ਇਹਨਾਂ ਤੋਂ ਕੰਨੀ ਕਤਰਾਉਂਦੇ ਹਨ। ਸਰਕਾਰੀ ਹਸਪਤਾਲ ਦਾ ਤਾਂ ਬੇੜਾ ਹੀ ਗਰਕ ਹੋਇਆ ਪਿਆ ਹੈ। ਗੰਦਗੀ ਇੰਨੀ ਜਿਆਦਾ ਫੈਲੀ ਹੁੰਦੀ ਹੈ ਕਿ ਮਰੀਜ਼ ਉਥੇ ਜਾਨ ਤੋਂ ਮਰ ਜਾਣਾ ਚੰਗਾ ਤੇ ਬੇਹਤਰ ਸਮਝਦਾ ਹੈ । ਸਟਾਫ ਹਾਜ਼ਰ ਹੋਣ ਦੀ ਬਜਾਏ ਵੀ ਮਰੀਜ਼ਾ ਨਾਲ ਚੰਗਾ ਵਿਵਹਾਰ ਨਹੀਂ ਕਰਦੇ। ਫਿਰ ਛੋਟੀ ਤੋਂ ਛੋਟੀ ਦਵਾਈ ਵੀ ਲਿਖ ਦਿੰਦੇ ਹਨ ਕਿ ਬਾਹਰੋਂ ਲਿਆਓ। ਹਸਤਪਤਾਲਾਂ ਦੇ ਬਾਹਰ ਦੁਕਾਨਾਂ ਨਾਲ ਇਹਨਾਂ ਮੈਡੀਕਲ ਅਫ਼ੀਸਰਾਂ ਦਾ ਕੰਟਰੈਕਟ ਹੁੰਦਾ ਹੈ। ਇਹਨਾਂ ਨੂੰ ਨੱਥ ਕਿਵੇਂ ਪਵੇਗੀ ਹੁਣ ਸੋਚਣਾ ਪੈ ਰਿਹਾ ਹੈ। ਭ੍ਰਿਸ਼ਟਾਚਾਰ ਨੇ ਤਾਂ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ ਹਨ। ਭਗਵੰਤ ਮਾਨ ਜੀ ਕਹਿੰਦੇ ਹਨ ਕਿ ਰਿਸ਼ਵਤ ਦੇ ਦੀਓ ਤੇ ਨਾਲ ਰਿਕਾਰਡਿੰਗ ਕਰ ਲਓ। ਹੁਣ ਰਿਸ਼ਵਤ ਸਿਧਿ ਨਹੀਂ ਵਿਚੋਲਿਆਂ ਰਹੀ ਲਈ ਜਾਂਦੀ ਹੈ। ਠਾਣੇ ਦੇ ਬਾਹਰ ਚਾਹ ਵਾਲੇ,ਤਹਿਸੀਲਾਂ ਵਿੱਚ ਅਰਜ਼ੀ ਨਵੀਸਾਂ ਰਾਹੀਂ। ਪਟਵਾਰੀ ਆਪਣੇ ਕਰਿੰਦਿਆਂ ਰਾਹੀਂ ਤੇ ਜੱਜ ਆਪਣੇ ਰੀਡਰਾਂ ਰਾਹੀਂ ਤੇ ਵਕੀਲਾਂ ਰਾਹੀਂ ਲੈ ਰਹੇ ਹਨ। ਫਿਰ ਰਿਕਾਰਡਿੰਗ ਕਿਵੇਂ ਹੋਵੇਗੀ। ਬਹੁਤ ਮੁਸ਼ਕਿਲ ਵਾਲੀ ਗੱਲ ਹੈ। ਰਿਸ਼ਵਤ ਲੈਣ ਵਾਲਿਆਂ ਦਾ ਮੂੰਹ ਢੱਕਣਾ ਨਹੀਂ ਚਾਹੀਦਾ ਸਗੋਂ ਚਿਹਰਾ ਨੰਗਾ ਕਰਨਾ ਚਾਹੀਦਾ ਹੈ। ਰਿਸ਼ਵਤ ਲੈਣ ਵਾਲਾ ਫੜੇ ਜਾਣ ਤੋਂ ਬਾਹਦ ਘਟ ਤੋਂ ਘਟ ਪੰਜ ਸਾਲ ਉਸ ਕੁਰਸੀਆ ਤੇ ਨਹੀਂ ਆਉਣਾ ਚਾਹੀਦਾ। ਹੁੰਦਾ ਕੀ ਹੈ ਅੱਜ ਸਸਪੈਂਡ ਤੇ ਅਗਲੇ ਦਿਨ ਫਿਰ ਉਸੇ ਕੁਰਸੀ ਤੇ ਬਿਰਾਜਮਾਨ ਹੋਏ ਬੈਠੇ ਹੁੰਦੇ ਹਨ। ਸਿਆਸਤ ,ਸਿੱਖਿਆ , ਸਿਹਤ ਤੇ ਭ੍ਰਿਸ਼ਟਾਚਾਰ ਨਾਲ ਅਗਰ ਆਪ ਦੀ ਸਰਕਾਰ ਨਜਿੱਠ ਲਵੇ ਤਾਂ ਪੰਜਾਬ ਆਪਣੇ ਆਪ ਮੁੜ ਲੀਹ ਤੇ ਆ ਜਾਵੇਗਾ।



## ਹੋਮਗਾਰਡ ਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ

ਮਜੀਠਾ, 24 ਮਾਰਚ (ਪੋਸਟ ਬਿਊਰੋ)- ਬੀਤੀ ਰਾਤ ਅਣਪਛਾਤੇ ਬਾਈਕ ਸਵਾਰਾਂ ਨੇ ਹੋਮਗਾਰਡ ਦੇ ਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮ੍ਰਿਤਕ ਹੋਮਗਾਰਡ ਜਵਾਨ ਕਰਮਜੀਤ ਸਿੰਘ ਉਰਫ ਲਾਡੀ ਦੇ ਪਿਤਾ ਕੁੰਨਣ ਸਿੰਘ ਸਾਬਕਾ ਸਰਪੰਚ ਨੇ ਦੱਸਿਆ ਕਿ ਉਹ ਕਸਬਾ ਮਜੀਠਾ ਦੇ ਕੱਥੂਨੰਗਲ ਰੋਡ ਵਿਖੇ ਰੈਸਟੋਰੈਂਟ ਚਲਾਉਂਦਾ ਹੈ ਤੇ ਬੀਤੀ ਰਾਤ ਉਸ ਦਾ ਲੜਕਾ ਕਰਮਜੀਤ ਸਿੰਘ ਕਿਸੇ ਕੰਮ ਲਈ ਰੈਸਟੋਰੈਂਟ ਉੱਤੇ ਆਇਆ ਸੀ ਅਤੇ ਰਾਤ ਰੈਸਟੋਰੈਂਟ ਬੰਦ ਕਰ ਰਿਹਾ ਸੀ ਤਾਂ ਇਸੇ ਦੌਰਾਨ ਤਿੰਨ ਮੋਟਰਸਾਈਕਲਾਂ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਲੈਸ ਹੋ ਕੇ ਆਏ ਅੱਧੀ ਦਰਜਨ ਨੌਜਵਾਨਾਂ ਨੇ ਉਸ ਦੇ ਲੜਕੇ ਉੱਤੇ ਹਮਲਾ ਕਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਅਤੇਫਿਰ ਫਰਾਰ ਹੋ ਗਏ। ਉਨ੍ਹਾਂ ਨੇ ਆਪਣੇ ਲੜਕੇ ਨੂੰ ਅੰਮ੍ਰਿਤਸਰ ਦੇ ਐਕਸਾਰਟ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ, ਜਿੱਥੇ ਡਾਕਟਰਾਂ ਨੇ ਕਰਮਜੀਤ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

# ਪਸ਼ੂਆਂ ਦੀ ਫੀਡ ਵਾਲੀ ਫੈਕਟਰੀ ਵਿੱਚ ਗੈਸ ਚੜ੍ਹਨ ਨਾਲ ਤਿੰਨ ਮੌਤਾਂ

ਤਰਨਤਾਰਨ, 24 ਮਾਰਚ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਨੌਰੰਗਾਬਾਦ ਵਿਖੇ ਦੇਰ ਸ਼ਾਮ ਪਸ਼ੂਆਂ ਦੀ ਫੀਡ ਤਿਆਰ ਕਰਨ ਵਾਲੀ ਫੈਕਟਰੀ ਵਿੱਚ ਬਣਾਈ ਗਈ 'ਰਿਬ' ਵਿੱਚੋਂ ਗੈਸ ਚੜ੍ਹਨ ਨਾਲ ਫੈਕਟਰੀ ਮਾਲਕਾਂ ਅਤੇ ਇੱਕ ਕਾਮੇ ਦੀ ਮੌਤ ਹੋ ਗਈ। ਇਸ ਦੀ ਜਾਣਕਾਰੀ ਮਿਲਦਿਆਂ ਹੀ ਅਧਿਕਾਰੀ ਘਟਨਾ ਵਾਲੀ ਜਗ੍ਹਾਪਹੁੰਚ ਗਏ।

ਮ੍ਰਿਤਕ ਹਰਭਜਨ ਸਿੰਘ ਦੇ ਪੁੱਤਰ ਜਸਪਾਲ ਸਿੰਘ ਵਾਸੀ ਮੱਲਮੋਹਰੀ ਨੇ ਦੱਸਿਆ ਕਿ ਉਨ੍ਹਾਂ ਦੀ ਪਿੰਡ ਨੌਰੰਗਾਬਾਦ ਵਿੱਚ ਪਸ਼ੂਆਂ ਦੀ ਫੀਡ ਬਣਾਉਣ ਵਾਲੀ ਫੈਕਟਰੀ ਹੈ। ਦੇਰ ਸ਼ਾਮ ਉਨ੍ਹਾਂ ਦਾ ਨੌਕਰ ਦਿਲਬਾਗ ਸਿੰਘ ਫੀਡ ਤਿਆਰ ਕਰਨ ਲਈ ਬਣਾਈ ਗਈ 'ਰਿਬ' ਵਿੱਚ ਕੁਝ ਦੇਖਣ ਲੱਗਾ ਤਾਂ ਗੈਸ ਚੜ੍ਹਨ ਨਾਲ ਹੇਠਾਂ ਡਿੱਗ ਪਿਆ। ਜਦ ਉਸ ਨੂੰ ਬਚਾਉਣ ਦੇ ਲਈ ਮੇਰੇ ਤਾਏ ਦਾ ਲੜਕਾ ਦਿਲਬਾਗ ਸਿੰਘ ਪੁੱਤਰ ਧੀਰ ਸਿੰਘ ਕੋਲ ਗਿਆ ਤਾਂ ਉਹ ਵੀ ਗੈਸ ਚੜ੍ਹਨ ਨਾਲ ਉਸ ਵਿੱਚ ਡਿੱਗ ਪਿਆ। ਇਸ ਤੋਂ ਬਾਅਦ ਉਸਦੇ ਪਿਤਾ ਹਰਭਜਨ ਸਿੰਘ ਵੀ ਇਨ੍ਹਾਂ ਨੂੰ ਬਚਾਉਣ ਲਈ ਅੱਗੇ ਆਏ ਤਾਂ 'ਰਿਬ'ਤੋਂ ਨਿਕਲਦੀ ਗੈਸ ਨਾਲ ਉਹ ਵੀ ਵਿੱਚ ਡਿੱਗ ਪਏ। ਇਸ ਤੋਂ ਬਾਅਦ ਉਨ੍ਹਾਂ ਦਾ ਭਰਾ ਜਗਰੂਪ ਸਿੰਘ ਵੀ ਇਨ੍ਹਾਂ ਨੂੰ ਬਚਾਉਣ ਲਈ 'ਰਿਬ' ਵਿੱਚੋਂ ਉਤਰਿਆ ਤਾਂ ਉਸ ਨੂੰ ਵੀ ਜ਼ਹਿਰੀਲੀ ਗੈਸ ਚੜ੍ਹ ਗਈ, ਪਰ ਉਥੇ ਮੌਜੂਦ ਲੋਕਾਂ ਨੇ ਉਸ ਨੂੰ ਰਿਬਤੋਂ ਬਾਹਰ ਖਿੱਚ ਲਿਆ।ਜਗਰੂਪ ਨੂੰ ਗੁਰੂ ਨਾਨਕ ਦੇਵ ਹਸਪਤਾਲ ਦਾਖ਼ਲ ਕਰਾਇਆ ਗਿਆ, ਜਿੱਥੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਉਥੇ ਮੌਜੂਦ ਪਿੰਡ ਵਾਸੀਆਂ ਨੇ ਕਾਫ਼ੀ ਜਦੋਂ ਜਹਿਦ ਪਿੱਛੋਂ ਰਿਬ ਵਿੱਚ ਡਿੱਗੇ ਹਰਭਜਨ ਸਿੰਘ, ਦਿਲਬਾਗ ਸਿੰਘ ਅਤੇ ਧੀਰ ਸਿੰਘ ਨੂੰ ਬਾਹਰ ਕੱਢਿਆ ਤਾਂ ਹਰਭਜਨ ਸਿੰਘ ਦੇ ਸਾਹ ਚੱਲਦੇ ਸਨ, ਪਰ ਬਾਕੀ ਦੋਵਾਂ ਦੀ ਮੌਤ ਹੋ ਚੁੱਕੀ ਸੀ। ਹਰਭਜਨ ਸਿੰਘ ਨੂੰ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।



# ਸ਼ਹੀਦੀ ਦਿਵਸ ਉਤੇ ਛੁੱਟੀ ਦਾ ਵਿਰੋਧ ਕਰਨ ਉਤੇ ਮਾਨ ਵੱਲੋਂ ਰਾਜਾ ਵੜਿੰਗ ਦੀ ਆਲੋਚਨਾ

ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਪੰਜਾਬ ਦੀ16ਵੀਂ ਵਿਧਾਨ ਸਭਾ ਦੇ ਪਹਿਲੇ ਸੈਸ਼ਨ ਦੇ ਤੀਸਰੇ ਦਿਨ ਕਾਂਗਰਸ ਪਾਰਟੀ ਉੱਤੇ ਨਿਸ਼ਾਨਾ ਲਾਉਂਦੇ ਹੋਏ ਸਦਨ ਦੇ ਨੇਤਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੱਲ੍ਹ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਵਜੋਂ ਇਨ੍ਹਾਂ ਮਹਾਨ ਸ਼ਹੀਦਾਂ ਦੇ ਸ਼ਹੀਦੀ ਦਿਵਸ ਉੱਤੇ 23 ਮਾਰਚ ਨੂੰ ਛੁੱਟੀ ਦਾ ਐਲਾਨ ਕੀਤਾ ਤਾਂ ਗਿੱਦੜਬਾਹਾ ਤੋਂ ਕਾਂਗਰਸ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ਼ਹੀਦੀ ਦਿਵਸ ਉੱਤੇ ਛੁੱਟੀ ਦਾ ਐਲਾਨ ਕਰਨ ਦੀ ਥਾਂ ਸਾਰੇ ਸਕੂਲ-ਕਾਲਜ ਖੁੱਲ੍ਹੇ ਰੱਖਣ ਦੀ ਮੰਗ ਕਰ ਦਿੱਤੀ। ਇਸ ਦੇ ਜਵਾਬ ਵਿੱਚ ਭਗਵੰਤ ਮਾਨ ਨੇ ਕਿਹਾ ਕਿ ਇਹ ਛੁੱਟੀ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਵਾਸਤੇ ਐਲਾਨੀ ਗਈ ਹੈ।



ਭਗਵੰਤ ਮਾਨ ਨੇ ਕਿਹਾ ਕਿ ਪਹਿਲਾਂ ਇਹ ਛੁੱਟੀ ਸਥਾਨਕ ਤੌਰ ਉੱਤੇ ਸਿਰਫ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਐਲਾਨੀ ਜਾਂਦੀ ਸੀ, ਤਾਂ ਕਿ ਉਸ ਇਲਾਕੇ ਦੇ ਲੋਕ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਸ਼ਹੀਦੀ ਯਾਦਗਾਰਜਾ ਕੇ ਸ਼ਰਧਾਂਜਲੀ ਭੇਂਟ ਕਰ ਸਕਣ। ਸਾਡੀ ਸਰਕਾਰ ਨੇ ਸੂਬੇ ਭਰ ਵਿੱਚ ਇਸ ਦਿਨ ਗਜ਼ਟਿਡ ਛੁੱਟੀ ਐਲਾਨਣ ਦਾ ਫੈਸਲਾ ਕੀਤਾ ਹੈ, ਜਿਸ ਤੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਸਮੇਤ ਵੱਧ ਤੋਂ ਵੱਧ ਗਿਣਤੀ ਵਿੱਚ ਲੋਕ ਖਟਕੜ ਕਲਾਂ ਅਤੇ ਹੁਸੈਨੀਵਾਲਾ ਜਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰ ਸਕਣ। ਉਨ੍ਹਾਂ ਨੇ ਵਿਅੰਗ ਕੱਸਦੇ ਹੋਏ ਰਾਜ ਵੜਿੰਗ ਤੋਂ ਪੁੱਛਿਆ ਕਿ ਭਗਤ ਸਿੰਘ ਦਾ ਜਨਮ ਦਿਨ ਕਦੋਂ ਹੁੰਦਾਹੈ, ਵੜਿੰਗ ਇਸ ਦਾ ਜਵਾਬ ਨਹੀਂ ਦੇ ਸਕੇ ਤਾਂ ਮਾਨ ਨੇ ਕਿਹਾ: 'ਕਮਾਲ ਹੈ ਯਾਰ, ਤੁਹਾਨੂੰ ਇੰਨਾ ਵੀ ਨਹੀਂ ਪਤਾ'। ਮਾਨ ਨੇ ਵੜਿੰਗ ਦਾ ਮਜ਼ਾਕ ਉਡਾਇਆ ਅਤੇ ਸਦਨ ਵਿੱਚ ਠਹਾਕੇ ਗੂੰਜ ਪਏ।

## ਗੁਰਦੁਆਰੇ ਦੀ ਬਣਦੀ ਇਮਾਰਤ ਡਿੱਗਣ ਨਾਲ 2 ਮੌਤਾਂ

ਤਰਨਤਾਰਨ, 24 ਮਾਰਚ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਕਸਬਾ ਚੋਹਲਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਅਧੀਨ ਕਮਰੇ ਦੀ ਚੱਲ ਰਹੀ ਉਸਾਰੀ ਦੌਰਾਨ ਪਾਏ ਜਾ ਰਹੇ ਲੈਂਟਰ ਹੇਠਾਂ ਆਉਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋਣ ਅਤੇ ਦੋ ਦੇ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਪਤਾ ਲੱਗਾ ਹੈ ਕਿ ਚੋਹਲਾ ਸਾਹਿਬ ਵਿਖੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਅੰਦਰ ਇੱਕ ਕਮਰੇ ਦੀ ਉਸਾਰੀ ਦੌਰਾਨ ਕੱਲ੍ਹ ਦੁਪਹਿਰੇਲੈਂਟਰ ਪਾਇਆ ਜਾ ਰਿਹਾ ਸੀ, ਜਿਸ ਵਿੱਚ ਵੱਖ-ਵੱਖ ਪਿੰਡਾਂ ਤੋਂ ਆਈ ਸੰਗਤ ਸੇਵਾ ਕਰ ਰਹੀ ਸੀ। ਜਦੋਂ ਲੈਂਟਰ ਪਾਉਣ ਦਾ ਕੰਮ ਮਸ਼ੀਨ ਰਾਹੀਂ ਸ਼ੁਰੂ ਕੀਤਾ ਤਾਂ ਲੋਹੇ ਦੀਆਂ ਪਲੇਟਾਂ ਹੇਠਾਂ ਲਾਈਆਂ ਵੱਡੀਆਂਬੱਲੀਆਂ ਦੇ ਅਚਾਨਕ ਖਿਸਕ ਜਾਣ ਨਾਲ ਲੈਂਟਰ ਹੇਠਾਂ ਆ ਡਿੱਗਾ, ਜਿਸ ਹੇਠਾਂ ਚਾਰ ਲੋਕ ਦੱਬੇ ਗਏ। ਸੰਗਤ ਨੇ ਭਾਰੀ ਮੁਸ਼ੱਕਤ ਤੋਂ ਬਾਅਦ ਮਲਬੇ ਹੇਠਾਂ ਫਸੇ ਵਿਅਕਤੀਆਂ ਨੂੰ ਬਾਹਰ ਕੱਢ ਕੇਸਰਕਾਰੀ ਹਸਪਤਾਲ ਸਰਹਾਲੀ ਪਹੁੰਚਾਇਆ। ਲੈਂਟਰ ਹੇਠਾਂ ਆਏ ਗੁਰਮੇਜ ਸਿੰਘ (60) ਤੇ ਸਾਹਿਬ ਸਿੰਘ (40) ਦੋਵੇਂ ਵਾਸੀ ਚੋਹਲਾ ਸਾਹਿਬ ਦੀ ਮੌਤ ਹੋ ਗਈ, ਜਦਕਿ ਕਰਨਬੀਰ ਸਿੰਘ ਪੁੱਤਰ ਕੁਲਦੀਪ ਸਿੰਘ ਅਤੇ ਮੰਗਲ ਸਿੰਘ ਵਾਸੀ ਚੋਹਲਾ ਸਾਹਿਬ ਗੰਭੀਰ ਜ਼ਖ਼ਮੀ ਹੋ ਗਏ।



ਕਾਨਪੁਰ ਸਿੱਖ ਕਤਲੇਆਮ

## ਲੁਧਿਆਣਾ ਪੁੱਜੀ ਜਾਂਚ ਟੀਮ ਵੱਲੋਂ ਪੀੜਤ ਪਰਵਾਰਾਂ ਦੇ ਬਿਆਨ ਦਰਜ

ਲੁਧਿਆਣਾ, 24 ਮਾਰਚ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਨਵੰਬਰ 1984 ਵਿੱਚ ਦਿੱਲੀ ਦੇ ਨਾਲ ਹੀ ਕਾਨਪੁਰ ਵਿੱਚ ਹੋਏ ਸਿੱਖ ਕਤਲੇਆਮ ਦੀ ਜਾਂਚ ਕਰਨ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਉਤਰ ਪ੍ਰਦੇਸ਼ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਮੈਂਬਰਾਂ ਨੇ ਕੱਲ੍ਹ ਇੱਥੇ ਪਹੁੰਚ ਕੇ ਪੀੜਤ ਪਰਵਾਰਾਂ ਦੇ ਬਿਆਨ ਦਰਜ ਕੀਤੇ ਅਤੇ ਅਗਲੀ ਕਾਰਵਾਈ ਦਾ ਭਰੋਸਾ ਦਿੱਤਾ।

ਇਸ ਬਾਰੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਵੱਲੋਂ ਡੀ ਆਈ ਜੀ ਕਾਨਪੁਰ ਬੁਲਿੰਦੂ ਭੂਸ਼ਣ ਦੀ ਅਗਵਾਈ ਹੇਠ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਇੰਸਪੈਕਟਰ ਸੂਰਿਆਪ੍ਰਤਾਪ ਸਿੰਘ ਨੇ ਕੱਲ੍ਹ ਸਵੇਰੇ ਦੁੱਗਰੀ ਵਿੱਚ ਦੰਗਾ ਪੀੜਤ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਤੇ ਗੁਰਦੀਪ ਕੌਰ ਨਾਲ ਮੁਲਾਕਾਤ ਕਰ ਕੇ ਨਵੰਬਰ 1984 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਕਾਨਪੁਰ ਵਿਚ ਹੋਏ ਸਿੱਖ ਕਤਲੇਆਮ ਵਿਚ ਮਾਰੇ ਗਏ ਸਿੱਖ ਪਰਵਾਰਾਂ ਦੇ ਲਗਭਗ ਇੱਕ ਦਰਜਨ ਲੋਕਾਂ ਦੇ ਬਿਆਨ ਦਰਜ ਕੀਤੇ ਹਨ। ਉਨ੍ਹਾਂ ਦੱਸਿਆ ਕਿ ਨਵੰਬਰ 1984 ਵਿੱਚ ਕਾਨਪੁਰ ਅਤੇ ਬੋਕਾਰੋ ਸਮੇਤ ਕਈ ਇਲਾਕਿਆਂ ਵਿੱਚ ਹੋਏ ਸਿੱਖ ਕਤਲੇਆਮ ਦੇ ਪੀੜਤ ਪਰਵਾਰ ਲੁਧਿਆਣਾ ਤੋਂ ਇਲਾਵਾ ਮੋਹਾਲੀ, ਰੋਪੜ ਤੇ ਜਲੰਧਰ ਵਿੱਚ ਵੀ ਰਹਿ ਰਹੇ ਹਨ। ਇਹ ਜਾਂਚ ਟੀਮ ਦੂਜੇ ਜ਼ਿਲ੍ਹਿਆਂ ਵਿੱਚ ਵੀ ਜਾ ਕੇ ਪੀੜਤ ਪਰਵਾਰਾਂ ਦੇ ਬਿਆਨ ਦਰਜ ਕਰੇਗੀ। ਇਸ ਬਾਰੇ ਪੁਲਸ ਵੱਲੋਂ 127 ਲੋਕਾਂ ਦੇ ਖਿਲਾਫ ਚਲਾਨ ਪੇਸ਼ ਕੀਤਾ ਅਤੇ 420 ਦੇ ਕਰੀਬ ਲੋਕਾਂ ਦੀਆਂ ਗਵਾਹੀਆਂ ਲਿਖੀਆਂ ਹਨ।ਉਤਰ ਪ੍ਰਦੇਸ਼ ਸਰਕਾਰ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਭਰੋਸਾ ਦਿੱਤਾ ਹੈ ਅਤੇ ਪੀੜਤ ਪਰਵਾਰਾਂ ਨੂੰ ਮੁੜ ਵਸੇਬੇ ਲਈ ਗਰਾਂਟ ਵੀ ਦੇਣੀ ਹੈ। ਭਾਜਪਾ ਆਗੂ ਕੁਲਦੀਪ ਸਿੰਘ ਭੋਗਲ ਵੱਲੋਂ ਇਹ ਮਾਮਲਾ ਉਠਾਏ ਜਾਣ ਮਗਰੋਂ ਉਤਰ ਪ੍ਰਦੇਸ਼ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਸੀ।

### ਨਵਜੋਤ ਸਿੱਧੂ ਦੇ ਕਰੀਬੀ ਕੌਂਸਲਰ ਆਪ ਪਾਰਟੀ ਵਿੱਚ ਸ਼ਾਮਲ

ਅੰਮ੍ਰਿਤਸਰ, 24 ਮਾਰਚ (ਪੋਸਟ ਬਿਊਰੋ)-ਪੰਜਾਬ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਬੇਹੱਦ ਨੇੜੇ ਮੰਨੇ ਜਾਂਦੇ ਮਾਸਟਰ ਹਰਪਾਲ ਸਿੰਘ ਵੇਰਕਾ ਅਤੇ ਹੋਰ ਕੌਂਸਲਰ ਕੱਲ੍ਹ ਕਾਂਗਰਸ ਛੱਡ ਕੇ ਦਿੱਲੀ ਵਿਖੇਮੁਨੀਸ਼ ਸਿਸੋਦੀਆਂ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।

ਵਰਨਣ ਯੋਗ ਹੈ ਕਿ ਕੁਝ ਕੌਂਸਲਰ ਉਹ ਵੀ ਹਨ, ਜੋ ਨਵਜੋਤ ਸਿੰਘ ਸਿੱਧੂ ਦੀ ਸੱਜੀ-ਖੱਬੀ ਬਾਂਹ ਮੰਨੇ ਜਾਂਦੇ ਹਨ। ਇਨ੍ਹਾਂ ਆਗੂਆਂ ਵਿੱਚ ਮਾਸਟਰ ਹਰਪਾਲ ਸਿੰਘ ਵੇਰਕਾ ਸਮੇਤ, ਚਰਨਜੀਤ ਸਿੰਘ ਬੱਬਾ, ਅਮਨ ਪਲਵਾਨ, ਰਜਿੰਦਰ ਸੈਣੀ ਆਦਿ ਸ਼ਾਮਲ ਹਨ। ਇਨ੍ਹਾਂ ਦਿਨਾਂ ਵਿੱਚ ਅੰਮ੍ਰਿਤਸਰ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਆਪਣੀ ਕੁਰਸੀ ਬਚਾਉਣ ਦੇ ਲਈ ਕਾਂਗਰਸੀ ਤੇ ਅਕਾਲੀ ਕੌਂਸਲਰਾਂ ਦੀਆਂ ਦਲ-ਬਦਲੀਆਂ ਵੱਡੀ ਪੱਧਰ ਉੱਤੇ ਕਰਵਾ ਰਹੇ ਹਨ। ਪਰਸੋਂ ਕਾਂਗਰਸੀ ਆਗੂ ਤੇ ਸੀਨੀਅਰ ਡਿਪਟੀ ਮੇਅਰ ਰਮਨ ਬਖ਼ਸ਼ੀ ਨੇ ਕਮਿਸ਼ਨਰ ਨਿਗਮ ਨਾਲ ਮੁਲਾਕਾਤ ਕਰ ਕੇ ਦਾਅਵਾ ਪੇਸ਼ ਕੀਤਾ ਸੀ ਕਿ ਕੁੱਲ 85 ਕੌਂਸਲਰਾਂ ਵਿੱਚੋਂ 56 ਕੌਂਸਲਰ ਉਨ੍ਹਾਂ ਦੇ ਨਾਲ ਹਨ ਤੇ ਕਰਮਜੀਤ ਸਿਮਘ ਰਿੰਟੂ ਨੇ ਧੱਕੇ ਨਾਲ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨਾਲ ਸਬੰਧਤ ਕੌਂਸਲਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਏ ਸਨ।

## ਵਿਆਹੁਤਾ ਦੀ ਖੁਦਕੁਸ਼ੀ ਦੇ ਕੇਸ ਵਿੱਚ ਪਤੀ ਗ੍ਰਿਫਤਾਰ

ਕਪੂਰਥਲਾ, 24 ਮਾਰਚ (ਪੋਸਟ ਬਿਊਰੋ)- ਥਾਣਾ ਸਿਟੀ ਹੇਠਲੀ ਨਾਮਦੇਵ ਕਾਲੋਨੀ ਦੀ ਵਾਸੀ 19 ਸਾਲਾ ਵਿਆਹੁਤਾ ਅਮਨਪ੍ਰੀਤ ਕੌਰ ਨੇ ਕੱਲ੍ਹ ਸ਼ਾਮ ਘਰ ਵਿੱਚ ਪੱਖੇ ਦੀ ਹੁਕ ਨਾਲ ਚੁੰਨੀ ਦੀ ਸਹਾਇਤਾ ਨਾਲ ਫਾਂਸੀ ਲਾ ਕੇ ਜਾਨ ਦੇ ਦਿੱਤੀ। ਥਾਣਾ ਸਿਟੀ ਪੁਲਸ ਨੇ ਮ੍ਰਿਤਕਾ ਦੇ ਪਿਤਾ ਦੇ ਬਿਆਨ ਉੱਤੇ ਦੋਸ਼ੀ ਪਤੀ ਖਿਲਾਫ ਧਾਰਾ 306 ਦਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਮ੍ਰਿਤਕਾ ਦੇ ਪਿਤਾ ਆਤਮਾ ਸਿੰਘ ਨੇ ਦੱਸਿਆ ਕਿ ਉਸ ਦੀ ਬੇਟੀ ਅਮਨਪ੍ਰੀਤ ਕੌਰ ਨੇ ਦੋ ਸਾਲ ਪਹਿਲਾਂ ਕਾਲੋਨੀ ਵਾਸੀ ਗੁਰਵਿੰਦਰ ਸਿੰਘ ਉਰਫ ਮਿੰਟੂ ਨਾਲ ਲਵ ਮੈਰਿਜ ਕੀਤੀ ਸੀ, ਪਰ ਉਸ ਦਾ ਪਤੀ ਕੋਈ ਕੰਮ ਧੰਦਾ ਨਹੀਂ ਕਰਦਾ ਤੇ ਮਾਰਕੁੱਟ ਵੀ ਕਰਦਾ ਸੀ। ਉਸ ਨੂੰ ਕਈ ਵਾਰ ਸਮਝਾਇਆ, ਪਰ ਉਹ ਆਪਣੀ ਹਰਕਤਾਂ ਤੋਂ ਨਹੀਂ ਹਟਿਆ। ਕੱਲ੍ਹ ਸ਼ਾਮ ਫਾਂਸੀ ਲਗਾਉਣ ਤੋਂ ਪਹਿਲਾਂ ਵੀ ਦੋਸ਼ੀ ਪਤੀ ਨੇ ਉਸ ਦੀ ਬੇਟੀ ਨੂੰ ਤੰਗ ਪਰੇਸ਼ਾਨ ਕੀਤਾ ਸੀ।



## ਤੇਲ ਚੋਰਾਂ ਨੇ ਪੀ ਸੀ ਆਰ ਕਰਮਚਾਰੀਆਂ ਉੱਤੇ ਟਰੱਕ ਜਾ ਚੜ੍ਹਾਇਆ

ਜਲੰਧਰ, 24 ਮਾਰਚ (ਪੋਸਟ ਬਿਊਰੋ)- ਟਰਾਂਸਪੋਰਟ ਨਗਰ ਵਿੱਚ ਕੱਲ੍ਹ ਤੜਕੇ ਬਿਜਲੀ ਦੇ ਚਾਲੂ ਟਰਾਂਸਫਾਰਮਰ ਵਿੱਚੋਂ ਤੇਲ ਚੋਰੀ ਕਰ ਰਹੇ ਚੋਰਾਂ ਨੂੰ ਦੇਖ ਕੇ ਪੀ ਸੀ ਆਰ ਕਰਮਚਾਰੀਆਂ ਨੇ ਜਦੋਂ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਚੋਰਾਂ ਨੇ ਆਪਣਾ ਟਰੱਕ ਪੀ ਸੀ ਆਰ ਦੇ ਮੋਟਰਸਾਈਕਲ ਉੱਤੇ ਚੜ੍ਹਾ ਦਿੱਤਾ। ਪੁਲਸ ਵਾਲਿਆਂ ਨੇ ਛਾਲ ਮਾਰ ਕੇ ਆਪਣੀ ਜਾਨ ਬਚਾਈ, ਪਰ ਟਰੱਕ ਦੀ ਲਪੇਟ ਵਿੱਚ ਆਉਣ ਨਾਲ ਉਨ੍ਹਾਂ ਦਾ ਮੋਟਰਸਾਈਕਲ ਚੂਰ ਹੋ ਗਿਆ।

ਥਾਣਾ ਨੰਬਰ ਅੱਠ ਦੇ ਇੰਚਾਰਜ ਨੇ ਦੱਸਿਆ ਕਿ ਪੀ ਸੀ ਆਰ ਕਰਮਚਾਰੀ ਕੱਲ੍ਹ ਤੜਕੇ ਟਰਾਂਸਪੋਰਟ ਨਗਰ ਵਿੱਚ ਪੈਟਰੋਲਿੰਗ ਕਰ ਰਹੇ ਸਨਤਾਂ ਇੱਕ ਟਰਾਂਸਫਾਰਮਰ ਦੇ ਬਿਲਕੁਲ ਨਾਲ ਟਰੱਕ ਲਾ ਕੇ ਸ਼ੱਕੀ ਸਰਗਰਮੀਆਂ ਹੋਣਦਾ ਪਤਾ ਲੱਗਾ।ਉਨ੍ਹਾ ਨੇ ਟਰੱਕ ਨੇੜੇ ਜਾ ਕੇ ਦੇਖਿਆ ਤਾਂ ਉਸ ਵਿੱਚ ਪੰਜ ਲੋਕ ਸਨ। ਟਰੱਕ ਨੂੰ ਘੇਰਨ ਲਈ ਕਰਮਚਾਰੀਆਂ ਨੇ ਆਪਣਾ ਮੋਟਰਸਾਈਕਲ ਉਸਦੇ ਅੱਗੇ ਲਾ ਦਿੱਤਾ। ਚੋਰਾਂ ਨੇ ਟਰੱਕ ਸਟਾਰਟ ਕੀਤਾ ਅਤੇ ਪੀ ਸੀ ਆਰ ਕਰਮਚਾਰੀਆਂ ਉੱਤੇ ਚੜ੍ਹਾਉਣ ਲਈ ਇੱਕਦਮ ਰੇਸ ਦੇ ਦਿੱਤੀ। ਇਸੇ ਦੌਰਾਨ ਪੁਲਸ ਦੀ ਦੂਜੀ ਟੀਮ ਨੂੰ ਦੇਖ ਕੇ ਪੰਜ ਚੋਰਾਂ ਵਿੱਚੋਂ ਤਿੰਨ ਟਰੱਕ ਛੱਡ ਕੇ ਹਨੇਰੇ ਵਿੱਚ ਫ਼ਰਾਰ ਹੋ ਗਏ, ਪਰ ਦੋ ਨੂੰ ਪੁਲਸ ਨੇ ਕਾਬੂ ਕਰ ਲਿਆ। ਟਰੱਕ ਵਿੱਚ ਚੋਰਾਂ ਨੇ ਚਾਰ ਕੈਨ ਰੱਖੇ ਹੋਏ ਸਨ ਅਤੇ ਜਿਹੜੀ ਪਾਈਪ ਟਰਾਂਸਫਾਰਮਰ ਵਿੱਚ ਪਾਈ ਗਈ ਸੀ, ਉਸਦੀ ਦੂਜੀ ਸਾਈਡ ਕੈਨ ਵਿੱਚ ਸੀ। ਮੁਲਜ਼ਮ ਚਾਲੂ ਹਾਲਤ ਵਿੱਚ ਟਰਾਂਸਫਾਰਮਰ ਵਿੱਚੋਂ ਤੇਲ ਚੋਰੀ ਕਰ ਰਹੇ ਸਨ। ਮੁਲਜ਼ਮਾਂ ਕੋਲੋਂ 50 ਲਿਟਰ ਚੋਰੀ ਦਾ ਤੇਲ ਮਿਲਿਆ ਹੈ। ਫੜੇ ਗਏ ਦੋਸ਼ੀਆਂ ਦੀ ਪਛਾਣ ਗੁਰਦਿਆਲ ਸਿੰਘ ਪੁੱਤਰ ਹੇਮਰਾਜ ਅਤੇ ਮਨੀਸ਼ ਕੁਮਾਰ ਪੁੱਤਰ ਭੁਪਿੰਦਰ ਸਿੰਘ ਨਿਵਾਸੀ ਅਰਮਾਨ ਨਗਰ ਰਾਮਾ ਮੰਡੀ ਵਜੋਂ ਹੋਈ ਹੈ। ਉਨ੍ਹਾਂ ਖ਼ਿਲਾਫ਼ ਪਹਿਲਾਂ ਵੀ ਕੇਸ ਦਰਜ ਹਨ।

## ਆਗਰੇ ਦੀ ਕੰਪਨੀ ਪਾਵਰਕਾਮ ਦੇ ਬਿਜਲੀ ਮੀਟਰਾਂ ਦੀ ਸਪਾਟ ਬਿਲਿੰਗ ਕਰੇਗੀ

ਜਲੰਧਰ, 24 ਮਾਰਚ (ਪੋਸਟ ਬਿਊਰੋ)- ਪੰਜਾਬ ਦੀ ਬਿਜਲੀ ਕਾਰਪੋਰੇਸ਼ਨ (ਪਾਵਰਕਾਮ) ਨੇ ਪੁਰਾਣੀ ਕੰਪਨੀ ਦੇ ਨਾਲ ਸਮਝੌਤਾ ਖਤਮ ਕਰਕੇ ਬਿਜਲੀ ਬਿੱਲਾਂ ਦੀ ਸਪਾਟ ਬਿਲਿੰਗ ਦਾ ਠੇਕਾ 1 ਅਪ੍ਰੈਲ ਤੋਂ ਆਗਰੇ ਦੀ ਕੰਪਨੀ ਨੂੰ ਦੇ ਦਿੱਤਾ ਹੈ। ਇਸ ਪਿੱਛੋਂ ਉਪਭੋਗਤਾਵਾਂ ਨੂੰ ਨਵੀਂ ਕੰਪਨੀ ਦੀਆਂ ਸੇਵਾਵਾਂ ਨਾਲ ਬਿਜਲੀ ਦੇ ਬਿੱਲ ਪ੍ਰਾਪਤ ਹੋਣਗੇ।

ਇਸ ਸਬੰਧ ਵਿੱਚ ਠੇਕਾ ਲੈਣ ਵਾਲੀ ਆਗਰੇ ਦੀ 'ਇਵੈਰਟਿਵ ਸਾਫਟਵੇਅਰ ਸੈਲਊਸ਼ਨ' ਕੰਪਨੀ ਦੇ ਅਧਿਕਾਰੀਆਂ ਨੂੰ ਕੱਲ੍ਹ ਪਾਵਰਕਾਮ ਦੇ ਇੰਫੋਸਰਮੈਂਟ ਵਿੰਗ ਨੇ ਮੀਟਿੰਗ ਲਈ ਬੁਲਾਇਆ ਸੀ।ਡਿਪਟੀ ਚੀਫ ਇੰਫੋਸਰਮੈਂਟ ਇੰਜੀਨੀਅਰ ਦੀ ਅਗਵਾਈ ਵਿੱਚ ਹੋਈ ਬੈਠਕ ਵਿੱਚ ਉਨ੍ਹਾ ਨੇ ਦੋ-ਟੁਕ ਹਿਦਾਇਤਾਂ ਨਾਲ ਕਿਹਾ ਕਿ ਕਾਂਟ੍ਰੈਕਟ ਆਫ ਐਗਰੀਮੈਂਟ ਦੀਆਂ ਸਭ ਧਾਰਾਵਾਂ ਦਾ ਸਖ਼ਤੀ ਨਾਲ ਪਾਲਣ ਹੋਣਾ ਚਾਹੀਦਾ ਹੈ। ਸਪਾਟ ਬਿਲਿੰਗ ਕਰਨ ਵਾਲਿਆਂ ਅਤੇ ਸੈਟਿੰਗ ਕਰਕੇ ਘੱਟ ਰੀਡਿੰਗ ਦਾ ਬਿੱਲ ਬਣਾਇਆ ਤਾਂ ਕੰਪਨੀ ਉੱਤੇ ਐਕਸ਼ਨ ਲਿਆ ਜਾਵੇਗਾ ਅਤੇ ਜੁਰਮਾਨਾ ਲਾਉਣ ਦੇ ਨਾਲ-ਨਾਲ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਖਾਸਤੌਰ ਉੱਤੇ ਕਿਹਾ ਗਿਆ ਹੈ ਕਿ ਪਾਵਰਕਾਮ ਵੱਲੋਂ ਮਿਥੇ ਨਿਯਮਾਂ ਮੁਤਾ-ਬਕ ਮੀਟਰ ਰੀਡਰਾਂ ਅਤੇ ਸੁਪਰਵਾਈਜ਼ਰਾਂ ਦੀ ਭਰਤੀ ਕੀਤੀ ਜਾਵੇ, ਘੱਟ ਯੋਗਤਾ ਵਾਲੇ ਠੇਕਾ, ਕਰਮਚਾਰੀਆਂ ਤੋਂ ਕੰਮ ਲੈਣਾ ਸਵੀਕਾਰ ਨਹੀਂ ਕੀਤਾ ਜਾਵੇਗਾ।

## ਅਮਰੀਕਾ ਭੇਜਣ ਦੇ ਨਾਂਅ ਉਤੇ 29.50 ਲੱਖ ਰੁਪਏ ਠੱਗੇ

ਬੇਗੋਵਾਲ, 24 ਮਾਰਚ (ਪੋਸਟ ਬਿਊਰੋ)- ਇੱਕ ਨੌਜਵਾਨ ਨੂੰ ਗਲਤ ਢੰਗ ਨਾਲ ਅਮਰੀਕਾ ਭੇਜਣ ਦੇ ਨਾਂਅ ਉੱਤੇ 29 ਲੱਖ ਪੰਜਾਹ ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਜਲੰਧਰ ਵਾਸੀ ਏਜੰਟ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਟਰੈਵਲ ਏਜੰਟ ਦੀ ਪਛਾਣ ਭੁਪਿੰਦਰਜੀਤ ਸਿੰਘ ਵਾਸੀ 91 ਕਰੋਲ ਬਾਗ, ਚੁਗਿੱਟੀ ਜਲੰਧਰ ਵਜੋਂ ਹੋਈ ਹੈ।

ਇਹ ਮਾਮਲਾ ਕੁਲਦੀਪ ਕੌਰ ਵਾਸੀ ਨੰਗਲ ਲੁਬਾਣਾ ਦੇ ਬਿਆਨਾਂ ਉੱਤੇ ਦਰਜ ਕੀਤਾ ਗਿਆ ਹੈ। ਡੀ ਐਸ ਪੀ ਨੇ ਦੱਸਿਆ ਕਿ ਸਰਬਜੀਤ ਸਿੰਘ ਨੂੰ ਅਮਰੀਕਾ ਭੇਜਣ ਲਈ ਉਸ ਟਰੈਵਲ ਏਜੰਟ ਨਾਲ 23 ਲੱਖ ਰੁਪਏ ਦਾ ਸੌਦਾ ਹੋਇਆ ਸੀ। ਇਸ ਦੌਰਾਨ ਭੁਪਿੰਦਰ ਸਿੰਘ 28 ਮਾਰਚ 2016 ਨੂੰ ਸ਼ਿਕਾਇਤਕਰਤਾ ਦੇ ਘਰ ਆਇਆ ਤਾਂ ਤਿੰਨ ਲੱਖ ਰੁਪਏ ਅਤੇ ਸਰਬਜੀਤ ਸਿੰਘ ਦਾ ਪਾਸਪੋਰਟ ਲੈ ਆਇਆ। ਫਿਰ ਭੁਪਿੰਦਰਜੀਤ ਸਿੰਘ ਨੇ ਸਰਬਜੀਤ ਸਿੰਘ ਨੂੰ ਦਿੱਲੀ ਤੋਂ ਜਾਪਾਨ ਦੀ ਫਲਾਈਟ ਕਰਵਾ ਦਿੱਤੀ ਅਤੇ ਜਾਪਾਨ ਰਾਹੀਂ ਮੈਕਸੀਕੋ ਭੇਜ ਦਿੱਤਾ। ਉਸ ਨੇ ਵੀਹ ਲੱਖ ਰੁਪਏ ਹੋਰ ਮੰਗੇ, ਪਰ ਟਰੈਵਲ ਏਜੰਟ ਨੇ ਸਰਬਜੀਤ ਸਿੰਘ ਨੂੰ ਮੈਕਸੀਕੋ ਭੇਜ ਕੇ ਉਥੋਂ ਅਗਵਾ ਕਰਵਾ ਦਿੱਤਾ, ਜੋ ਲਗਭਗ ਤਿੰਨ ਮਹੀਨੇ ਤਕ ਅਗਵਾ ਰਿਹਾ। ਇਸ ਦੌਰਾਨ ਉਸ ਨਾਲ ਕੁੱਟਮਾਰ ਵੀ ਕੀਤੀ ਗਈ। ਅਗਵਾਕਰਤਾ ਬਾਅਦ ਵਿੱਚ ਉਨ੍ਹਾਂ ਤੋਂ ਹੋਰ ਪੈਸੇ ਦੀ ਮੰਗ ਕਰਨ ਲੱਗੇ। ਇਸ ਦੌਰਾਨ ਪੀੜਤ ਨੇ ਕੁਝ ਪੈਸੇ ਅਮਰੀਕਾ ਅਤੇ ਕੁਝ ਪੈਸੇ ਭਾਰਤ ਤੋਂ ਇਕੱਤਰ ਕਰ ਕੇ ਛੇ ਲੱਖ ਪੰਜਾਹ ਹਜ਼ਾਰ ਰੁਪਏ ਹੋਰ ਭੇਜੇ। ਪੀੜਤ ਨੇ ਕੁੱਲ 29 ਲੱਖ ਪੰਜਾਹ ਹਜ਼ਾਰ ਰੁਪਏ ਭੁਪਿੰਦਰਜੀਤ ਸਿੰਘ ਅਤੇ ਪੂਜਾ ਠਾਕੁਰ ਨੂੰ ਦਿੱਤੇ। ਪੁਲਸ ਨੇ ਮਾਮਲੇ ਦੀ ਜਾਂਚ ਕਰ ਕੇ ਉਕਤ ਟਰੈਵਲ ਏਜੰਟ ਖਿਲਾਫ ਕੇਸ ਦਰਜ ਕਰ ਲਿਆ ਹੈ।




# ਸਾਡੀ ਸਰਕਾਰ ਰਾਜ ਦੇ ਲੋਕਾਂ ਲਈ ਸਿਹਤ ਸੰਭਾਲ ਸੁਵਿਧਾਵਾਂ ਵਿੱਚ ਕ੍ਰਾਂਤੀ ਲਿਆਉਣ ਲਈ ਪੂਰੀ ਤਰ੍ਹਾਂ ਵਚਨਬੱਧ : ਡਾ. ਸਿੰਗਲਾ

*ਭ੍ਰਿਸ਼ਟਾਚਾਰ ਦੇ ਖਿਲਾਫ ਅਪਣਾਈ ਜਾਵੇਗੀ ਜੀਰੋ ਸਹਿਣਸ਼ੀਲਤਾ ਨੀਤੀ

ਚੰਡੀਗੜ੍ਹ, 24 ਮਾਰਚ (ਗਿਆਨ ਸਿੰਘ ) ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗਾਂ ਦੇ ਕੈਬਨਿਟ ਮੰਤਰੀ ਵਜੋਂ ਅਹੁਦਾ ਸੰਭਾਲਣ ਉਪਰੰਤ ਡਾ: ਵਿਜੇ ਸਿੰਗਲਾ ਨੇ ਇੱਥੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਇਨ੍ਹਾਂ ਦੋਵਾਂ ਵਿਭਾਗਾਂ ਦੇ ਉੱਚ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਮੀਟਿੰਗ ਦੌਰਾਨ ਡਾ: ਵਿਜੇ ਸਿੰਗਲਾ ਨੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਸੂਬੇ ਦੇ ਕਿਸੇ ਵੀ ਸਰਕਾਰੀ ਮੈਡੀਕਲ ਕਾਲਜ ਵਿੱਚ ਇੱਕ ਵੀ ਕੈਥ ਲੈਬ ਮੌਜੂਦ ਨਹੀਂ ਹੈ, ਜਿਸ ਕਾਰਨ ਦਿਲ ਦੇ ਰੋਗਾਂ ਤੋਂ ਪੀੜਤ ਮਰੀਜ ਅਤੇ ਫੌਰੀ ਡਾਕਟਰੀ ਇਲਾਜ ਦੀ ਜਰੂਰਤ ਵਾਲੇ ਮਰੀਜਾਂ ਨੂੰ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਕਰਵਾਉਣ ਹਿੱਤ ਜਾਣ ਲਈ ਮਜਬੂਰ ਹਨ ਜਿੱਥੇ ਬਹੁਤ ਜਿਆਦਾ ਖਰਚਾ ਹੋ ਜਾਂਦਾ ਹੈ।ਡਾਕਟਰ ਸਿੰਗਲਾ ਨੇ ਕਿਹਾ ਕਿ ਉਹ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਜਲਦੀ ਤੋਂ ਜਲਦੀ ਕੈਥ ਲੈਬਾਂ ਖੋਲ੍ਹਣ ਦੇ ਕੰਮ ਨੂੰ ਪਹਿਲ ਦੇ ਆਧਾਰ 'ਤੇ ਕਰਨਗੇ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਜੀਵਨ ਬਚਾਉਣ ਦੇ ਟੈਸਟ ਅਤੇ ਇਲਾਜ ਦੀਆਂ ਸਹੂਲਤਾਂ ਸਸਤੇ ਭਾਅ ਤੇ ਉਪਲਬਧ ਕਰਵਾਈਆਂ ਜਾ ਸਕਣ।

ਨਸਾ ਛੁਡਾਊ ਪ੍ਰੋਗਰਾਮ ਦਾ ਜਾਇਜਾ ਲੈਂਦਿਆਂ ਸਿਹਤ ਮੰਤਰੀ ਨੇ ਓ.ਓ.ਏ.ਟੀ. ਕਲੀਨਿਕ ਅਤੇ ਨਸਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦੇ ਕੰਮਕਾਜ ਵਿੱਚ ਸੁਧਾਰ ਕਰਨ ਦੀ ਲੋੜ ਦੇ ਨਿਰਦੇਸ ਦਿੱਤੇ ਅਤੇ ਕਿਹਾ ਕਿ ਉਹ ਜਲਦੀ ਹੀ ਇੱਕ ਸਮਰਪਿਤ ਮੀਟਿੰਗ ਕਰਨਗੇ, ਜਿਸ ਵਿੱਚ ਰਣਨੀਤੀ ਉਲੀਕੀ ਜਾਵੇਗੀ ਅਤੇ ਪ੍ਰੋਗਰਾਮ ਹੇਠਲੀਆਂ ਕਮੀਆਂ ਨੂੰ ਪੂਰਾ ਕੀਤਾ ਜਾਵੇਗਾ।

ਡਾ: ਵਿਜੇ ਸਿੰਗਲਾ ਨੇ ਕਿਹਾ ਕਿ ਵਿਭਾਗ ਵਿੱਚ ਕਿਸੇ ਵੀ ਕਿਸਮ ਦੇ ਭ੍ਰਿਸ਼ਟਾਚਾਰ ਪ੍ਰਤੀ ਜੀਰੋ ਟੋਲਰੈਂਸ ਦੀ ਨੀਤੀ ਹੋਵੇਗੀ ਅਤੇ ਜੋ ਵੀ ਦੋਸੀ ਪਾਇਆ ਗਿਆ ਉਸ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹਾਜਰੀ ਦੀ ਸਮੇਂ ਦੀ ਪਾਬੰਦਤਾ ਬਰਕਰਾਰ ਰੱਖੀ ਜਾਵੇ ਤਾਂ ਜੋ ਲੋਕਾਂ ਨੂੰ ਆਪਣੀ ਸੀਟ 'ਤੇ ਅਧਿਕਾਰੀ ਨਾ ਹੋਣ ਕਾਰਨ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਦੌਰਾਨ ਰਾਜ ਕਮਲ ਚੌਧਰੀ, ਪ੍ਰਮੁੱਖ ਸਕੱਤਰ ਸਿਹਤ, ਅਲੋਕ ਸੇਖਰ, ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ, ਕੁਮਾਰ ਰਾਹੁਲ, ਐਮਡੀ ਐਨਐਚਐਮ, ਅਮਿਤ ਕੁਮਾਰ, ਵਿਸੇਸ ਸਕੱਤਰ ਮੈਡੀਕਲ ਸਿੱਖਿਆ, ਭੁਪਿੰਦਰ ਸਿੰਘ, ਐਮਡੀ ਪੀਐਚਐਸਸੀ ਅਤੇ ਡਾ ਜੀਬੀ ਸਿੰਘ, ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਸਮੇਤ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਹਾਜਰ ਸਨ।



## ਕਈ ਜ਼ਿਲ੍ਹਿਆਂ ਦਾ ਕੰਮ ਇੱਕੋ ਸਹਾਇਕ ਕਿਰਤ ਕਮਿਸ਼ਨਰ ਦੇਖ ਰਿਹੈ

ਬਠਿੰਡਾ, 24 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਸਹਾਇਕ ਲੇਬਰ ਕਮਿਸ਼ਨਰਾਂ (ਜ਼ਿਲ੍ਹਾ ਇੰਚਾਰਜਾਂ) ਦੀ ਘਾਟ ਹੋਣ ਕਾਰਨ ਇੱਕ-ਇੱਕ ਸਹਾਇਕ ਲੇਬਰ ਕਮਿਸ਼ਨਰ (ਏ ਐਲ ਸੀ) ਨੂੰ ਕਈ ਜ਼ਿਲ੍ਹਿਆਂ ਦਾ ਵਾਧੂ ਚਾਰਜ ਦਿੱਤਾ ਹੋਇਆ ਹੈ, ਜਿਸ ਕਾਰਨ ਪਿਛਲੇ ਕੁਝ ਸਾਲਾਂ ਤੋਂ ਵਿਭਾਗ ਦੀਆਂ ਜ਼ਿਲ੍ਹਾ ਇਕਾਈਆਂ ਦਾ ਕੰਮਬੁਰੀ ਤਰ੍ਹਾਂ ਪ੍ਰਭਾਵਤ ਹੈ।

ਮਿਲੀ ਸੂਚਨਾ ਅਨੁਸਾਰ ਸਰਕਾਰੀ ਵਿਭਾਗਾਂ ਦੇ ਨਾਲ-ਨਾਲ ਨਿੱਜੀ ਖੇਤਰ ਵਿੱਚ ਕੰਮ ਕਰਦੇ ਕਿਰਤੀ ਵਰਗ ਦੀਆਂ ਸੈਂਕੜੇ ਸ਼ਿਕਾਇਤਾਂ ਇਨ੍ਹਾਂ ਏ ਐਲ ਸੀ ਦਫਤਰਾਂ ਵਿੱਚ ਪਈਆਂ ਹਨ।ਸੂਤਰਾਂ ਮੁਤਾਬਕ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਤੈਨਾਤ ਸਹਾਇਕ ਕਿਰਤ ਕਮਿਸ਼ਨਰ (ਏ ਐਲ ਸੀ) ਕੋਲ ਬਠਿੰਡਾ, ਪਠਾਨਕੋਟ, ਮਾਨਸਾ ਤੇ ਗੁਰਦਾਸਪੁਰ ਜ਼ਿਲ੍ਹਿਆਂ ਦਾ ਵਾਧੂ ਚਾਰਜ ਵੀ ਹੈ। ਇਸੇ ਤਰ੍ਹਾਂ ਮੋਗਾ ਜ਼ਿਲ੍ਹੇ ਵਿਚਲੇ ਏ ਐਲ ਸੀ ਕੋਲ ਫਰੀਦਕੋਟ ਅਤੇ ਮੁਕਤਸਰ ਜ਼ਿਲ੍ਹਿਆਂ ਦਾ ਵਾਧੂ ਚਾਰਜ ਹੈ। ਉਹ ਲੁਧਿਆਣਾ ਜ਼ਿਲ੍ਹੇ ਦਾ ਵੀ ਕੁਝ ਕੰਮ ਸੰਭਾਲਦੇ ਹਨ। ਵਿਭਾਗ ਦੇ ਮੁੱਖ ਕੰਮ ਸੰਭਾਲਣ ਤੋਂ ਇਲਾਵਾ ਇਹ ਏ ਐਲ ਸੀਜ਼ ਅਦਾਲਤੀ ਕੇਸਾਂ ਦੀਪੈਰਵੀ ਅਤੇ ਰੋਜ਼ਾਨਾ ਆਧਾਰ ਉੱਤੇਡਿਪਟੀ ਕਮਿਸ਼ਨਰਅਤੇ ਕਿਰਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਕੀਤੀਆਂ ਜਾਂਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣ ਲਈ ਵੱਖ-ਵੱਖ ਜ਼ਿਲ੍ਹਿਆਂ ਵਿੱਚਵੀ ਜਾਂਦੇ ਹਨ। ਇਸ ਬਾਰੇ ਫਿਰੋਜ਼ਪੁਰ ਵਿਚਲੇ ਏ ਐਲ ਸੀ ਸੁਨੀਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਇੱਕ ਕੇਸ ਲਈ ਚੰਡੀਗੜ੍ਹ ਅਦਾਲਤ ਵਿੱਚ ਜਾਣਾ ਸੀ, ਇਸ ਕਰ ਕੇ ਬਠਿੰਡਾ ਦਫਤਰ ਨਹੀਂ ਜਾ ਸਕੇ। ਸਾਰੇ ਜ਼ਿਲ੍ਹਿਆਂ ਵਿੱਚ ਸਥਿਤੀ ਕੁਝ ਅਜਿਹੀ ਹੀ ਹੈ ਤੇ ਵਿਭਾਗ ਵੱਲੋਂ ਕੀਤੇ ਗਏ ਪ੍ਰਬੰਧਾਂ ਤਹਿਤ ਇੱਕ ਏ ਐਲ ਸੀ ਨੂੰ ਦੂਜੇ ਜ਼ਿਲ੍ਹਿਆਂ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ। ਇਸ ਦੌਰਾਨ ਲੇਬਰ ਕਮਿਸ਼ਨਰ ਪੰਜਾਬ ਨੇ ਕਿਹਾ ਕਿ ਨਵੀਂ ਬਣੀ ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਨਵੀਆਂ ਨਿਯੁਕਤੀਆਂ ਦਾ ਐਲਾਨ ਕੀਤਾ ਹੈ। ਇਸ ਲਈ ਉਨ੍ਹਾਂ ਨੂੰ ਹੋਰ ਸਟਾਫ ਮਿਲਣ ਦੀ ਆਸ ਬੱਝੀ ਹੈ।



## ਜ਼ਹਿਰ ਮਿਲੀ ਟੌਫੀ ਦੇ ਕੇ ਪਰਿਵਾਰ ਦੇ ਚਾਰ ਬੱਚਿਆਂ ਦੀ ਹੱਤਿਆ

ਕੁਸ਼ੀਨਗਰ, 24 ਮਾਰਚ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਕੁਸ਼ੀਨਗਰ ਵਿੱਚ ਕੱਲ੍ਹ ਸਵੇਰੇ ਪੁਰਾਣੇ ਝਗੜੇ ਵਿੱਚ ਇੱਕ ਵਿਅਕਤੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇੱਕੋ ਘਰ ਦੇ ਚਾਰ ਬੱਚਿਆਂ ਨੂੰ ਜ਼ਹਿਰ ਮਿਲੀ ਟੌਫੀ ਖੁਆ ਕੇ ਮਾਰ ਦਿੱਤਾ। ਇਹ ਟੌਫੀਆਂ ਘਰ ਦੇ ਬਾਹਰ ਰੱਖੀਆਂ ਸਨ। ਮ੍ਰਿਤਕ ਤਿੰਨ ਬੱਚੇ ਸਕੇ ਭੈਣ-ਭਰਾ ਤੇ ਇੱਕ ਨਾਨਕੇ ਆਇਆ ਹੋਇਆ ਸੀ। ਪੁਲਸ ਨੇ ਇਸ ਕੇਸ ਵਿੱਚ ਤਿੰਨ ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਟੌਫੀ ਵਿੱਚ ਇੰਨਾ ਵੱਧ ਜ਼ਹਿਰ ਸੀ ਕਿ ਰੈਪਰ ਉੱਤੇ ਬੈਠੀਆਂ ਮੱਖੀਆਂ ਵੀ ਮਰ ਗਈਆਂ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਜਾਂਚ ਅਤੇ ਪੀੜਤ ਪਰਵਾਰ ਨੂੰ ਤੁਰੰਤ ਮਦਦ ਦੇਣ ਦੇ ਹੁਕਮ ਦਿੱਤੇ ਹਨ। ਅਨੁਸੂਚਿਤ ਕਬੀਲੇ (ਲਠੌਰ) ਦਾ ਵਿਅਕਤੀ ਰਸਗੁਲ ਸਵੇਰੇ ਛੇ ਵਜੇ ਘਰੋਂ ਬਾਹਰ ਨਿਕਲਿਆ ਤਾਂ ਦਰਵਾਜ਼ੇ ਉੱਤੇ ਅਲਮੰਡ ਬ੍ਰਾਂਡ ਦੇ ਰੈਪਰ ਵਿੱਚ ਚਾਰ ਟੌਫੀਆਂ ਅਤੇ ਉਸ ਦੇ ਨਾਲ ਇੱਕ-ਇੱਕ ਰੁਪਏ ਦੇ ਨੌਂ ਸਿੱਕੇ ਪਏ ਸਨ। ਉਨ੍ਹਾਂ ਨੇ ਟੌਫੀਆਂ ਤੇ ਸਿੱਕੇ ਘਰ ਵਿੱਚ ਰੱਖ ਦਿੱਤੇ। ਬੱਚਿਆਂ ਦੇ ਮੰਗਣ ਉੱਤੇ ਰਸਗੁਲ ਦੀ ਪਤਨੀ ਸੁਗੀਆ ਨੇ ਛੇ ਸਾਲਾ ਬੇਟੀ ਸੰਜਨਾ, ਤਿੰਨ ਸਾਲਾ ਸਵੀਟੀ, ਦੋ ਸਾਲਾ ਬੇਟੇ ਸਮਰ ਤੇ ਪੇਕੇ ਆਈ ਭਤੀਜੀ ਖੁਸ਼ਬੂ ਦੇ ਪੰਜ ਸਾਲਾ ਬੇਟੇ ਆਰੁਸ਼ ਨੂੰ ਟੌਫੀ ਖਾਣ ਲਈ ਦੇ ਦਿੱਤੀ। ਟੌਫੀ ਖਾ ਕੇ ਬੱਚੇ ਬੇਹੋਸ਼ ਹੋ ਗਏ ਤੇ ਜਦੋਂ ਸਿਹਤ ਕੇਂਦਰ ਪਹੁੰਚਾਇਆ ਤਾਂ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤੇ।

# ਕਬਾੜ ਦੇ ਗੋਦਾਮ ਵਿੱਚ ਅੱਗ ਲੱਗਣ ਕਾਰਨ 11 ਮਜ਼ਦੂਰ ਜ਼ਿੰਦਾ ਸੜੇ

ਹੈਦਰਾਬਾਦ, 24 ਮਾਰਚ (ਪੋਸਟ ਬਿਊਰੋ)- ਤੇਲੰਗਨਾ ਦੀ ਰਾਜਧਾਨੀ ਹੈਦਰਾਬਾਦ ਦੇ ਭੋਇਗੁਡਾ ਵਿੱਚ ਇੱਕ ਸਕਰੈਪ ਦੇ ਗੋਦਾਮ ਵਿੱਚ ਭਿਆਨਕ ਅੱਗ ਲੱਗ ਗਈ, ਜਿਸ ਵਿੱਚ 11 ਮਜ਼ਦੂਰ ਜ਼ਿੰਦਾ ਸੜ ਗਏ। ਮਰਨ ਵਾਲੇ ਸਾਰੇ ਮਜ਼ਦੂਰ ਬਿਹਾਰ ਦੇ ਰਹਿਣ ਵਾਲੇ ਸਨ ਅਤੇ ਇੱਥੇ ਕਬਾੜ ਦੇ ਗੋਦਾਮ ਵਿੱਚ ਕੰਮ ਕਰਦੇ ਸਨ।

ਪੁਲਸ ਦੇ ਦੱਸਣ ਮੁਤਾਬਕ ਕਬਾੜ ਗੋਦਾਮ ਦੀ ਪਹਿਲੀ ਮੰਜ਼ਿਲ ਉੱਤੇ 12 ਮਜ਼ਦੂਰ ਸੁੱਤੇ ਸਨ। ਗਰਾਊਂਡ ਫਲੋਰਨੂੰ ਅਚਾਨਕ ਅੱਗ ਲੱਗ ਗਈ। ਮਜ਼ਦੂਰਾਂ ਲਈ ਬਾਹਰ ਜਾਣ ਦਾ ਇੱਕੋ ਰਸਤਾ ਹੇਠਲੀ ਮੰਜ਼ਿਲ ਉੱਤੇ ਕਬਾੜ ਦੀ ਦੁਕਾਨ ਸੀ ਜਿਸ ਦੇ ਸ਼ਟਰ ਬੰਦ ਸਨ। ਕੱਲ੍ਹ ਸਵੇਰੇ ਅੱਠ ਵਜੇ ਤਕ 11 ਲਾਸ਼ਾਂ



ਬਰਾਮਦ ਹੋਈਆਂ ਅਤੇ ਇੱਕ ਮਜ਼ਦੂਰ, ਜੋ ਭੱਜਣ ਵਿੱਚ ਕਾਮਯਾਬ ਰਿਹਾ, ਨੂੰ ਹਸਪਤਾਲ ਪੁਚਾਇਆ ਗਿਆ। ਫਾਇਰ ਕੰਟਰੋਲ ਰੂਮ ਨੂੰ ਸਵੇਰੇ ਕਰੀਬ ਤਿੰਨ ਵਜੇ ਅਲਰਟ ਮਿਲਿਆ ਤੇ ਅੱਗ ਬੁਝਾਉਣ ਲਈ 9 ਫ਼ਾਇਰ ਟੈਂਡਰਾਂ ਨੇ ਤਿੰਨ ਘੰਟੇ ਤੋਂ ਵਧ ਸਮਾਂ ਕੰਮ ਕੀਤਾ।

# ਦਿੱਲੀ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਮੰਨੀ ਗਈ

* ਟਾਪ 100 ਪ੍ਰਦੂਸ਼ਿਤ ਸ਼ਹਿਰਾਂ ਵਿੱਚ 63 ਸ਼ਹਿਰ ਭਾਰਤ ਦੇ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਦਿੱਲੀ ਭਾਰਤ ਦੀ ਹੀ ਨਹੀਂ, ਦੁਨੀਆ ਦੀ ਸਭ ਤੋਂ ਪ੍ਰਦੂਸ਼ਤ ਰਾਜਧਾਨੀ ਹੈ। ਲਗਾਤਾਰ ਦੂਸਰੇ ਸਾਲ ਅਜਿਹਾ ਹੋਇਆ ਹੈ ਕਿ ਭਾਰਤ ਦੀ ਰਾਜਧਾਨੀ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਪਹਿਲੇ ਨੰਬਰ ਉੱਤੇ ਹੈ। ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਦੂਸਰੇ, ਅਫਰੀਕਨ ਦੇਸ਼ ਚਾਡ ਦੀ ਰਾਜਧਾਨੀ ਨਜਾਮਿਨਾ ਤੀਜੇ ਅਤੇ ਤਜਾਕਿਸਤਾਨ ਦਾ ਦੁਸ਼ਾਂਬੇ ਸ਼ਹਿਰ ਚੌਥੇ ਨੰਬਰ ਉੱਤੇ ਹੈ।

ਦੁਨੀਆ ਦੇ 15 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਸੈਂਟ੍ਰਲ ਅਤੇ ਦੱਖਣੀ ਏਸ਼ੀਆ ਵਿੱਚ ਹਨ। ਪਹਿਲੇ 100 ਸਭ ਤੋਂ ਪ੍ਰਦੂਸ਼ਤ ਸ਼ਹਿਰਾਂ ਵਿੱਚ 63 ਸ਼ਹਿਰ ਭਾਰਤ ਦੇ ਹਨ। ਇਹ ਜਾਣਕਾਰੀ ਗੈਰ ਸਰਕਾਰੀ ਏਜੰਸੀ ਆਈ ਕਿਊਂ ਏਅਰ ਵੱਲੋਂ ਜਾਰੀ ਰਿਪੋਰਟ ਤੋਂ ਪਤਾ ਲੱਗੀ



ਹੈ। ਇਸ ਰਿਪੋਰਟ ਅਨੁਸਾਰ ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਵੱਲੋਂ ਤਹਿ ਕੀਤੇ ਵਾਯੂ ਗੁਣਵਤਾ ਸੂਚਕ ਅੰਕ ਦੇ ਮਾਪਦੰਡਾਂ ਉੱਤੇ ਦੁਨੀਆ ਦੇ ਕਿਸੇ ਵੀ ਦੇਸ਼ ਦਾ ਕੋਈ ਸ਼ਹਿਰ ਖਰਾ ਨਹੀਂ ਉਤਰਿਆ ਹੈ। ਰਿਪੋਰਟ ਵਿੱਚ ਦੁਨੀਆ ਦੇ 6475 ਸ਼ਹਿਰਾਂ ਦਾ ਡਾਟਾ ਸ਼ਾਮਲ ਕੀਤਾ ਗਿਆ ਹੈ।ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ ਪ੍ਰਦੂਸ਼ਤ ਦਾ ਪੱਧਰ 2021 ਵਿੱਚ ਖ਼ਰਾਬ ਰਿਹਾ। ਸਵਿਟਜ਼ਰਲੈਂਡ ਦੀ ਪ੍ਰਦੂਸ਼ਣ ਤਕਨਾਲੋਜੀ ਕੰਪਨੀ ਆਈ ਕਿਊਂ ਏਅਰ ਦੀ ਇਸ ਰਿਪੋਰਟ ਵਿੱਚ ਦੁਨੀਆ ਦੇ 93 ਸ਼ਹਿਰਾਂ ਵਿੱਚ ਪੀ ਐਮ 2.5 ਮਿਥੇਪੱਧਰ ਤੋਂ 10 ਗੁਣਾ ਵੱਧ ਮਿਲਿਆ।

# ਕੋਰੋਨਾ ਦੇ ਸਭ ਤੋਂ ਵੱਧ ਝੂਠੇ ਕੇਸ ਆਂਧਰਾ, ਮਹਾਰਾਸ਼ਟਰ, ਗੁਜਰਾਤ ਤੇ ਕੇਰਲਾ ਵਿੱਚ ਮਿਲੇ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਨਾਲ ਹੋਈ ਮੌਤ ਦੇ ਬਾਅਦ ਮੁਆਵਜ਼ੇ ਦੇ ਸਭ ਤੋਂ ਜ਼ਿਆਦਾ ਫਰਜ਼ੀ ਦਾਅਵੇ ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ ਤੇ ਕੇਰਲ ਵਿੱਚ ਕੀਤੇ ਗਏ ਹਨ।

ਭਾਰਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਇਸ ਬਾਰੇ ਦੱਸ ਕੇ ਮੰਗ ਕੀਤੀ ਹੈ ਕਿ ਕੇਂਦਰੀ ਏਜੰਸੀ ਵੱਲੋਂ ਇਨ੍ਹਾਂ ਝੂਠੇ ਦਾਅਵਿਆਂ ਦੀ ਜਾਂਚ ਕਰਾਏ ਜਾਣ ਦੀ ਆਗਿਆ ਦਿੱਤੀ ਜਾਵੇ? ਮੀਡੀਆ ਦੀ ਰਿਪੋਰਟ ਮੁਤਾਬਕ ਜਸਟਿਸ ਐਮ ਆਰ ਸ਼ਾਹ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਫਰਜ਼ੀ ਦਾਅਵਿਆਂ ਬਾਰੇ ਸਖ਼ਤੀ ਦਿਖਾਈ ਅਤੇ ਕਿਹਾ ਸੀ ਕਿ ਇਸ ਮਾਮਲੇ ਵਿੱਚ ਸੀ ਜੀ ਨਾਲ ਜਾਂਚ ਕਰਾਈ ਜਾ ਸਕਦੀ ਹੈ। ਐਡਵੋਕੇਟ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਸ ਤਰ੍ਹਾਂ ਦੀ ਜਾਂਚ ਨਾਲ ਲੋਕ ਫਰਜ਼ੀ ਦਾਅਵਾ ਕਰਨ ਤੋਂ ਡਰਨਗੇ।ਉਨ੍ਹਾਂ



ਨੇ ਇਹ ਵੀ ਕਿਹਾ ਕਿ ਏਦਾਂ ਦੇ ਦਾਅਵੇ ਮੌਤ ਦੇ ਚਾਰ ਹਫ਼ਤਿਆਂ ਅੰਦਰ ਕੀਤੇ ਜਾਣ ਚਾਹੀਦੇ, ਪਰ ਬੈਂਚ ਨੇ ਕਿਹਾ ਕਿ ਇਹ ਸਮਾਂ-ਸੀਮਾ ਬਹੁਤ ਘੱਟ ਹੈ ਕਿਉਂਕਿ ਮੌਤ ਮਗਰੋਂ ਸਾਰੇ ਕਰਮਕਾਂਡ ਅਤੇ ਕਾਗਜ਼ੀ ਕਾਰਵਾਈ ਪੂਰੀ ਕਰਨ ਵਿੱਚ ਸਮੇਂ ਲੱਗਦਾ ਹੈ।ਇਸ ਦੀ ਥਾਂ ਬੈਂਚ ਨੇ ਕਿਹਾ ਕਿ ਪੁਰਾਣੇ ਦਾਅਵੇ 60 ਦਿਨ ਦੇ ਅੰਦਰ ਅਤੇ ਤਾਜ਼ਾ ਮੌਤਾਂ ਲਈ 90 ਦਿਨਾਂ ਦੇ ਅੰਦਰ ਦਾਅਵਾ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਆਦੇਸ਼ ਦਿੱਤਾ ਸੀ ਕਿ ਕੋਰੋਨਾ ਨਾਲ ਮਰਨ ਵਾਲਿਆਂ ਦੇ ਪਰਵਾਰ ਨੂੰ ਸਰਕਾਰ 50 ਹਜ਼ਾਰ ਰੁਪਏ ਮੁਆਵਜ਼ਾ ਦੇਵੇ,ਪਰ ਕੇਰਲ ਨੇ ਫਰਜ਼ੀ ਦਾਅਵਿਆਂ ਦੀ ਜਾਂਚ ਕੇਂਦਰੀ ਏਜੰਸੀ ਤੋਂ ਕਰਾਏ ਜਾਣ ਦਾ ਵਿਰੋਧ ਕੀਤਾ ਹੈ।

# ਤ੍ਰਿਣਮੂਲ ਨੇਤਾ ਦੇ ਕਤਲ ਪਿਛੋਂ ਬੰਗਾਲ ਦੀ ਹਿੰਸਾ ’ਚ 8 ਜਿਊਂਦੇ ਸੜੇ

ਕੋਲਕਾਤਾ, 24 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ ਦੇ ਬੋਗਤੁਈ ਪਿੰਡ ਵਿੱਚ ਕੱਲ੍ਹ ਅਣਪਛਾਤੇ ਬਦਮਾਸ਼ਾਂ ਨੇ ਕਈ ਘਰਾਂ ਨੂੰ ਅੱਗ ਲਾ ਦਿੱਤੀ, ਜਿਸ ਵਿੱਚ ਦੋ ਬੱਚਿਆਂ ਸਮੇਤ ਅੱਠ ਲੋਕਾਂ ਦੀ ਜਿਊਂਦੇ ਸੜਨ ਨਾਲ ਮੌਤ ਹੋ ਗਈ। ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਨੇ ਦਾਅਵਾ ਕੀਤਾ ਕਿ ਰਾਮ-ਪੁਰਹਾਟ ਬਲਾਕ ਵਿੱਚ ਇਸ ਘਟਨਾ ਵਿੱਚ 12 ਲੋਕ ਮਾਰੇ ਗਏ ਹਨ। ਬੀਰਭੂਮ ਦੇ ਐਸ ਪੀ ਨੇ ਅੱਗ ਲੱਗਣ ਦਾ ਸਹੀ ਕਾਰਨ ਨਹੀਂ ਦੱਸਿਆ। ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿੱਚ 11 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ,“ਇਹ ਖਦਸ਼ਾ ਹੈ ਕਿ ਭੀੜ ਨੇ ਤ੍ਰਿਣਮੂਲ ਕਾਂਗਰਸ ਵੱਲੋਂ ਚਲਾਏ ਜਾਂਦੇ ਬਰਸਾਲ ਪੰਚਾਇਤ ਦੇ ਉਪ ਮੁੱਖੀ ਬਿੱਲੂ ਸ਼ੇਖ ਦੇ ਕਤਲ ਦਾ ਬਦਲ ਲੈਣ ਲਈ ਕਈ ਘਰਾਂ ਨੂੰ ਅੱਗ ਲਾਈ ਹੋਵੇ।" ਕੱਲ੍ਹ ਸ਼ਾਮ



ਚਾਰ ਨਕਾਬਪੋਸ਼ਾਂ ਦੇ ਗੋਲੀ ਮਾਰੇ ਜਾਣ ਤੋਂ ਬਾਅਦ ਸ਼ੇਖ ਨੂੰ ਰਾਮਪੁਰਹਾਟ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰਦਿੱਤਾ। ਸ਼ੇਖ ਦੀ ਮੌਤ ਦੀ ਖ਼ਬਰ ਤੋਂ ਬਾਅਦ ਬੋਗਾਟੂਈ ਪਿੰਡ ਦੇ ਲੋਕਾਂ ਨੇ ਆਪਣੇ ਨੇਤਾ ਦੇ ਕਤਲ ਤੋਂ ਗੁੱਸੇ ਵਿੱਚ ਆ ਕੇ ਘਰਾਂ ਨੂੰ ਅੱਗਾਂ ਲਾ ਦਿੱਤੀਆਂ।




## ਪੱਤਰਕਾਰ ਸਿੱਦੀਕੀ ਦਾ ਪਰਵਾਰ ਕੌਮਾਂਤਰੀ ਅਦਾਲਤ ਵੱਲ ਤੁਰਿਆ



ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਪੁਲਿਤਜ਼ਰ ਐਵਾਰਡ ਜੇਤੂ ਮਰਹੂਮ ਫੋਟੋ ਪੱਤਰਕਾਰ ਦਾਨਿਸ਼ ਸਿੱਦੀਕੀ ਦੇ ਪਰਵਾਰ ਨੇ ਉਸ ਦੀ ਹੱਤਿਆ ਦੀ ਜਾਂਚ ਲਈ ਕੌਮਾਂਤਰੀ ਅਪਰਾਧ ਅਦਾਲਤ ਤਕ ਪਹੁੰਚ ਕੀਤੀ ਅਤੇ ਦਾਨਿਸ਼ ਦੀ ਹੱਤਿਆ ਲਈ ਜ਼ਿੰਮੇਵਾਰ ਲੋਕਾਂ, ਜਿਨ੍ਹਾਂ ਵਿੱਚ ਤਾਲਿਬਾਨ ਆਗੂ ਸ਼ਾਮਲ ਹਨ, ਨੂੰ ਸਜ਼ਾ ਦਿਵਾਉਣ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਦਾਨਿਸ਼ ਸਿੱਦੀਕੀ (38) ਪਿਛਲੇ ਸਾਲ ਅਫਗਾਨਿਸਤਾਨ ਵਿੱਚ ਡਿਊਟੀ ਉੱਤੇ ਸਨ ਜਦ 16 ਜੁਲਾਈ ਨੂੰ ਉਨ੍ਹਾਂ ਦੀ ਹੱਤਿਆ ਹੋ ਗਈ ਸੀ। ਫੋਟੋ ਪੱਤਰਕਾਰ ਦਾਨਿਸ਼ ਸਿੱਦੀਕੀ ਓਥੇ ਤਾਲਿਬਾਨ ਤੇ ਅਫਗਾਨ ਦਸਤਿਆਂ ਵਿਚਾਲੇ ਹੋ ਰਹੀ ਜੰਗ ਨੂੰ ਕਵਰ ਕਰ ਰਿਹਾ ਸੀ। ਇਸ ਬਾਰੇ ਪਰਵਾਰ ਦੇ ਵਕੀਲ ਨੇ ਅਦਾਲਤ ਨੂੰ ਸ਼ਿਕਾਇਤ ਭੇਜ ਦਿੱਤੀ ਹੈ। ਅਫਗਾਨਿਸਤਾਨ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਮੁਹੰਮਦ ਹਸਨ ਅਖੁੰਦ ਅਤੇ ਉਪ ਪ੍ਰਧਾਨ ਮੰਤਰੀ ਅਬਦੁਲ ਗਨੀ ਬਰਾਦਰ ਖਿਲਾਫ ਵੀ ਸ਼ਿਕਾਇਤ ਭੇਜੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਭਾਰਤ ਸਰਕਾਰ ਤੋਂ ਮਦਦ ਮੰਗਣਗੇ।

## ਦਿੱਲੀ ਦੇ ਸੈਨਿਕ ਸਕੂਲ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂਅ ਉੱਤੇ ਰੱਖਿਆ



ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਵਿਦਿਆਰਥੀਆਂ ਨੂੰ ਫੌਜ ਵਿੱਚ ਭਰਤੀ ਦੀ ਸਿਖਲਾਈ ਦੇਣਵਾਸਤੇ ਦਿੱਲੀ ਸਰਕਾਰ ਵੱਲੋਂ ਤਿਆਰ ਕੀਤੇ ਜਾ ਰਹੇ ਸੈਨਿਕ ਸਕੂਲ ਦਾ ਨਾਂਅ ਸ਼ਹੀਦ ਭਗਤ ਸਿੰਘ ਦੇ ਨਾਂਅ ਉੱਤੇਰੱਖਿਆ ਜਾਵੇਗਾ। ਇਹ ਐਲਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰੈਸ ਕਾਨਫਰੰਸ ਵਿੱਚ ਕੀਤਾ ਹੈ।

ਕੇਜਰੀਵਾਲ ਨੇ ਕਿਹਾ ਕਿ ਆਧੁਨਿਕ ਸੁਵਿਧਾਵਾਂ ਨਾਲ ਲੈਸ ਇਹ ਸਕੂਲ ਝੜੌਦਾ ਕਲਾਂ ਵਿੱਚ 14 ਏਕੜ ਵਿੱਚ ਬਣਾਇਆ ਜਾਵੇਗਾ। ਦਿੱਲੀ ਵਿੱਚ ਰਹਿਣ ਵਾਲਾ ਕੋਈ ਵੀ ਬੱਚਾ 9ਵੀਂ ਅਤੇ 11ਵੀਂ ਜਮਾਤ ਵਿੱਚ ਦਾਖਲਾ ਲੈ ਸਕਦਾ ਹੈ। ਦੋਵੇਂ ਕਲਾਸਾਂ ਲਈ 100-100 ਸੀਟਾਂ ਹੋਣਗੀਆਂ। ਕੇਜਰੀਵਾਲ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹਾਦਤ ਦਿਵਸ ਤੋਂ ਇੱਕ ਦਿਨ ਪਹਿਲਾਂ ਉਕਤ ਐਲਾਨ ਕਰਦਿਆਂ ਕਿਹਾ ਕਿ ਸਕੂਲ ਵਿੱਚ ਪੜ੍ਹਾਈ ਤੋਂ ਲੈ ਕੇ ਸਭ ਕੁਝ ਮੁਫ਼ਤ ਹੋਵੇਗਾ। ਰਿਹਾਇਸ਼ੀ ਸਕੂਲ ਵਿੱਚ ਕੁੜੀਆਂ ਅਤੇ ਮੁੰਡਿਆਂ ਦੇ ਰਹਿਣ ਦੀ ਵੱਖ-ਵੱਖ ਵਿਵਸਥਾ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ 20 ਦਸੰਬਰ ਨੂੰ ਦਿੱਲੀ ਕੈਬਨਿਟ ਵੱਲੋਂ ਲਏ ਫ਼ੈਸਲੇ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਵਿੱਚ ਇੱਕ ਅਜਿਹਾ ਸਕੂਲ ਬਣਾਇਆ ਜਾਵੇਗਾ, ਜਿੱਥੇ ਬੱਚਿਆਂ ਨੂੰ ਹਥਿਆਰਬੰਦ ਫ਼ੌਜ, ਜਲ ਸੈਨਾ ਅਤੇ ਹਵਾਈ ਸੈਨਾ ਵਿੱਚ ਭਰਤੀ ਲਈ ਸਿਖਲਾਈ ਦਿੱਤੀ ਜਾਵੇਗੀ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਇਸੇ ਸਾਲ ਕਲਾਸ ਸ਼ੁਰੂ ਕੀਤੀ ਜਾਵੇਗੀ। 27 ਮਾਰਚ ਨੂੰ 9ਵੀਂ ਅਤੇ 28 ਮਾਰਚ ਨੂੰ 11ਵੀਂ ਕਲਾਸ ਦੇ ਦਾਖ਼ਲੇ ਲਈ ਪ੍ਰੀਖਿਆਵਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਦੋਹਾਂ ਕਲਾਸਾਂ ਦੀਆਂ 200 ਸੀਟਾਂ ਲਈ 18 ਹਜ਼ਾਰ ਅਰਜ਼ੀਆਂ ਆ ਚੁੱਕੀਆਂ ਹਨ। 27 ਤੋਂ 28 ਮਾਰਚ ਨੂੰ ਹੋਣ ਵਾਲੀਆਂ ਪ੍ਰੀਖਿਆ ਦੇ ਆਧਾਰ ਉੱਤੇ ਹੀ ਬੱਚਿਆਂ ਨੂੰ ਸਕੂਲ ਵਿੱਚ ਦਾਖ਼ਲਾ ਮਿਲੇਗਾ ਅਤੇ ਸਿਖਲਾਈ ਦੇਣ ਲਈ ਤਿੰਨੋਂ ਫੌਜਾਂ ਦੇ ਸੇਵਾ-ਮੁਕਤ ਅਫ਼ਸਰ ਹੋਣਗੇ।

# ਭਾਰਤ ਕੋਰੋਨਾ ਪਾਬੰਦੀਆਂ 31 ਤੋਂ ਹਟਾਏਗਾ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਦੇ ਲਗਾਤਾਰ ਘਟਦੇ ਕੇਸਾਂ ਨੂੰ ਵੇਖ ਕੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਰੀਬ ਦੋ ਸਾਲ ਬਾਅਦ 31 ਮਾਰਚ ਤੋਂ ਕੋਰੋਨਾ ਦੀਆਂ ਸਭ ਪਾਬੰਦੀਆਂ ਹਟਾਉਣ ਦਾ ਫ਼ੈਸਲਾ ਕੀਤਾ ਹੈ, ਪਰ ਮਾਸਕ ਲਾਉਣ ਅਤੇ ਸਮਾਜਿਕ ਦੂਰੀ ਰੱਖਣ ਸਬੰਧੀ ਨਿਯਮ ਲਾਗੂ ਰਹਿਣਗੇ।

ਕੇਂਦਰ ਸਰਕਾਰ ਨੇ 24 ਮਾਰਚ 2020 ਨੂੰ ਪਹਿਲੀ ਵਾਰ ਦੇਸ਼ ਵਿੱਚ



ਕੋਰੋਨਾ ਵਾਇਰਸ ਫੈਲਣ ਤੋਂ ਰੋਕਣ ਲਈ ਆਫ਼ਤ ਪ੍ਰਬੰਧਕੀ ਕਾਨੂੰਨ 2005 ਤਹਿਤ ਕਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ ਅਤੇ ਹਾਲਾਤ ਦੇ ਅਨੁਸਾਰ ਸਮੇਂ-ਸਮੇਂ ਉੱਤੇ ਇਨ੍ਹਾਂ ਵਿੱਚ ਬਦਲਾਅ ਕੀਤੇ ਗਏ ਸਨ। ਭਾਰਤ ਦੇ ਕੇਂਦਰੀ ਗ੍ਰਹਿ ਸਕੱਤਰ ਅਜੇ ਭੱਲਾ ਨੇ ਕਿਹਾ ਕਿ ਅੱਜਕੱਲ੍ਹ ਆਮ ਲੋਕ ਵੀ ਕੋਰੋਨਾ ਨਾਲ ਨਜਿੱਠਣ ਸਬੰਧੀ ਕਾਫ਼ੀ ਜਾਗਰੂਕ ਹਨ। ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਵੀ ਆਪਣੀਆਂ ਸਮਰਥਾਵਾਂ ਅਤੇ ਪ੍ਰਣਾਲੀਆਂ ਨੂੰ ਵਿਕਸਤ ਕੀਤਾ ਹੈ ਅਤੇ ਕੋਰੋਨਾ ਮਹਾਂਮਾਰੀ ਦੇ ਪ੍ਰਬੰਧ ਲਈ ਆਪਣੀਆਂ ਵਿਸ਼ੇਸ਼ ਯੋਜਨਾਵਾਂ ਨੂੰ ਲਾਗੂ ਕੀਤਾ ਹੈ।

# ਹਰਿਆਣਾ ਵਿੱਚ 50 ਵਰ੍ਹੇ ਪੁਰਾਣੇ ਜ਼ਮੀਨੀ ਵਿਵਾਦਾਂ ਲਈ ਨਵਾਂ ਕਾਨੂੰਨ ਬਣਿਆ

* ਨਵੀਂ ਪੀੜ੍ਹੀ ਦਾਅਵਾ ਨਹੀਂ ਕਰ ਸਕੇਗੀ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਹਰਿਆਣਾ ਵਿੱਚ ਰਹਿੰਦੇ ਲੋਕਾਂ ਦੇ ਵੱਡਿਆਂ ਨੇ ਜੇ ਸਰਕਾਰ ਨੂੰ ਕੋਈ ਜ਼ਮੀਨ ਦਾਨ ਜਾਂ ਤੋਹਫੇ ਵਜੋਂ ਦਿੱਤੀ ਹੈ ਤਾਂ ਉਸ ਉੱਤੇ ਨਵੀਂ ਪੀੜ੍ਹੀ ਦਾਅਵਾ ਨਹੀਂ ਪੇਸ਼ ਕਰ ਸਕੇਗੀ।

ਇਸ ਸੰਬੰਧ ਵਿੱਚ ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਨੇ ਪੰਜਾਹ ਸਾਲ ਪੁਰਾਣੇ ਜ਼ਮੀਨੀ ਕੇਸਾਂ ਦਾ ਹੱਲ ਕਰਨ ਲਈ ਪਹਿਲਕੀਤੀ ਅਤੇ ਕਾਨੂੰਨੀ ਵਿਵਸਥਾਵਾਂ ਕੀਤੀਆਂ ਤੇ ਨਾਲ ਇਹ ਤੈਅ ਕੀਤਾ ਹੈ ਕਿ ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਨੱਬੇ ਦਿਨਾਂ ਅੰਦਰ ਦਰਜ ਕਰਵਾ ਸਕਦਾ ਹੈ। ਅਸਲ ਵਿੱਚ ਹਰਿਆਣਾ ੀ ਸਰਕਾਰ ਨੇ ਵਿਕਾਸ ਯੋਜਨਾਵਾਂ ਲਈ ਦਿੱਤੀਆਂ ਜ਼ਮੀਨਾਂ ਸਬੰਧੀ ਵਿਵਾਦ ਖਤਮ ਕਰਨ ਲਈ ਪਹਿਲ ਕੀਤੀ ਹੈ। ਜਨਤਕ ਕੰਮਾਂ ਤੇ ਵਿਕਾਸ ਪ੍ਰੋਜੈਕਟਾਂ ਲਈ ਸਰਕਾਰ ਨੰ ਦਿੱਤੀਆਂ ਪਿਤਾ-ਦਾਦਾ (ਵੱਡਿਆਂ)



ਦੀਆਂ ਪੁਰਾਣੀਆਂ ਜ਼ਮੀਨਾਂ ਉੱਤੇ ਨਵੀਂ ਪੀੜ੍ਹੀ ਦੇ ਲੋਕਾਂ ਦਾ ਕੋਈ ਹੱਕ ਨਹੀਂ ਹੋਵੇਗਾ। ਸੂਬਾ ਸਰਕਾਰ ਨੇ ਕਾਨੂੰਨ ਬਣਾ ਕੇ ਵਿਵਸਥਾ ਕੀਤੀ ਹੈ ਕਿ ਕਿਸੇ ਵੀ ਅਜਿਹੀ ਜ਼ਮੀਨ ਉਤੇ ਮਾਲਕ ਨੱਬੇ ਦਿਨਾਂ ਦੇ ਅੰਦਰ ਆਪਣਾ ਇਤਰਾਜ਼ ਦਰਜ ਕਰਵਾ ਸਕਦਾ ਹੈ। ਇਸ ਤੋਂ ਵੱਧ ਦੇਰੀ ਹੋਣ ਉੱਤੇ ਕਿਸੇ ਵੀ ਵਿਅਕਤੀ ਦੀ ਸਬੰਧਤ ਜ਼ਮੀਨ ਉੱਤੇ ਨਾ ਦਾਅਵੇਦਾਰੀ ਨੂੰ ਮੰਨਿਆ ਜਾਵੇਗਾ ਤੇ ਨਾ ਉਸ ਦੀ ਗੱਲ ਸੁਣੀ ਜਾਵੇਗੀ।

ਮੁੱਖ ਮੰਤਰੀ ਖੱਟਰ ਨੇ ਸਦਨ ਵਿੱਚ ਕਿਹਾ ਕਿ ਇਸ ਨਾਲ ਪੁਰਾਣੇ ਕੇਸ ਹੱਲ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾ ਨੇ ਦੱਸਿਆ ਕਿ ਪੰਜਾਹ ਸਾਲ ਪਹਿਲਾਂ ਲੋਕ ਆਪਣੀ ਜ਼ਮੀਨ ਸਰਕਾਰ ਨੂੰ ਵਿਕਾਸ ਪ੍ਰੋਜੈਕਟਾਂ ਲਈ ਦਾਨ ਜਾਂ ਤੋਹਫੇ ਵਜੋਂ ਦਿੰਦੇ ਸਨ। ਉਸ ਸਮੇਂ ਜ਼ਮੀਨ ਕਾਫੀ ਸਸਤੀ ਹੁੰਦੀ ਸੀ ਤੇ ਸਰਕਾਰ ਨੂੰ ਦਿੱਤੀ ਜਾਂਦੀ ਜ਼ਮੀਨ ਦਾ ਸਾਰਾ ਕੰਮ ਜ਼ੁਬਾਨੀ ਹੁੰਦਾ ਸੀ। ਓਦੋਂ ਦਾਨ ਜਾਂ ਤੋਹਫੇ ਵਿੱਚ ਜ਼ਮੀਨ ਦੇਣ ਵਾਲਿਆਂ ਦੀਆਂ ਨਵੀਆਂ ਪੀੜ੍ਹੀਆਂ ਅਦਾਲਤ ਚਲੀਆਂ ਜਾਂਦੀਆਂ ਤੇ ਦਾਅਵਾ ਕਰਦੀਆਂ ਹਨ ਕਿ ਇਹ ਜ਼ਮੀਨ ਉਨ੍ਹਾਂ ਦੀ ਹੈ। ਬਹੁਤੇ ਕੇਸਵੱਧ ਮੁਆਵਜ਼ੇ ਦੇ ਲਾਲਚ ਵਿੱਚ ਹੁੰਦੇ ਹਨ।ਜੇ ਸਰਕਾਰੀ ਪ੍ਰੋਜੈਕਟ ਲਈ ਅੱਜ ਕੋਈ ਜ਼ਮੀਨ ਲਈ ਜਾਂਦੀ ਹੈ ਤਾਂ ਉਸ ਦਾ ਮੁਕੰਮਲ ਦਸਤਾਵੇਜ਼ੀ ਕੰਮ ਹੁੰਦਾ ਹੈ। ਵਿਵਾਦ ਦੇ ਇਹ ਸਾਰੇ ਮਾਮਲੇ ਵੀਹ, ਤੀਹ ਅਤੇ ਪੰਜਾਹ ਸਾਲ ਪੁਰਾਣੇ ਹਨ।

# ਫਿਚ ਨੇ ਭਾਰਤ ਦਾ ਵਿਕਾਸ ਅਨੁਮਾਨ ਘਟਾ ਕੇ 8.5 ਫੀਸਦ ਕੀਤਾ




ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਰੇਟਿੰਗ ਏਜੰਸੀ ਫਿਚ ਨੇ ਅਗਲੇ ਵਿੱਤੀ ਸਾਲ ਲਈ ਭਾਰਤ ਦੀ ਵਿਕਾਸ ਦਰ ਦੇ ਅਨੁਮਾਨ ਨੂੰ 10.3 ਫੀਸਦੀ ਤੋਂ ਘਟਾ ਕੇ 8.5 ਫੀਸਦ ਕਰ ਦਿੱਤਾ ਹੈ। ਇਸ ਤਰ੍ਹਾਂ ਕਰਨ ਪਿੱਛੇ ਉਸ ਨੇ ਰੂਸ-ਯੂਕਰੇਨ ਜੰਗ ਕਾਰਨ ਊਰਜਾ ਕੀਮਤਾਂ ਵਿੱਚ ਤੇਜ਼ੀ ਤੇ ਵਧਦੀ ਮਹਿੰਗਾਈ ਦਾ ਹਵਾਲਾ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਏਜੰਸੀ ਨੇ ਚਾਲੂ ਵਿੱਤੀ ਸਾਲ ਲਈ ਕੁੱਲ ਘਰੇਲੂ ਉਤਪਾਦ (ਡੀ ਜੀ ਪੀ) ਦੇ ਵਿਕਾਸ ਅਨੁਮਾਨ ਨੂੰ 0.6 ਫੀਸਦੀ ਅੰਕ ਤਕ ਵਧਾਇਆ ਅਤੇ ਇਸ ਨੂੰ ਸੋਧ ਕੇ 8.7 ਫੀਸਦੀ ਕਰ ਦਿੱਤਾ ਹੈ। ਫਿਚ ਨੇ ਅਗਲੇ ਵਿੱਤੀ ਸਾਲ ਲਈ ਵਿਸ਼ਵ ਦੀ ਵਿਕਾਸ ਦਰ ਦੇ ਅਨੁਮਾਨ ਨੂੰ 0.7 ਫੀਸਦੀ ਪੁਆਇੰਟ ਘਟਾ ਕੇ 3.6 ਫੀਸਦੀ ਕਰ ਦਿੱਤਾ ਅਤੇ ਉਸ ਨੇ ਆਪਣੀ ਮਹਿੰਗਾਈ ਦਰ ਦੇ ਪੇਸ਼ਗੀ ਅਨੁਮਾਨਾਂ ਵਿੱਚ ਸੋਧ ਕਰ ਕੇ ਕਿਹਾ ਕਿ ਅਸੀਂ ਵਿੱਤੀ ਸਾਲ 2022-23 ਲਈ ਆਪਣੇ ਵਿਕਾਸ ਦਰ ਦੇ ਪੇਸ਼ਗੀ ਅਨੁਮਾਨ ਨੂੰ ਉਚ ਊਰਜਾ ਕੀਮਤਾਂ ਵਿੱਚ ਤੇਜ਼ੀ ਕਾਰਨ 8.5 ਫੀਸਦੀ ਤਕ ਘੱਟ ਕੀਤਾ ਹੈ। ਵਿੱਤੀ ਸਾਲ 2023-24 ਲਈ ਇਸ ਨੂੰ ਸੱਤ ਫੀਸਦੀ ਰੱਖਿਆ ਗਿਆ ਹੈ।

ਸੰਸਾਰ ਆਰਥਿਕ ਹਾਲਾਤ ਮਾਰਚ 2022 ਬਾਰੇ ਫਿਚ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੇ ਘੱਟ ਹੁੰਦੇ ਅਸਰ ਨਾਲ ਸੰਭਾਵਤ ਤੌਰ ਉੱਤੇਸੰਸਾਰ ਸਪਲਾਈ ਝਟਕੇ ਨਾਲ ਪ੍ਰਭਾਵਤ ਹੋ ਰਹੀ ਹੈ, ਜੋ ਨਾ ਸਿਰਫ ਵਿਕਾਸ ਦੀ ਰਫਤਾਰ ਮੱਠੀ ਕਰੇਗੀ, ਸਗੋਂ ਮਹਿੰਗਾਈ ਦਰ ਵੀ ਵਧਾਏਗੀ। ਯੂਕਰੇਨ ਵਿੱਚ ਜੰਗ ਅਤੇ ਰੂਸ ਉੱਤੇ ਆਰਥਿਕ ਪਾਬੰਦੀਆਂ ਨੇ ਸੰਸਾਰ ਊਰਜਾ ਸਪਲਾਈ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਪਿਛਲੇ ਹਫਤੇ ਇੱਕ ਹੋਰ ਸੰਸਾਰ ਰੇਟਿੰਗ ਏਜੰਸੀ ਮੂਡੀਜ਼ ਨੇ 2022 ਕੈਲੰਡਰ ਸਾਲ ਲਈ ਭਾਰਤ ਦੀ ਵਿਕਾਸ ਦਰ ਦਾ ਅਨੁਮਾਨ 9.5 ਫੀਸਦੀ ਤੋਂ ਘਟਾ ਕੇ 9.1 ਫੀਸਦੀ ਕਰ ਦਿੱਤਾ ਸੀ। ਉਸ ਨੇ ਇਸ ਲਈ ਵਧਦੇ ਦਰਾਮਦ ਬਿੱਲ ਦਾ ਹਵਾਲਾ ਦਿੱਤਾ ਸੀ।ਰੂਸ ਦੁਨੀਆ ਦੀਆਂ ਕਰੀਬ 10 ਫੀਸਦੀ ਊਰਜਾ ਜ਼ਰੂਰਤਾਂ ਦੀ ਸਪਲਾਈ ਕਰਦਾ ਹੈ। ਇਸ ਵਿੱਚ ਕੁਦਰਤੀ ਗੈਸ ਦਾ ਹਿੱਸਾ ਜਿੱਥੇ 17 ਫੀਸਦੀ ਹੈ, ਉਥੇ ਹੀ ਕੱਚੇ ਤੇਲ ਦਾ ਹਿੱਸਾ 12 ਫੀਸਦੀ ਹੈ। ਫਿਚ ਦਾ ਮੰਨਣਾ ਹੈ ਕਿ ਤੇਲ ਉੱਤੇ ਗੈਸ ਦੀਆਂ ਕੀਮਤਾਂ ਵਿੱਚ ਉਛਾਲ ਆਉਣ ਨਾਲ ਸਨਅਤਾਂ ਦੀ ਲਾਗਤ ਵੀ ਵਧੇਗੀ, ਜਿਸ ਨਾਲ ਖਪਤਕਾਰਾਂ ਕੋਲ ਖਰਚ ਕਰਨ ਲਈ ਘੱਟ ਪੈਸੇ ਬਚਣਗੇ।



## ਚੀਨ-ਪਾਕਿ ਸੰਬੰਧਾਂ ਦੀ ਮਜ਼ਬੂਤੀ ਲਈ ਦੋਵਾਂ ਵੱਲੋਂ ਨਵੇਂ ਸਮਝੌਤੇ



ਬੀਜਿੰਗ, 24 ਮਾਰਚ (ਪੋਸਟ ਬਿਊਰੋ)- ਚੀਨ ਤੇ ਪਾਕਿਸਤਾਨ ਨੇ ਦੁਵੱਲੇ ਸੰਬੰਧਾਂ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਪ੍ਰਗਟ ਕਰਦੇ ਹੋਏ ਪੰਜ ਸਮਝੌਤਿਆਂ ਉੱਤੇਦਸਤਖਤ ਕੀਤੇ ਹਨ।

ਵਰਨਣ ਯੋਗ ਹੈ ਕਿ ਚੀਨੀ ਵਿਦੇਸ਼ ਮੰਤਰੀ ਵਾਂਗ ਪਾਕਿਸਤਾਨੀ ਵਿਦੇਸ਼ ਮੰਤਰੀ ਕੁਰੈਸ਼ੀ ਦੇ ਸੱਦੇ ਉੱਤੇ ਵਿਸ਼ੇਸ਼ ਮਹਿਮਾਨ ਵਜੋਂ ਇਸਲਾਮਿਕ ਸਹਿਯੋਗ ਸੰਗਠਨ (ਓ ਆਈ ਸੀ) ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਹਿੱਸਾ ਲੈਣ ਦੇ ਲਈ ਇਸਲਾਮਾਬਾਦ ਪੁੱਜੇ ਹਨ। ਦੋਵਾਂ ਦੇਸ਼ਾਂ ਵਿੱਚਕੱਲ੍ਹ ਹੋਏ ਸਮਝੌਤਿਆਂ ਵਿੱਚ ਉਚ ਸਿੱਖਿਆ ਸਰਟੀਫਿਕੇਟ ਤੇ ਡਿਗਰੀ ਦੀ ਆਪਸੀ ਮਾਨਤਾ, ਭੂ ਵਿਗਿਆਨ ਸਬੰਧੀ ਸਾਂਝੇ ਅਧਿਐਨ ਕੇਂਦਰ ਪ੍ਰੋਜੈਕਟ, ਖੇਤੀ ਯੰਤਰ ਅਤੇ ਸਮੱਗਰੀ ਅਤੇ ਖੇਤੀ ਤਕਨੀਕ ਦੇ ਲੈਣ-ਦੇਣ ਆਦਿ ਪ੍ਰਾਜੈਕਟ ਸ਼ਾਮਲ ਹਨ। ਵਿਦੇਸ਼ ਮੰਤਰੀਆਂ ਨੇ ਦੁਵੱਲੀ ਰਣਨੀਤੀ, ਆਰਥਿਕ ਤੇ ਸੁਰੱਖਿਆ ਸਹਿਯੋਗ, ਕੋਵਿਡ ਮਹਾਮਾਰੀ ਅਤੇ ਖੇਤਰੀ ਤੇ ਕਈ ਕੌਮਾਂਤਰੀ ਮੁੱਦਿਆਂ ਉੱਤੇ ਵਿਚਾਰ ਪ੍ਰਗਟੇ ਕੀਤੇ ਹਨ। ਕੁਰੈਸ਼ੀ ਨੇ ਅਫਗਾਨਿਸਤਾਨ ਵਿੱਚ ਸ਼ਾਂਤੀ ਤੇ ਸਥਿਰਤਾ ਲਈ ਮਿਲ ਕੇ ਕੰਮ ਕਰਨ ਉੱਤੇ ਜ਼ੋਰ ਦਿੱਤਾ।ਚੀਨ ਤੇ ਪਾਕਿਸਤਾਨ ਨੇ ਰੂਸ ਖਿਲਾਫ ਲਗਾਈਆਂ ਜਾ ਰਹੀਆਂ ਇਕਪਾਸੜ ਪਾਬੰਦੀਆਂ ਦੇ ਪ੍ਰਭਾਵ ਉੱਤੇ ਚਿੰਤਾ ਪ੍ਰਗਟਾਈ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਦੋਵਾਂ ਦੇਸ਼ਾਂ ਨੇ ਜੰਗਬੰਦੀ ਤੇ ਕੂਟਨੀਤੀ ਮਾਧਿਅਮਾਂ ਨਾਲ ਸੰਕਟ ਦਾ ਹੱਲ ਕੱਢਣ ਦੀ ਅਪੀਲ ਕੀਤੀ ਹੈ।

## ਪਾਕਿ ਵਿੱਚ ਅਗਵਾ ਦਾ ਵਿਰੋਧ ਕਰਦੀ ਹਿੰਦੂ ਲੜਕੀ ਦੀ ਹੱਤਿਆ



ਇਸਲਾਮਾਬਾਦ, 24 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਇੱਕ ਹਿੰਦੂ ਲੜਕੀ ਦੀ ਸ਼ਰੇਆਮ ਹੱਤਿਆ ਕਰ ਦਿੱਤੀ ਗਈ। ਹਤਿਆਰਾ ਲੜਕੀ ਦਾ ਧਰਮ ਬਦਲ ਕੇ ਉਸ ਨਾਲ ਨਿਕਾਹ ਕਰਨਾ ਚਾਹੁੰਦਾ ਸੀ।

ਇਸ ਵਾਰਦਾਤ ਤੋਂ ਭੜਕੇ ਪਾਕਿਸਤਾਨ ਦੇ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਨੇ ਧਰਨਾ-ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।ਰਿਪੋਰਟ ਮੁਤਾਬਕ ਵਾਰਦ-ਾਤ ਰੋਹੀ-ਸੱਖਰ ਦੀ ਹੈ। 18 ਸਾਲਾ ਪੂਜਾ ਓਡ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਜਦੋਂ ਉਸ ਨੇ ਵਿਰੋਧ ਕੀਤਾ ਤਾਂ ਸ਼ਰੇਆਮ ਉਸ ਨੂੰ ਗੋਲੀ ਮਾਰ ਦਿੱਤੀ ਗਈ। ਮੁਲਜ਼ਮ ਦੀ ਪਛਾਣ ਵਾਹਿਦ ਬਖਸ਼ ਲਾਸ਼ਰੀ ਵਜੋਂ ਹੋਈ ਹੈ। ਵਾਰਦਾਤ ਦੇ ਦਿਨ ਲਾਸ਼ਰੀ ਘੋਟਕੀ ਵਿੱਚ ਪੂਜਾ ਦੇ ਘਰ ਵਿੱਚ ਵੜ ਗਿਆ ਅਤੇ ਉਸ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਉਹ ਪੂਜਾ ਨੂੰ ਖਿੱਚਦੇ ਹੋਏ ਗਲੀ ਤਕ ਲੈ ਆਇਆ, ਪਰ ਲੜਕੀ ਵਿਰੋਧ ਕਰਦੀ ਰਹੀ। ਇਸ ਤੋਂ ਭੜਕੇ ਲਾਸ਼ਰੀ ਨੇ ਪੂਜਾ ਨੂੰ ਸ਼ਰੇਆਮ ਗੋਲੀ ਮਾਰ ਦਿੱਤੀ। ਪੂਜਾ ਦੀ ਮੌਕੇ ਉੱਤੇ ਮੌਤ ਹੋ ਗਈ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਨੇ ਆਪਣਾ ਅਪਰਾਧ ਵੀ ਸਵੀਕਾਰ ਕਰ ਲਿਆ ਹੈ।

## ਲੈਸਟਰ ਵਿੱਚ ਤਿੰਨ ਸਿੱਖ ਵਿਦਿਆਰਥੀਆਂ ਉੱਤੇ ਹੋਇਆ ਨਸਲੀ ਹਮਲਾ



ਲੈਸਟਰ, 24 ਮਾਰਚ (ਪੋਸਟ ਬਿਊਰੋ)- ਕੱਲ੍ਹ ਲੈਸਟਰ ਸ਼ਹਿਰ ਦੇ ਜੱਜਮੈਡੋ ਸਕੂਲ ਦੇ ਕੁਝ ਲੋਕਾਂ ਨੇ ਦਸਤਾਰ ਖ਼ਿਲਾਫ਼ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਅਤੇ ਸਕੂਲ ਦੇ ਤਿੰਨ ਦਸਤਾਰਧਾਰੀ ਸਿੱਖ ਵਿਦਿਆਰਥੀਆਂ ਉੱਤੇ ਨਸਲੀ ਹਮਲਾ ਕਰਕੇ ਤੇਜ਼ਧਾਰ ਹਥਿਆਰ ਨਾਲ ਜ਼ਖ਼ਮੀ ਕਰ ਦਿੱਤਾ ਤੇ ਦਸਤਾਰ ਦੀ ਬੇਅਦਬੀ ਕੀਤੀ।

ਮਿਲੀ ਜਾਣਕਾਰੀ ਅਨੁਸਾਰ ਲੈਸਟਰ ਦੇ ਵਸਨੀਕ ਦਲਜੀਤ ਸਿੰਘ ਦੇ ਬੇਟੇ ਸੁਖਰਾਜ ਸਿੰਘ ਅਤੇ ਗੁਰਜੀਤ ਸਿੰਘ ਅਤੇ ਉਨ੍ਹਾਂ ਦੇ ਇੱਕ ਸਾਥੀ ਦਸਤਾਧਾਰੀ ਵਿਦਿਆਰਥੀ ਗੁਰਦਾਸ ਸਿੰਘ ਉੱਤੇ ਸਕੂਲ ਵਿੱਚ 20-25 ਤੋਂ ਵੀ ਵੱਧ ਇੱਕ ਭਾਈਚਾਰੇ ਦੇ ਵਿਦਿਆਰਥੀਆਂ ਨੇ ਨਸਲੀ ਹਮਲਾ ਕਰਕੇ ਦਸਤਾਰ ਵੀ ਬੇਅਦਬੀ ਕੀਤੀ ਅਤੇ ਤੇਜ਼ਧਾਰ ਹਥਿਆਰ ਨਾਲ ਵਾਰ ਕਰਕੇ ਇੱਕ ਸਿੱਖ ਵਿਦਿਆਰਥੀ ਨੂੰ ਜ਼ਖ਼ਮੀ ਕਰ ਦਿੱਤਾ। ਇਸ ਦੌਰਾਨ ਸਿੱਖ ਵਿਦਿਆਰਥੀਆਂ ਨੇ ਬੜੀ ਦਲੇਰੀ ਅਤੇ ਹਿੰਮਤ ਨਾਲ ਆਪਣੀ ਜਾਨ ਬਚਾਈ। ਇਸ ਨਸਲੀ ਹਮਲੇ ਉੱਤੇ ਰੋਸ ਪ੍ਰਗਟ ਕਰਦਿਆਂ ਲੈਸਟਰ ਤੇ ਆਸ-ਪਾਸ ਦੇ ਸਿੱਖ ਭਾਈਚਾਰੇ ਨੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਇਕੱਤਰਤਾ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਰਾਜਮਨਵਿੰਦਰ ਸਿੰਘ ਰਾਜਾ ਕੰਗ, ਗੁਰਦੁਆਰਾ ਦਸਮੇਸ਼ ਸਾਹਿਬ ਜਿਪਸੀ ਲੇਨ ਅਤੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਬੰਧਕਾਂ ਨੇ ਸਕੂਲ ਦੇ ਪ੍ਰਿੰਸੀਪਲ ਅਤੇ ਸਥਾਨਕ ਪੁਲਸ ਨੂੰ ਤਾੜਨਾ ਕਰਦਿਆਂ ਕਿਹਾ ਕਿ ਸਿੱਖ ਕੌਮ ਹਰੇਕ ਧਰਮ ਦਾ ਸਤਿਕਾਰ ਕਰਦੀ ਹੈ ਇਸ ਲਈ ਪੁਲਸ ਅਤੇ ਪ੍ਰਸ਼ਾਸਨ ਨੂੰ ਆਪਣੀ ਜ਼ਿੰਮੇਵਾਰੀ ਮੁਸਤੈਦੀ ਨਾਲ ਨਿਭਾਉਣੀ ਚਾਹੀਦੀ ਹੈ। ਪੁਲਸ ਨੇ ਤਿੰਨ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

## ਤਾਲਿਬਾਨ ਨੇ ਲੜਕੀਆਂ ਦੀ ਉਚ ਸਿੱਖਿਆ ਉਤੇ ਫਿਰ ਰੋਕ ਲਾ ਦਿੱਤੀ



ਕਾਬੁਲ, 24 ਮਾਰਚ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਤਾਲਿਬਾਨੀ ਸ਼ਾਸਕਾਂ ਨੇ ਆਪਣੇ ਹੀ ਵਾਅਦੇ ਤੋਂ ਮੁਕਰਦਿਆਂ ਲੜਕੀਆਂ ਨੂੰ ਮਿਲਦੀ ਉਚੇਰੀ ਸਿੱਖਿਆ ਉੱਤੇ ਰੋਕ ਲਗਾਉਣ ਦਾ ਫੈਸਲਾ ਕੀਤਾ ਹੈ।

ਦੇਸ਼ ਦੇ ਹਾਕਮਾਂ ਵੱਲੋਂ ਜਾਰੀ ਕੀਤੇ ਨਵੇਂ ਫੈਸਲੇ ਦੇ ਮੁਤਾਬਕ ਛੇਵੀਂ ਤੋਂ ਉਪਰਲੀਆਂ ਜਮਾਤਾਂ ਵਾਲੇ ਸਕੂਲਾਂ ਵਿੱਚ ਲੜਕੀਆਂ ਨੂੰ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਤਾਲਿਬਾਨ ਨੇ ਇਹ ਫੈਸਲਾ ਓਦੋਂ ਲਿਆ ਹੈ, ਜਦੋਂ ਅਫਗਾਨਿਸਤਾਨ ਦੇ ਸਕੂਲਾਂ ਵਿੱਚ ਨਵਾਂ ਅਕਾਦਮਿਕ ਸਾਲ ਸ਼ੁਰੂ ਹੋਇਆ ਹੈ। ਅਫਗਾਨ ਹਾਕਮਾਂ ਦਾ ਇਹ ਫੈਸਲਾ ਪਹਿਲਾਂ ਹੀ ਮਨੁੱਖੀ ਸੰਕਟ ਨਾਲ ਜੂਝ ਰਹੇ ਮੁਲਕ ਵਿੱਚ ਕੌਮਾਂਤਰੀ ਮਦਦ ਲਈ ਅੜਿੱਕਾ ਬਣ ਸਕਦਾ ਹੈ।

ਇਸ ਸੰਬੰਧ ਵਿੱਚ ਤਾਲਿਬਾਨ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਵਹੀਦੁੱਲ੍ਹਾ ਹਾਸ਼ਮੀ ਨੇ ਦੱਸਿਆ ਕਿ ਲੜਕੀਆਂ ਲਈ ਸਕੂਲ ਬੰਦ ਕਰਨ ਦਾ ਫੈਸਲਾ ਮੰਗਲਵਾਰ ਰਾਤ ਆਇਆ ਸੀ। ਉਨ੍ਹਾਂ ਕਿਹਾ ਕਿ 'ਕੱਲ੍ਹ ਰਾਤ ਸਾਡੀ ਲੀਡਰਸ਼ਿਪ ਦਾ ਸੁਨੇਹਾ ਮਿਲਿਆ ਹੈ ਕਿ ਲੜਕੀਆਂ ਲਈ ਸਕੂਲ ਬੰਦ ਰਹਿਣਗੇ।' ਹਾਸ਼ਮੀ ਨੇ ਇਸ਼ਾਰਾ ਕੀਤਾ ਕਿ ਸਕੂਲ ਹਮੇਸ਼ਾ ਲਈ ਬੰਦ ਨਹੀਂ ਰਹਿਣਗੇ।ਲੀਡਰਸ਼ਿਪ ਨੇ ਅਜੇ ਇਹ ਫੈਸਲਾ ਨਹੀਂ ਕੀਤਾ ਕਿ ਉਹ ਕਦੋਂ ਜਾਂ ਕਿਵੇਂ ਲੜਕੀਆਂ ਨੂੰ ਸਕੂਲ ਵਿੱਚ ਵਾਪਸੀ ਲਈ ਖੁੱਲ੍ਹ ਦੇਣਗੇ।ਹਾਸ਼ਮੀ ਨੇ ਮੰਨਿਆ ਕਿ ਸ਼ਹਿਰੀ ਇਲਾਕੇ ਜਿੱਥੇ ਲੜਕੀਆਂ ਨੂੰ ਪੜ੍ਹਾਉਣ ਦੇ ਹਾਮੀ ਹਨ, ਉਥੇ ਮੁਲਕ ਦੀ ਪੇਂਡੂ ਵਸੋਂ (ਖਾਸ ਕਰ ਕੇ ਕਬਾਇਲੀ ਪਸ਼ਤੂਨ ਖੇਤਰ) ਇਸ ਦੇ ਵਿਰੁੱਧ ਹੈ। ਤਾਲਿਬਾਨ ਨੇ ਇਹ ਹੈਰਾਨਕੁੰਨ ਫੈਸਲਾ ਉਸ ਮੌਕੇ ਲਿਆ ਹੈ ਜਦੋਂ ਤਾਲਿਬਾਨੀ ਆਗੂ ਹੈਬਤੁੱਲਾ ਅਖੂੰਦਜ਼ਾਦਾ ਨੇ ਕੈਬਨਿਟ ਵਿੱਚ ਫੇਰਬਦਲ ਲਈ ਦੱਖਣੀ ਕੰਧਾਰ ਦੀ ਲੀਡਰਸ਼ਿਪ ਨੂੰ ਸੱਦਿਆ ਹੋਇਆ ਹੈ। ਪਿਛਲੇ ਸਾਲ ਅਗਸਤ ਵਿੱਚ ਤਾਲਿਬਾਨ ਦੇ ਮੁੜ ਕਾਬਜ਼ ਹੋਣ ਦੇ ਬਾਅਦ ਮੁਲਕ ਦੇ ਬਹੁਤੇ ਹਿੱਸਿਆਂ ਵਿੱਚ ਲੜਕੀਆਂ ਦੇ 6ਵੀਂ ਜਮਾਤ ਤੋਂ ਬਾਅਦ ਸਕੂਲ ਜਾਣ ਉੱਤੇ ਪਾਬੰਦੀ ਹੈ। ਇਸ ਸਾਲ ਦੀ ਸ਼ੁਰੂਆਤ ਵਿੱਚ ਭਾਵੇਂ ਯੂਨੀਵਰਸਿਟੀਆਂ ਵੀ ਖੁੱਲ੍ਹ ਗਈਆਂ, ਪਰ ਕੁਝ ਗਿਣੇ ਚੁਣੇ ਸੂਬਿਆਂ ਵਿੱਚ ਹੀ ਸਿੱਖਿਆ ਦਿੱਤੀ ਜਾ ਰਹੀ ਹੈ। ਬਹੁਗਿਣਤੀ ਰਾਜਾਂ ਨੇ ਲੜਕੀਆਂ ਤੇ ਔਰਤਾਂ ਲਈ ਸਿੱਖਿਆ ਸੰਸਥਾਵਾਂ ਬੰਦ ਕਰ ਦਿੱਤੀਆਂ ਹਨ।

## ਬਲੋਚਿਸਤਾਨ ਦਾ ਰੀਕੋ ਦਿਕ ਪ੍ਰੋਜੈਕਟ ਮੁੜ ਕੇ ਸ਼ੁਰੂ ਹੋਵੇਗਾ

ਇਸਲਾਮਾਬਾਦ, 24 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੀ ਬਲੋਚਿਸਤਾਨ ਰਾਜ ਦੀ ਸਰਕਾਰ ਅਤੇ ਬੈਰਿਕ ਗੋਲਡ ਕਾਰਪੋਰੇਸ਼ਨ ਵਿਚਾਲੇ ਰੀਕੋ ਦਿਕ ਪ੍ਰੋਜੈਕਟ ਦੀ ਮੁੜ ਸ਼ੁਰੂਆਤ ਕਰਨ ਲਈ ਸਮਝੌਤਾ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਲਾਇਸੈਂਸਿੰਗ ਪ੍ਰਕਿਰਿਆ ਉੱਤੇ ਵਿਵਾਦ ਕਾਰਨ ਸਾਲ 2011 ਵਿੱਚ ਪ੍ਰੋਜੈਕਟ ਸਸਪੈਂਡ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਕੰਪਨੀ ਤੇ ਹੋਰ ਧਿਰਾਂ ਵਿੱਚ ਕਰੀਬ 10 ਸਾਲ ਕਾਨੂੰਨੀ ਲੜਾਈ ਅਤੇ ਸਮਝੌਤੇ ਕਰਨ ਦੀ ਕੋਸ਼ਿਸ਼ ਚੱਲਦੀ ਰਹੀ। ਕੰਪਨੀ ਦਾ ਦਾਅਵਾ ਹੈ ਕਿ ਰੀਕੋ ਦਿਕ ਦੁਨੀਆ ਦੀ ਸਭ ਤੋਂ ਵੱਡੀ ਸੋਨੇ ਅਤੇ ਤਾਂਬੇ ਦੀਆਂ ਗੈਰ ਵਿਕ-ਸਿਤ ਖਾਣਾਂ ਵਿੱਚ ਸ਼ਾਮਲਹੈ। ਇਨ੍ਹੀਂ ਦਿਨੀਂ ਪਾਰਲੀਮੈਂਟ ਵਿੱਚ ਬੇਭਰੋਸਗੀ ਮਤੇ ਦਾ ਸਾਹਮਣਾ ਕਰ ਰਹੇ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸਮਝੌਤੇ ਨੂੰ ਮੀਲ ਪੱਥਰ ਦੱਸ ਕੇ ਟਵੀਟ ਕੀਤਾ, ''ਮੈਂ ਦੇਸ਼ ਅਤੇ ਬਲੋਚਿਸਤਾਨ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ। ਕਰੀਬ 11 ਅਰਬ ਡਾਲਰ ਦੀ ਸਜ਼ਾ ਐਡਜਸਟ ਕਰ ਦਿੱਤੀ ਗਈ ਹੈ। ਬਲੋਚਿਸਤਾਨ ਵਿੱਚ 10 ਅਰਬ ਡਾਲਰ ਦਾ ਨਿਵੇਸ਼ ਹੋਵੇਗਾ, ਜਿਸ ਨਾਲ ਅੱਠ ਹਜ਼ਾਰ ਨੌਕਰੀਆਂ ਪੈਦਾ ਹੋਣਗੀਆਂ। ਰੀਕੋ ਦਿਕ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਸੋਨੇ ਤੇ ਤਾਂਬੇ ਦੀ ਖੱਡ ਦੀ ਸਮਰੱਥਾ ਹੈ। ਇਹ ਸਾਡੀ ਕਰਜ਼ੇ ਉੱਤੇ ਨਿਰਭਰਤਾ ਖਤਮ ਕਰ ਕੇ ਵਿਕਾਸ ਦੇ ਨਵਾਂ ਯੁੱਗ ਸ਼ੁਰੂ ਕਰੇਗੀ।'' ਮੁੜ ਗਠਿਤ ਪ੍ਰੋਜੈਕਟ ਵਿੱਚ ਬੈਰਿਕ ਤੇ ਪਾਕਿ ਸਰਕਾਰ ਦੀ 50-50 ਫੀਸਦੀ ਹਿੱਸੇਦਾਰੀ ਹੋਵੇਗੀ। ਪਾਕਿਸਤਾਨ ਸਰਕਾਰ ਦੇ ਹਿੱਸੇ ਦਾ 10 ਫੀਸਦੀ ਮੁਕਤ ਹੋਵ-ੇਗਾ, ਪਰ 15 ਫੀਸਦੀ ਦੀ ਹੱਕਦਾਰ ਬਲੋਚਿਸਤਾਨ ਦੀ ਕੰਪਨੀ ਹੋਵੇਗੀ। 25 ਫੀਸਦੀ ਹਿੱਸਾ ਫੈਡਰਲ ਸਰਕਾਰ ਤੇ ਹੋਰ ਕੰਪਨੀਆਂ ਦਾ ਹੋਵੇਗਾ। ਬੈਰਿਕ ਪ੍ਰੋਜੈਕਟ ਦਾ ਸੰਚਾਲਨ ਕਰੇਗੀ, ਜਿਸ ਕੋਲ ਮਾਈਨਿੰਗ ਲੀਜ਼, ਖੋਜ ਲਾਇਸੰਸ, ਸਤ੍ਹਾ ਦਾ ਅਧਿਕਾਰ ਤੇ ਕੁਝ ਹੋਰ ਅਧਿਕਾਰ ਹੋਣਗੇ।

ਬੈਰਿਕ ਦੇ ਪ੍ਰੈਜ਼ੀਡੈਂਟ ਅਤੇ ਸੀ ਈ ਓ ਨੇ ਕਿਹਾ, ''ਇਹ ਬਲੋਚਿ-ਸਤਾਨ ਵਿੱਚ ਵਿਦੇਸ਼ੀ ਨਿਵੇਸ਼ ਦਾ ਅਹਿਮ ਮੌਕਾ ਹੈ ਤੇ ਇਸ ਨਾਲ ਨਾ ਸਿਰਫ ਬਲੋਚਿਸਤਾਨ, ਸਗੋਂ ਪੂਰੇ ਦੇਸ਼ ਨੂੰ ਦਹਾਕਿਆਂ ਤਕ ਸਿੱਧੇ ਤੇ ਅਸਿੱਧੇ ਰੂਪ 'ਚ ਲਾਭ ਹੋਵੇਗਾ।''

## ਲੰਡਨ ਵਿੱਚ ਭਾਰਤੀ ਮੂਲ ਦੀ ਕੁੜੀ ਦਾ ਕਤਲ



ਲੰਡਨ, 24 ਮਾਰਚ (ਪੋਸਟ ਬਿਊਰੋ)- ਲੰਡਨ ਵਿੱਚ ਭਾਰਤੀ ਮੂਲ ਦੀ ਕੁੜੀ ਦੇ ਕਤਲ ਦੇ ਸ਼ੱਕ ਵਿੱਚ ਸਕਾਟਲੈਂਡ ਯਾਰਡ ਨੇ ਟਿਊਨੀਸ਼ੀਆਂ ਦੇ ਇੱਕ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਬ੍ਰਿਟਿਸ਼ ਨਾਗਰਿਕ ਸਬਿਤਾ ਥਾਨਵਾਨੀ (19) ਕੱਲ੍ਹ ਲੰਡਨ ਦੇ ਕਲਰਕਨਵੈਲ ਖੇਤਰ ਵਿੱਚ ਆਰਥਰ ਹਾਊਸ ਵਿੱਚ ਵਿਦਿਆਰਥੀਆਂ ਲਈ ਬਣੇ ਇੱਕ ਫ਼ਲੈਟ ਵਿੱਚ ਮ੍ਰਿਤਕ ਮਿਲੀ ਅਤੇ ਉਸ ਦੀ ਗਰਦਨ ਉੱਤੇ ਗੰਭੀਰ ਸੱਟਾਂ ਦੇ ਨਿਸ਼ਾਨ ਸਨ। ਮੈਟਰੋਪੋਲੀਟਨ ਪੁਲਸ ਨੇ 22 ਸਾਲਾ ਮਹੀਰ ਮਾਰੂਫ ਨੂੰ ਗ੍ਰਿਫ਼ਤਾਰ ਕਰਨ ਲਈ ਤੁਰੰਤ ਇੱਕ ਅਪੀਲ ਜਾਰੀ ਕੀਤੀ ਸੀ। ਮਾਰੂਫ ਅਤੇ ਥਾਨਵਾਨੀ ਦਾ ਪ੍ਰੇਮ ਪ੍ਰਸੰਗ ਚੱਲ ਰਿਹਾ ਸੀ। ਅਧਿਕਾਰੀਆਂ ਨੇ ਕੱਲ੍ਹ ਮਾਰੂਫ ਨੂੰ ਕਲਰਕਨਵੈਲ ਦੇ ਉਸੇ ਖੇਤਰ ਤੋਂ ਗ੍ਰਿਫ਼ਤਾਰ ਕੀਤਾ, ਜਿੱਥੇ ਇੱਕ ਦਿਨ ਪਹਿਲਾਂ ਸਬੀਤਾ ਦੀ ਲਾਸ਼ ਮਿਲੀ ਸੀ। ਮਾਰੂਫ ਵਿਦਿਆਰਥੀ ਨਹੀਂ, ਉਹ ਟਿਊਨੀਸ਼ੀਅਨ ਨਾਗਰਿਕ ਹੈ, ਜਿਸ ਦਾ ਪਤਾ ਸਾਡੇ ਕੋਲ ਨਹੀਂ।' ਸਬਿਤਾ ਲੰਡਨ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਸੀ ਅਤੇ ਇੱਕ ਦਿਨ ਪਹਿਲਾਂ ਉਸ ਨੂੰ ਮਾਰੂਫ ਨਾਲ ਦੇਖਿਆ ਗਿਆ ਸੀ। ਫਿਲਹਾਲ ਕਤਲ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਭਾਰਤ ਕਵਾਡ ਵਿੱਚ ਅਮਰੀਕਾ ਦਾ ਇੱਕ ਅਹਿਮ ਭਾਈਵਾਲ

ਵਾਸ਼ਿੰਗਟਨ, 24 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਦੇ ਇੱਕ ਚੋਟੀ ਦੇ ਅਧਿਕਾਰੀ ਨੇ ਕਿਹਾ ਹੈ ਕਿ ਭਾਰਤ, ਆਜ਼ਾਦ ਅਤੇ ਮੁਕਤ ਹਿੰਦ-ਪ੍ਰਸ਼ਾਂਤ ਖੇਤਰ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਕਵਾਡ ਵਿੱਚ ਅਮਰੀਕਾ ਦਾ ਇੱਕ ਅਹਿਮ ਭਾਈਵਾਲ ਹੈ। ਵਰਨਣ ਯੋਗ ਹੈ ਕਿ ਭਾਰਤ, ਅਮਰੀਕਾ ਅਤੇ ਕਈ ਵਿਸ਼ਵ ਸ਼ਕਤੀਆਂ ਇਸ ਖੇਤਰ ਵਿੱਚ ਚੀਨ ਦੀਆਂ ਵਧਦੀਆਂ ਫੌਜੀ ਸਰਗਰਮੀਆਂ ਦੇ ਪਿਛੋਕੜ ਵਿੱਚ ਇੱਕ ਆਜ਼ਾਦ, ਮੁਕਤ ਅਤੇ ਖ਼ੁਸ਼ਹਾਲ ਹਿੰਦ-ਪ੍ਰਸ਼ਾਂਤ ਖੇਤਰ ਯਕੀਨੀ ਬਣਾਉਣ ਦੀ ਲੋੜ ਉੱਤੇ ਜ਼ੋਰ ਦੇ ਰਹੀਆਂ ਹਨ। ਚੀਨ ਲੱਗਭਗ ਪੂਰੇ ਵਿਵਾਦਪੂਰਨ ਦੱਖਣੀ ਚੀਨੀ ਸਾਗਰ ਉੱਤੇ ਆਪਣਾ ਦਾਅਵਾ ਕਰਦਾ ਹੈ, ਪਰ ਤਾਈਵਾਨ, ਫਿਲੀਪੀਨ, ਬਰੂਨੇਈ, ਮਲੇਸ਼ੀਆ ਤੇ ਵੀਅਤਨਾਮ ਵੀ ਇਸਦੇ ਕੁਝ ਹਿੱਸਿਆਂ ਉੱਤੇ ਦਾਅਵਾ ਕਰਦੇ ਹਨ।

## ਦੋ ਭਾਰਤੀ ਨੰਨਜ਼ ਵੱਲੋਂ ਯੂਕਰੇਨ ਵਿੱਚ ਬੰਬਾਰੀ ਦੇ ਖ਼ਤਰੇ ਹੇਠ ਲੋਕਾਂ ਦੀ ਮਦਦ

ਆਈਜ਼ੋਲ, 24 ਮਾਰਚ (ਪੋਸਟ ਬਿਊਰੋ)- ਯੂਕਰੇਨ ਵਿੱਚ ਭਿਆਨਕ ਜੰਗ ਵਿਚਾਲੇ ਇੱਕ ਪਾਸੇ ਵੱਡੀ ਗਿਣਤੀ ਵਿੱਚ ਲੋਕ ਹੋਰ ਸੁਰੱਖਿਅਤ ਥਾਵਾਂ ਉੱਤੇ ਸ਼ਰਨ ਲੈ ਰਹੇ ਹਨ, ਉਥੇ ਰਾਜਧਾਨੀ ਕੀਵ ਵਿੱਚ ਰੁਕ ਕੇ ਦੋ ਭਾਰਤੀ ਨੰਨਜ਼ ਓਥੇ ਲੋਕਾਂ ਦੀ ਮਦਦ ਕਰ ਰਹੀਆਂ ਹਨ। ਮਿਸ਼ਨਰੀਜ਼ ਆਫ਼ ਚੈਰਿਟੀ ਨਾਲ ਸਬੰਧਤ ਅਤੇ ਮਿਜ਼ੋਰਮ ਦੀਆਂ ਵਾਸੀ ਦੋ ਨੰਨਜ਼ ਨੇ ਯੂਰਕੇਨ ਛੱਡਣ ਤੋਂ ਇਨਕਾਰ ਕਰ ਕੇਲੋਕਾਂ ਦੀ ਮਦਦ ਲਈ ਯੁੱਧ ਪ੍ਰਭਾਵਤ ਦੇਸ਼ ਦੀ ਰਾਜਧਾਨੀ ਕੀਵ ਵਿੱਚ ਹੀ ਰਹਿਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਨੂੰ ਭੋਜਨ ਸਮੇਤ ਹੋਰ ਜ਼ਰੂਰੀ ਵਸਤਾਂ ਦੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਆਈਜ਼ੋਲ ਤੋਂ ਲੱਗਭਗ 15 ਕਿਲੋਮੀਟਰ ਉੱਤਰ ਵਿਚਲੇ ਸਿਹਾਫ਼ਿਰ ਪਿੰਡ ਦੀ ਸਿਸਟਰ ਰੋਜ਼ੇਲਾ ਨੁਥੰਗੀ (65) ਤੇ ਆਈਜ਼ੋਲ ਦੇ ਇਲੈਕਟ੍ਰਿਕ ਵੇਂਗ ਖੇਤਰ ਦੀ ਸਿਸਟਰ ਐਨ ਫ਼ਰੀਡਾ (48) ਸਮੇਤ ਹੋਰ ਦੇਸ਼ਾਂ ਦੀਆਂ ਤਿੰਨ ਨੰਨਜ਼ ਇੱਕ ਗੋਦਾਮ ਵਿੱਚ ਰਹਿੰਦੇ 37 ਬੇਘਰੇ ਯੂਕਰੇਨੀ ਨਾਗਰਿਕਾਂ ਅਤੇ ਕੇਰਲ ਦੀ ਇੱਕ ਵਿਦਿਆਰਥਣ ਦੀ ਦੇਖਭਾਲ ਕਰ ਰਹੀਆਂ ਹਨ। ਰਜ਼ੇਲਾ ਦੇ ਰਿਸ਼ਤੇਦਾਰ ਨੇ ਦੱਸਿਆ ਕਿ ਰੋਜ਼ੇਲਾ ਤੇ ਫ਼ਰੀਡਾ ਸੁਰੱਖਿਅਤ ਹਨ ਪਰ ਉਹ ਭੋਜਨ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ। ਉਸ ਨੇ ਦੱਸਿਆ ਕਿ ਕੱਲ੍ਹ ਉਸ ਨਾਲ ਫੋਨ ਉੱਤੇ ਗੱਲ ਹੋਈ ਸੀ। ਰੋਜ਼ੇਲਾ ਨੇ ਕਿਹਾ ਕਿ ''ਅਸੀਂ ਠੀਕ ਹਾਂ। ਸਾਡੇ ਕੋਲ ਪਹਿਲਾਂ ਪੈਕ ਕੀਤੇ ਭੋਜਨ ਹਨ। ਅਸੀਂ ਬਾਹਰ ਨਹੀਂ ਜਾ ਸਕਦੇ ਤੇ ਇੱਕ ਗੋਦਾਮ ਵਿੱਚ ਲੁਕੇ ਹੋਏ ਹਾਂ''।

## ਪਾਕਿ ਚੋਣ ਕਮਿਸ਼ਨ ਵੱਲੋਂ ਇਮਰਾਨ ਨੂੰ 50,000 ਰੁਪਏ ਜੁਰਮਾਨਾ



ਇਸਲਾਮਾਬਾਦ, 24 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੀ ਸਿਖਰਲੀ ਚੋਣ ਸੰਸਥਾ ਨੇ ਖੈਬਰ ਪਖ਼ਤੂਨਖਵਾ ਵਿੱਚ ਲੋਕਲ ਬਾਡੀਜ਼ ਚੋਣਾਂ ਤੋਂ ਪਹਿਲਾਂ ਸਵਾਤ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰ ਕੇ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਲਈ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਉੱਤੇ 50,000 ਰੁਪਏ ਦਾ ਜੁਰਮਾਨਾ ਲਾਇਆ ਹੈ।

ਇੱਕ ਰਿਪੋਰਟ ਮੁਤਾਬਕ ਪਾਕਿਸਤਾਨ ਦੇ ਚੋਣ ਕਮਿਸ਼ਨ (ਈ ਸੀ ਪੀ) ਨੇ 15 ਮਾਰਚ ਨੂੰ ਇਮਰਾਨ ਖਾਨ ਨੂੰ ਇੱਕ ਜਨਤਕ ਰੈਲੀ ਨੂੰ ਸੰਬੋਧਨ ਕਰਨ ਲਈ ਸਵਾਤ ਆਉਣ ਤੋਂ ਰੋਕਿਆ ਸੀ ਪਰ ਪ੍ਰਧਾਨ ਮੰਤਰੀ ਨੇ ਇਨ੍ਹਾਂ ਹੁਕਮਾਂ ਨੂੰ ਨਜ਼ਰਅੰਦਾਜ਼ ਕੀਤਾ ਅਤੇ ਇੱਕ ਦਿਨ ਬਾਅਦ ਰੈਲੀ ਨੂੰ ਸੰਬੋਧਨ ਕੀਤਾ।ਨਵੇਂ ਚੋਣ ਜ਼ਾਬਤੇ ਅਨੁਸਾਰ ਕੋਈ ਵੀ ਜਨਤਕ ਆਗੂ ਉਨ੍ਹਾਂ ਜ਼ਿਲ੍ਹਿਆਂ ਦਾ ਦੌਰਾ ਨਹੀਂ ਕਰ ਸਕਦਾ, ਜਿੱਥੇ ਚੋਣਾਂ ਹੋ ਰਹੀਆਂ ਹਨ। ਖੈਬਰ ਪਖ਼ਤੂਨਖਵਾ ਲੋਕਲ ਬਾਡੀਜ਼ ਚੋਣਾਂ ਦਾ ਦੂਜਾ ਗੇੜ 31 ਮਾਰਚ ਨੂੰ ਹੋਣ ਵਾਲਾ ਹੈ। ਚੋਣ ਕਮਿਸ਼ਨ ਨੇ ਦੋ ਵਾਰ ਇਮਰਾਨ ਖ਼ਾਨ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਲਈ ਨੋਟਿਸ ਜਾਰੀ ਕੀਤਾ ਸੀ। ਆਖ਼ਰੀ ਨੋਟਿਸ 21 ਮਾਰਚ ਖੈਬਰ-ਪਖਤੂਨਖਵਾ ਦੇ ਮਲਕੰਦ ਇਲਾਕੇ ਵਿੱਚ ਇੱਕ ਸਿਆਸੀ ਰੈਲੀ ਨੂੰ ਸੰਬੋਧਨ ਕਰਨ ਲਈ ਭੇਜਿਆ ਗਿਆ ਸੀ।ਪ੍ਰਧਾਨ ਮੰਤਰੀ ਅਤੇ ਯੋਜਨਾ ਅਤੇ ਵਿਕਾਸ ਮੰਤਰੀ ਅਸਦ ਉਮਰ ਨੇ ਨੋਟਿਸਾਂ ਵਿਰੁੱਧ ਇਸਲਾਮਾਬਾਦ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਪਟੀਸ਼ਨ ਅਨੁਸਾਰ, ਚੋਣ ਮੁ-ਹਿੰਮ ਲਈ ਨਵੇਂ ਕਾਨੂੰਨ ਦੇ ਬਾਵਜੂਦ ਇਹ ਨੋਟਿਸ ਜਾਰੀ ਕੀਤੇ ਗਏ ਹਨ। ਅਦਾਲਤ ਨੇ ਚੋਣ ਕਮਿਸ਼ਨ ਨੂੰ ਪ੍ਰਧਾਨ ਮੰਤਰੀ ਵਿਰੁੱਧ ਕਾਰਵਾਈ ਕਰਨ ਤੋਂ ਰੋਕਣ ਤੋਂ ਇਨਕਾਰ ਕਰ ਦਿੱਤਾ ਸੀ।

## ਐਸ਼ ਬਾਰਟੀ ਵੱਲੋਂ 25 ਸਾਲ ਦੀ ਉਮਰ ਵਿੱਚ ਹੀ ਟੈਨਿਸ ਤੋਂ ਸੰਨਿਆਸ



ਬ੍ਰਿਸਬੇਨ, 24 ਮਾਰਚ (ਪੋਸਟ ਬਿਊਰੋ)- ਆਸਟਰੇਲੀਆ ਦੀ ਐਸ਼ ਬਾਰਟੀ ਨੇ ਤੀਜਾ ਗਰੈਂਡ ਸਲੈਮ ਜਿੱਤਣ ਦੇ ਮਸਾਂ ਦੋ ਮਹੀਨਿਆਂ ਦੇ ਅੰਦਰ ਕੱਲ੍ਹ ਟੈਨਿਸ ਤੋਂ ਸੰਨਿਆਸ ਲੈ ਲਿਆ।

ਬਾਰਟੀ ਦੀ ਉਮਰ ਸਿਰਫ 25 ਸਾਲ ਹੈ ਅਤੇ ਉਸ ਨੇ ਆਲਮੀ ਦਰਜਾਬੰਦੀ ਵਿੱਚ ਪਹਿਲੇ ਸਥਾਨ ਉੱਤੇ ਰਹਿੰਦੇ ਹੋਏ ਇਹ ਫੈਸਲਾ ਕਰ ਕੇ ਸਾਰਿਆਂ ਨੂੰ ਹੈਰਾਨੀ ਵਿੱਚ ਪਾ ਦਿੱਤਾ। ਨੰਬਰ ਇੱਕ ਰੈਂਕਿੰਗ ਉੱਤੇ ਰਹਿੰਦਿਆਂ ਸੰਨਿਆਸ ਲੈਣ ਵਾਲੀ ਉਹ ਦੂਜੀ ਖਿਡਾਰਨ ਬਣ ਗਈ ਹੈ। ਇਸ ਤੋਂ ਪਹਿਲਾਂ ਜਸਟਿਨ ਹੈਨਿਨ ਨੇ ਮਈ 2008 ਵਿੱਚ ਨੰਬਰ ਇੱਕ ਉੱਤੇ ਰਹਿੰਦਿਆਂ ਟੈਨਿਸ ਨੂੰ ਅਲਵਿਦਾ ਕਿਹਾ ਸੀ। ਐਸ਼ ਬਾਰਟੀ ਨੇ ਆਪਣੇ ਇੰਸਟਾਗ੍ਰਾਮ ਉੱਤੇ ਛੇ ਮਿੰਟ ਲੰਮਾ ਵੀਡੀਓ ਪਾ ਕੇ ਸੰਨਿਆਸ ਦਾ ਐਲਾਨ ਕੀਤਾ। ਉਸ ਨੇ ਕਿਹਾ, ''ਮੈਂ ਬਹੁਤ ਖੁਸ਼ ਹਾਂ ਤੇ ਮੈਂ ਇਸ ਲਈ ਪੂਰੀ ਤਰ੍ਹਾਂ ਤਿਆਰ ਹਾਂ। ਮੈਂ ਇਸ ਸਮੇਂ ਸਿਰਫ ਆਪਣੇ ਦਿੱਲ ਦੀ ਸੁਣ ਰਹੀ ਹਾਂ ਤੇ ਮੈਂ ਜਾਣਦੀ ਹਾਂ ਕਿ ਇਹ ਸਹੀ ਫੈਸਲਾ ਹੈ।'' ਬਾਰਟੀ ਨੇ ਕਿਹਾ ਕਿ ਹੋਰ ਸੁਫਨਿਆਂ ਨੂੰ ਪੂਰਾ ਕਰਨ ਦਾ ਸਮਾਂ ਆ ਗਿਆ ਹੈ। ਉਸ ਦੀ ਪਿਛਲੇ ਸਾਲ ਨਵੰਬਰ ਵਿੱਚ ਗੋਲਫਰ ਗੈਰੀ ਕਿਸਿਕ ਨਾਲ ਮੰਗਣੀ ਹੋਈ ਸੀ। ਐਸ਼ ਬਾਰਟੀ ਨੇ ਆਪਣੀ ਸਾਬਕਾ ਜੋੜੀਦਾਰ ਕੇਸੀ ਡੇਲਾਕਵਾ ਨਾਲ ਗੈਰ ਰਸਮੀ ਗੱਲਬਾਤ ਵਿੱਚ ਕਿਹਾ ਸੀ, ''ਇਹ ਪਹਿਲੀ ਵਾਰ ਹੈ ਕਿ ਮੈਂ ਅਸਲ ਵਿੱਚ ਜਨਤਕ ਤੌਰ ਉੱਤੇ ਇਹ ਗੱਲ ਆਖੀ ਹੈ। ਮੇਰੇ ਅੰਦਰ ਉਹ ਸਰੀਰਕ ਤਾਕਤ, ਉਹ ਇੱਛਾਸ਼ਕਤੀਅਤੇ ਉਹ ਸਭ ਗੱਲਾਂ ਨਹੀਂ, ਜੋ ਸਿਖਰਲੇ ਪੱਧਰ ਉੱਤੇ ਖੁਦ ਨੂੰ ਚੁਣੌਤੀ ਦੇਣ ਲਈ ਲੋੜੀਂਦੀਆਂ ਹੁੰਦੀਆਂ ਹਨ।'' ਇਹ ਪਹਿਲਾ ਮੌਕਾ ਨਹੀਂ, ਜਦੋਂ ਬਾਰਟੀ ਨੇ ਟੈਨਿਸ ਨੂੰ ਅਲਵਿਦਾ ਆਖਿਆ ਹੈ। ਉਹ 2011 ਵਿੱਚ 15 ਸਾਲ ਦੀ ਉਮਰ ਵਿੱਚ ਵਿੰਬਲਡਨ ਜੂਨੀਅਰ ਚੈਂਪੀਅਨ ਬਣੀ ਸੀ, ਪਰ 2014 ਵਿੱਚ ਥਕਾਨ, ਦਬਾਅ ਅਤੇ ਲੰਬੀ ਦੂਰੀ ਦੇ ਸਫਰਾਂ ਕਾਰਨ ਉਹ ਦੋ ਸਾਲ ਤਕ ਟੈਨਿਸ ਤੋਂ ਦੂਰ ਰਹੀ ਸੌ। ਉਹ ਇਸ ਦੌਰਾਨ ਆਸਟਰੇਲੀਆ ਵਿੱਚ ਕ੍ਰਿਕਟ ਖੇਡਣ ਲੱਗ ਪਈ ਸੀ, ਪਰ ਬਾਅਦ ਵਿੱਚ ਫਿਰ ਉਸ ਨੇ ਰੈਕੇਟ

## ਮਾਂ ਤੋਂ ਬੱਚੇ ਨੂੰ ਕੋਰੋਨਾ ਇਨਫੈਕਸ਼ਨ ਦਾ ਖਤਰਾ ਬਹੁਤ ਘੱਟ

ਲੰਡਨ, 24 ਮਾਰਚ (ਪੋਸਟ ਬਿਊਰੋ)- ਸਾਰਸਕੋਵ-2 ਵਾਇਰਸ ਕਾਰਨ ਹੋਣ ਵਾਲੀ ਕੋਵਿਡ-19 ਬਿਮਾਰੀ ਬਾਰੇ ਕੀਤੇ ਗਏ ਸਰਵੇ ਵਿੱਚ ਪਤਾ ਲੱਗਾ ਹੈ ਕਿ ਜਣੇਪੇ ਤੋਂ ਪਹਿਲਾਂ ਜਾਂ ਬਾਅਦ ਬੱਚੇ ਨੂੰ ਉਸ ਦੀ ਮਾਂ ਤੋਂ ਇਨਫੈਕਸ਼ਨ ਦਾ ਖਤਰਾ ਬੇਹੱਦ ਘੱਟ ਹੈ। ਬੀ ਐਮ ਜੇ ਵਿੱਚ ਛਪੀ ਰਿਪੋਰਟ ਵਿੱਚਇਹ ਗੱਲ ਸਾਹਮਣੇ ਆਈ ਹੈ।

ਇਸ ਖੋਜ 'ਚ ਪਤਾ ਲੱਗਾ ਹੈ ਕਿ ਇਨਫੈਕਟਿਡ ਮਾਤਾ ਤੋਂ ਜਨਮੇ ਬੱਚੇ ਜੋ ਕੋਵਿਡ ਦੀ ਲਪੇਟ ਵਿੱਚ ਆਏ, ਉਨ੍ਹਾਂ ਦੀ ਗਿਣਤੀ ਦੋ ਫੀਸਦੀ ਹੈ। ਮਾਤਾ ਦੇ ਕੋਵਿਡ-19 ਦੇ ਗੰਭੀਰ ਇਨਫੈਕਸ਼ਨ ਦੀ ਲਪੇਟ ਵਿੱਚ ਆਉਣ ਜਾਂ ਜਣੇਪੇ ਦੇ ਬਾਅਦ ਇਨਫੈਕਸ਼ਨ ਹੋਣ ਕਾਰਨ ਬੱਚੇ ਨੂੰ ਕੋਰੋਨਾ ਵਾਇਰਸ ਦਾ ਖਤਰਾ ਵੱਧ ਹੈ। ਬ੍ਰਿਟੇਨ ਦੇ ਬਰਮਿੰਘਮ ਯੂਨੀਵਰਸਿਟੀ ਦੇ ਖੋਜਕਾਰਾਂ ਦੀ ਅਗਵਾਈ ਵਿੱਚ ਇੱਕ ਟੀਮ ਨੇ ਕਿਹਾ ਹੈ ਕਿ ਨਾਰਮਲ ਇਲਾਜ ਪ੍ਰਣਾਲੀ ਦੇ ਤਹਿਤ ਜਨਮ ਲੈਣ ਵਾਲੇ ਬੱਚਿਆਂ ਅਤੇ ਫੀਡ ਲੈਣ ਵਾਲੇ ਬੱਚਿਆਂ ਨੂੰ ਆਪਣੀ ਮਾਂ ਤੋਂ ਇਨਫੈਕਸ਼ਨ ਦਾ ਖਤਰਾ ਵੀ ਘੱਟ ਹੈ।ਖੋਜਕਾਰਾਂ ਨੇ ਪੂਰੀ ਦੁਨੀਆ ਤੋਂ ਅੰਕੜੇ ਇਕੱਠੇ ਕੀਤੇ ਅਤੇ ਅਜਿਹੇ 14 ਹਜ਼ਾਰ ਤੋਂ ਵੱਧ ਬੱਚਿਆਂ ਦੀ ਨਿਗਰਾਨੀ ਕੀਤੀ ਹੈ, ਜਿਨ੍ਹਾਂ ਨੂੰ ਕੋਰੋਨਾ ਵਾਇਰਸ ਦੌਰਾਨ ਇਨਫੈਕਟਿਡ ਮਾਂ ਨੇ ਜਨਮ ਦਿੱਤਾ। ਸਰਵੇ ਵਿੱਚ ਸ਼ਾਮਲ ਕੀਤੇ 14271 ਬੱਚਿਆਂ ਵਿੱਚੋਂ ਕੇਵਲ 1.8 ਫੀਸਦੀ ਬੱਚੇ ਸਾਰਸ-ਕੋਵ-2 ਤੋਂ ਇਨਫੈਕਟਿਡ ਸਨ। ਖੋਜਕਾਰਾਂ ਨੇ ਕਿਹਾ ਕਿ ਪ੍ਰੈਗਨੈਂਸੀ ਦੌਰਾਨ ਟੀਕਾਕਰਣ ਨੂੰ ਹੋਰ ਵੱਧ ਉਤਸ਼ਾਹਤ ਕਰਨਾ ਚਾਹੀਦਾ ਹੈ ਤਾਂ ਕਿ ਗਰਭਵਤੀ ਔਰਤਾਂ ਵਿੱਚ ਇਨਫੈਕਸ਼ਨ ਤੇ ਗੰਭੀਰ ਬਿਮਾਰੀ ਰੋਕੀ ਜਾ ਸਕੇ।

## ਜ਼ੇਲੈਂਸਕੀ ਵੱਲੋਂ ਰੂਸ ਨਾਲ ਰਿਸ਼ਤੇ ਰੱਖਦੀਆਂ 11 ਪਾਰਟੀਆਂ ਸਸਪੈਂਡ



ਕੀਵ, 24 ਮਾਰਚ (ਪੋਸਟ ਬਿਊਰੋ)- ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਰੂਸ ਨਾਲ ਰਿਸ਼ਤੇ ਰੱਖਣ ਵਾਲੀਆਂ 11 ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਨੂੰ ਕੱਲ੍ਹ ਸਸਪੈਂਡ ਕਰਨ ਦਾ ਹੁਕਮ ਦਿੱਤਾ ਹੈ।

ਇਸ ਮੌਕੇ ਜ਼ੇਲੈਂਸਕੀ ਨੇ ਕਿਹਾ ਕਿ ਯੂਕਰੇਨ ਦੇ ਤੱਟੀ ਸ਼ਹਿਰ ਮਾਰੀਪੋਲ ਦੀ ਰੂਸੀ ਫੌਜ ਵੱਲੋਂ ਕੀਤੀ ਘੇਰਾਬੰਦੀ ਨੂੰ ਇਤਿਹਾਸ ਵਿੱਚ ਜੰਗੀ ਅਪਰਾਧ ਕਿਹਾ ਜਾਵੇਗਾ।ਯੂਕਰੇਨ ਦੇ ਰਾਸ਼ਟਰਪਤੀ ਨੇ ਜਿਨ੍ਹਾਂ ਪਾਰਟੀਆਂ ਦੀਆਂ ਸਰਗਰਮੀਆਂ ਨੂੰ ਸਸਪੈਂਡ ਕਰਨ ਦਾ ਹੁਕਮ ਦਿੱਤਾ ਹੈ, ਉਨ੍ਹਾਂ ਵਿੱਚ ਸਭ ਤੋਂ ਵੱਡੀ ਆਪੋਜ਼ੀਸ਼ਨ ਪਲੇਟਫਾਰਮ ਆਫ ਲਾਈਫ ਹੈ। ਉਸ ਕੋਲ 450 ਮੈਂਬਰੀ ਯੂਕਰੇਨੀ ਪਾਰਲੀਮੈਂਟ ਵਿੱਚ 11 ਮੈਂਬਰ ਹਨ। ਪਾਰਟੀ ਆਗੂ ਵਿਕਟਰ ਮਦਵੇਦਚੁਕ ਦੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਚੰਗੇ ਸੰਬੰਧ ਹਨ। ਪੁਤਿਨ ਉਸ ਦੀ ਧੀ ਦੇ ਗੌਡਫਾਦਰ ਹਨ। ਸੂਚੀ ਵਿੱਚ ਯੇਵਨੀ ਮੁਰਾਯੇਵ ਦੀ ਅਗਵਾਈ ਵਾਲੀ ਨਾਸ਼ੀ (ਸਾਡੀ) ਪਾਰਟੀ ਵੀ ਹੈ। ਰੂਸੀ ਹਮਲੇ ਤੋਂ ਪਹਿਲਾਂ ਬ੍ਰਿਟਿਸ਼ ਅਧਿਕਾਰੀਆਂ ਨੇ ਚੌਕਸ ਕੀਤਾ ਸੀ ਕਿ ਰੂਸ ਮੁਰਾਯੇਵ ਨੂੰ ਯੂਕਰੇਨ ਦਾ ਆਗੂ ਬਣਾਉਣਾ ਚਾਹੁੰਦਾ ਹੈ।

ਇੱਕ ਵੀਡੀਓ ਸੰਬੋਧਨ ਵਿੱਚ ਜ਼ੇਲੈਂਸਕੀ ਨੇ ਕਿਹਾ, ''ਰੂਸ ਵੱਲੋਂ ਸ਼ੁਰੂ ਕੀਤੀ ਜੰਗ ਤੇ ਉਸ ਦੇ ਨਾਲ ਕੁਝ ਸਿਆਸੀ ਪਾਰਟੀਆਂ ਦੇ ਰਿਸ਼ਤਿਆਂ ਨੂੰ ਦੇਖਦੇ ਹੋਏ ਅਜਿਹੀਆਂ ਪਾਰਟੀਆਂ ਦੀਆਂ ਸਰਗਰਮੀਆਂ ਨੂੰ ਮਾਰਸ਼ਲ ਕਾਨੂੰਨ ਲਾਗੂ ਰਹਿਣ ਤਕ ਸਸਪੈਂਡ ਕੀਤਾ ਗਿਆ ਹੈ।'' ਉਨ੍ਹਾਂ ਕਿਹਾ ਕਿ ਆਗੂਆਂ ਵੱਲੋਂ ਕਲੇਸ਼ ਕਾਰਨ ਕੀਤੀਆਂ ਜਾਂਦੀਆਂ ਸਰਗਰਮੀਆਂ ਕਦੇ ਕਾਮਯਾਬ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਜੰਗ ਦੌਰਾਨ ਰੂਸ ਨੂੰ ਸਹਿਯੋਗ ਦੇਣ ਕਾਰਨ ਇਨ੍ਹਾਂ ਪਾਰਟੀਆਂ ਉੱਤੇ ਸਖਤ ਕਾਰਵਾਈ ਕੀਤੀ ਗਈ ਹੈ। ਦੇਸ਼ ਦੇ ਲੋਕਾਂ ਨੂੰ ਸੰਬੋਧਤ ਇੱਕ ਵੀਡੀਓ ਵਿੱਚ ਜ਼ੇਲੈਂਸਕੀ ਨੇ ਕਿਹਾ, ''ਸ਼ਾਂਤੀਪਸੰਦ ਸ਼ਹਿਰ ਮਾਰੀਪੋਲ ਉੱਤੇ ਹਮਲਾ ਕਰ ਕੇ ਕੀ ਮਿਲਿਆ? ਇਹ ਅੱਤਵਾਦ ਹੈ ਜਿਹੜਾ ਸੈਂਕੜੇ ਸਾਲਾਂ ਤਕ ਲੋਕਾਂ ਨੂੰ ਯਾਦ ਰਹੇਗਾ।''

# ਭ੍ਰਿਸ਼ਟਾਚਾਰ ਰੋਕਣ ਲਈ ਯਤਨ: ਮੁੱਖ ਮੰਤਰੀ ਭਗਵੰਤ ਮਾਨ ਨੇ ਐਂਟੀ-ਕੁਰੱਪਸ਼ਨ ਹੈਲਪਲਾਈਨ ਨੰਬਰ ਜਾਰੀ ਕੀਤਾ

* ਗੁਰਦਾਸਪੁਰ ਅਤੇ ਬਠਿੰਡੇ ਤੋਂ ਆਈਆਂ ਪਹਿਲੀਆਂ ਸ਼ਿਕਾਇਤਾਂ



9501-200-200



ਖਟਕੜ ਕਲਾਂ, 24 ਮਾਰਚ, (ਪੋਸਟ ਬਿਊਰੋ)- ਸ਼ਹੀਦ-ਏ-ਆਜ਼ਮ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਵਾਅਦੇ ਮੁਤਾਬਕ ਭ੍ਰਿਸ਼ਟਾਚਾਰ ਦੀ ਸ਼ਿਕਇਤ ਕਰਨ ਵਾਸਤੇ ਐਂਟੀ ਕੁਰੱਪਸ਼ਨ ਹੈਲਪਲਾਈਨ ਨੰਬਰ ਜਾਰੀ ਕਰ ਦਿੱਤਾ ਹੈ। ਇਸ ਦੇ ਬਾਅਦ ਰਿਸ਼ਵਤਖੋਰੀ ਅਤੇ ਹਫ਼ਤਾਵਸੂਲੀ ਦੀ ਹਰ ਸ਼ਿਕਾਇਤ ਲੋਕ 9501-200-200 ਨੰਬਰ ਉੱਤੇਭੇਜ ਸਕਦੇ ਹਨ, ਜਿਹੜੀ ਸਿੱਧੀ ਭਗਵੰਤ ਮਾਨ ਕੋਲ ਪੁੱਜੇਗੀ। ਜਾਰੀ ਕੀਤੇ ਨੰਬਰ ਦੀ ਜ਼ਿੰਮੇਵਾਰੀ ਪੰਜਾਬ ਵਿਜੀਲੈਂਸ ਦੇ ਚੀਫ਼ ਡਾਇਰੈਕਟਰ ਨੂੰ ਸੌਂਪੀ ਗਈ ਹੈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮੈਨੂੰ ਤਿੰਨ ਕਰੋੜ ਲੋਕਾਂ ਦਾ ਸਾਥ ਚਾਹੀਦਾ ਹੈ, ਤਾਂ ਕਿ ਸਾਡੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾ ਸਕੇ।ਵਸਟਐਪ ਨੰਬਰ ਜਾਰੀ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿਤੁਹਾਡੇ ਤੋਂ ਕੋਈ ਵੀ ਰਿਸ਼ਵਤ ਮੰਗੇ ਤਾਂ ਉਸ ਨੂੰ ਮਨ੍ਹਾ ਨਾ ਕਰੋ, ਸਿਰਫ਼ ਉਸ ਦੀ ਆਡੀਓ ਜਾਂ ਵੀਡੀਓ ਬਣਾ ਕੇ ਜਾਰੀ ਕੀਤੇ ਗਏ ਵਟਸਐਪ ਨੰਬਰ ਉੱਤੇ ਭੇਜ ਦਿਓ, ਇਸ ਦੇ ਬਾਅਦ ਸਖ਼ਤ ਕਾਰਵਾਈ ਕੀਤੀ ਜਾਵੇਗੀਅਤੇ ਪੰਜਾਬ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਰਾਜ ਬਣਾਉਣ ਬਾਰੇ ਸਰਕਾਰ ਕਦਮ ਚੁੱਕੇਗੀ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਸਮਾਗਮ ਵਿੱਚ ਵਾਅਦਾ ਕੀਤਾ ਸੀ ਕਿ ਉਹ ਇਸ ਤਰ੍ਹਾਂ ਦੀ ਹੈਲਪਲਾਈਨ ਜਾਰੀ ਕਰਨਗੇ।

ਅੱਜ ਇਹ ਹੈਲਪਲਾਈਨ ਜਾਰੀ ਕਰਨ ਤੋਂ ਪਹਿਲਾਂ ਭਗਵੰਤ ਮਾਨ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਹੁਸੈਨੀਵਾਲਾ ਵਾਲੀ ਯਾਦਗਾਰ ਅਤੇ ਖਟਕੜ ਕਲਾਂ ਵਿੱਚ ਜਾ ਕੇ ਸ਼ਰਧਾਂਜਲੀ ਦਿੱਤੀ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਘਰ-ਘਰ ਤੱਕ ਸ਼ਹੀਦਾਂ ਦੀ ਸੋਚ ਪੁਚਾਉਣ ਲਈ ਸਾਡਾ ਇਹ ਛੋਟਾ ਜਿਹਾਕਦਮ ਹੈ, ਅਗਲੇ ਦਿਨਾਂ ਵਿੱਚ ਹੋਰ ਐਲਾਨ ਕਰਾਂਗੇ।

ਮੁੱਖ ਮੰਤਰੀ ਵੱਲੋਂ ਅੱਜ ਐਂਟੀ ਕੁਰੱਪਸ਼ਨ ਹੈਲਪਲਾਈਨ ਨੰਬਰਜਾਰੀ ਹੁੰਦੇ ਸਾਰ ਇਸ ਉੱਤੇ ਸ਼ਿਕਾਇਤਾਂ ਆਉਣ ਲੱਗ ਪਈਆਂ ਹਨ। ਪਹਿਲੀ ਸ਼ਿਕਾਇਤ ਗੁਰਦਾਸਪੁਰ ਜ਼ਿਲੇ ਦੇ ਸਟੇਟ ਐਵਾਰਡੀ ਪਰਮਿੰਦਰ ਸਿੰਘ ਵੱਲੋਂ ਆਈ ਹੈ।ਪਤਾ ਲੱਗਾ ਹੈ ਕਿ ਪਰਮਿੰਦਰ ਸਿੰਘ ਨੇ ਕ੍ਰਿਸ਼ਨ ਕੁਮਾਰ ਆਈਏਐੱਸ ਸਾਬਕਾ ਸੈਕਟਰੀ ਸਕੂਲ ਸਿੱਖਿਆ ਵਿਭਾਗ ਪੰਜਾਬ ਤੇ ਉਸ ਦੇ ਸਾਥੀਆਂ ਵਲੋਂ ਰਿਸ਼ਵਤ ਮੰਗਣ ਅਤੇ ਉਨ੍ਹਾਂ ਦੇ ਸਿੱਖਿਆ ਵਿਭਾਗ ਵਿਚ ਕਾਰਜਕਾਲ ਦੌਰਾਨ ਹੋਏ ਘਪਲਿਆਂ ਅਤੇ ਬੇਨਿਯਮੀਆਂ ਦੀ ਜਾਂਚ ਕਰਨ ਲਈ ਸ਼ਿਕਾਇਤ ਕੀਤੀ ਹੈ।ਦੂਸਰੇ ਪਾਸੇ ਕਿਹਾ ਗਿਆ ਹੈ ਕਿ ਹੈਲਪਲਾਈਨ ਉੱਤੇ ਪਹਿਲੀ ਸ਼ਿਕਾਇਤ ਬਠਿੰਡਾ ਜ਼ਿਲੇ ਤੋਂ ਆਈ ਹੈ।ਓਥੋਂ ਦੀ ਸ਼੍ਰੀ ਗਊਸ਼ਾਲਾ ਨੂੰ ਦਾਨ ਕੀਤੀ ਜ਼ਮੀਨ ਦੀ ਵਸੀਅਤ ਕਰਵਾਉਣ ਲਈ 3000 ਰੁਪਏ ਦੀ ਰਿਸ਼ਵਤ ਲੈਣ ਦਾ ਕੇਸ ਪਤਾ ਲੱਗਾ ਹੈ। ਇਹ ਸ਼ਿਕਾਇਤ ਸਾਧੂ ਰਾਮ ਕੁਸਲਾ, ਜਨਰਲ ਸੈਕਟਰੀ, ਸ਼੍ਰੀ ਗਊਸ਼ਾਲਾ ਨੇ ਸਬੂਤਾਂ ਨਾਲਮੁੱਖ ਮੰਤਰੀ ਨੂੰ ਜਗਤਾਰ ਸਿੰਘ ਨਾਇਬ ਤਹਿਸੀਲਦਾਰ ਤਲਵੰਡੀ ਸਾਬੋ ਦੇ ਵਿਰੁੱਧਕੀਤੀ ਹੈ, ਜਿਸ ਵਿੱਚ ਕੱਚੀ ਪਰਚੀ ਉੱਤੇ'ਸਾਹਿਬ ਲਈ' 3000 ਹਜ਼ਾਰ ਰਿਸ਼ਵਤ ਦਿੱਤੇ ਜਾਣ ਦਾ ਜ਼ਿਕਰ ਕੀਤਾ ਗਿਆ ਹੈ।

# 328 ਪਾਵਨ ਸਰੂਪਾਂ ਦੇ ਕੇਸ ਵਿੱਚ ਤਿੰਨ ਮੁਲਾਜ਼ਮਾਂ ਨੂੰ ਚੁੱਪ-ਚੁਪੀਤੇ ਰਾਹਤ ਮਿਲਣ ਦੀ ਚਰਚਾ

ਅੰਮ੍ਰਿਤਸਰ, 24 ਮਾਰਚ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਤੋਂ 328 ਪਾਵਨ ਸਰੂਪ ਘਟਣ ਦੇ ਕੇਸ ਵਿੱਚ ਸ੍ਰੀ ਅਕਾਲ ਤਖਤ ਵੱਲੋਂ ਕਰਵਾਈ ਜਾਂਚਮਗਰੋਂ 5 ਸਿੰਘ ਸਾਹਿਬਾਨ ਨੇ 24 ਅਗਸਤ 2020 ਨੂੰ ਉਹ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਭੇਜ ਕੇ ਸਬੰਧਤ ਮੁਲਾਜ਼ਮਾਂ ਦੇ ਖ਼ਿਲਾਫ਼ ਕਾਰਵਾਈ ਕਰਨ ਨੂੰ ਕਿਹਾ ਸੀ ਤੇ 27 ਅਗਸਤ 2020 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅੰਤ੍ਰਿੰਗ ਕਮੇਟੀ ਦੀ ਐਮਰਜੈਂਸੀ ਬੈਠਕ ਸੱਦ ਕੇ ਇਨ੍ਹਾਂ ਮੁਲਾਜ਼ਮਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਸ਼ੁਰੂਆਤ ਕਰ ਦਿੱਤੀ ਸੀ।

ਉਸ ਕਾਰਵਾਈ ਦੇ ਬਾਅਦ ਇਨ੍ਹਾਂ ਮੁਲਾਜ਼ਮਾਂ ਵਿਚੋਂ ਗੁਰਬਚਨ ਸਿੰਘ, ਬਾਜ ਸਿੰਘ ਅਤੇ ਦਲਬੀਰ ਸਿੰਘ ਅਦਾਲਤ ਚਲੇ ਗਏ, ਜਿਸ ਨੂੰ ਦੇਖਦਿਆਂ ਨਿਸ਼ਾਨ ਸਿੰਘ, ਜੁਝਾਰ ਸਿੰਘ ਤੇ ਗੁਰਮੁੱਖ ਸਿੰਘ ਨੇ ਵੀ ਅਦਾਲਤ ਦਾ ਸਹਾਰਾ ਲੈ ਲਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਗੁਰਬਚਨ ਸਿੰਘ, ਬਾਜ ਸਿੰਘ ਅਤੇ ਦਲਬੀਰ ਸਿੰਘ ਨੇ ਸਤੰਬਰ 2020 ਵਿੱਚ ਆਪਣੇ ਵੱਲੋਂ ਅਰਜ਼ੀ ਪੇਸ਼ ਕੀਤੀ ਅਤੇ ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਨੂੰ ਗਲਤ ਦੱਸ ਕੇ ਨੌਕਰੀ ਜਾਰੀ ਰੱਖਣ ਦੇ ਲਾਭ ਲੈਣ ਦੀ ਅਪੀਲ ਕੀਤੀ ਸੀ।ਪਤਾ ਲੱਗਾ ਹੈ ਕਿ ਬੀਤੇ ਮੰਗਲਵਾਰ ਇਨ੍ਹਾਂ ਦੇ ਕੇਸ ਉੱਤੇ ਅਦਾਲਤ ਨੇ ਫ਼ੈਸਲਾ ਕਰਦਿੱਤਾ ਹੈ। ਭਾਵੇਂ ਉਸ ਫ਼ੈਸਲੇ ਦੀ ਕਾਪੀ ਨਹੀਂ ਮਿਲ ਸਕੀ, ਫੇਰ ਵੀ ਸ਼੍ਰੋਮਣੀ ਕਮੇਟੀ ਦੇ ਗਲਿਆਰੇ ਵਿਚ ਇਸ ਕੇਸ ਬਾਰੇ ਚਰਚਾ ਹੈ ਕਿ ਗੁਰਬਚਨ ਸਿੰਘ, ਬਾਜ ਸਿੰਘ ਤੇ ਦਲਬੀਰ ਸਿੰਘ ਦੇ ਹੱਕ ਵਿਚ ਜੋ ਫ਼ੈਸਲਾ ਆਇਆ ਹੈ, ਇਸ ਨਾਲ ਇਨ੍ਹਾਂ ਨੂੰ ਰਾਹਤ ਮਿਲ ਗਈ ਹੈ ਅਤੇ ਆਸ ਬੱਝ ਗਈ ਹੈ ਕਿ ਬਾਕੀ ਸਾਰੇ ਮੁਲਾਜ਼ਮ, ਜਿਨ੍ਹਾਂ ਦਾ ਕੇਸ ਅਦਾਲਤ ਵਿੱਚ ਚੱਲਦਾ ਹੈ, ਇਸ ਫ਼ੈਸਲੇ ਨਾਲ ਉਨ੍ਹਾਂ ਦੇ ਕੇਸ ਵਿਚ ਫ਼ੈਸਲਾ ਦੇਣਾ ਹੋਰ ਵੀ ਆਸਾਨ ਹੋ ਜਾਵੇਗਾ।

# ਬੀਰਭੂਮ ਹਿੰਸਾ ਬਾਰੇ ਕੋਲਕਾਤਾ ਹਾਈ ਕੋਰਟ ਸਖ਼ਤ, ਸਰਕਾਰ ਤੋਂ ਵਿੱਚ ਰਿਪੋਰਟ ਮੰਗੀ



ਕੋਲਕਾਤਾ, 24 ਮਾਰਚ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲੇ ਵਿੱਚ ਹੋਈ ਹਿੰਸਾ ਬਾਰੇ ਕੋਲਕਾਤਾ ਹਾਈ ਕੋਰਟ ਸਖ਼ਤ ਹੋ ਗਈ ਹੈ। ਇਸ ਬਾਰੇ ਸੁਣਵਾਈ ਪਿੱਛੋਂ ਅਦਾਲਤ ਨੇ ਕਿਹਾ ਕਿ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ।ਬੀਰਭੂਮਜ਼ਿਲੇਵਿੱਚ ਹਿੰਸਾ ਦੀ ਘਟਨਾ ਵਿੱਚ ਅੱਠ ਲੋਕ ਸਾੜ ਕੇ ਮਾਰ ਦਿੱਤੇ ਗਏ ਸਨ, ਜਿਨ੍ਹਾਂਵਿੱਚ 2 ਬੱਚੇ ਵੀ ਸਨ ਤੇ ਇਸ ਹਿੰਸਾ ਦੀ ਗੂੰਜ ਦਿੱਲੀ ਵਿੱਚ ਪਾਰਲੀਮੈਂਟ ਤੱਕ ਵੀ ਚਰਚਾ ਵਿੱਚ ਆਈ ਹੈ।

ਕੋਲਕਾਤਾ ਹਾਈ ਕੋਰਟ ਨੇ ਸੁਣਵਾਈ ਮੌਕੇਪੁਲਿਸ ਨੂੰ 24 ਘੰਟੇ ਵਿੱਚ ਕੇਸ ਡਾਇਰੀ ਲਿਆਉਣ ਦੇ ਹੁਕਮ ਦੇ ਕੇ ਰਾਜ ਸਰਕਾਰ ਨੂੰ ਗਵਾਹਾਂ ਨੂੰ ਸੁਰੱਖਿਆ ਦੇ ਹੁਕਮ ਦਿੱਤੇ ਅਤੇ ਜਿਸ ਇਲਾਕੇ ਵਿੱਚ ਹਿੰਸਾ ਦੀ ਵਾਰਦਾਤ ਹੋਈ ਹੈ, ਉੱਥੇ ਕਿਸੇ ਵੀ ਚੀਜ਼ ਨਾਲ ਛੇੜਛਾੜ ਨਾ ਕਰਨ ਲਈ ਕਿਹਾ ਹੈ।ਕੋਲਕਾਤਾ ਹਾਈ ਕੋਰਟ ਨੇ ਕਿਹਾ ਕਿ ਇਸ ਇਲਾਕੇ ਵਿੱਚ ਸੀਸੀਟੀਵੀ ਕੈਮਰੇ ਲਾਏ ਜਾਣੇ ਚਾਹੀਦੇ ਹਨ। ਅਦਾਲਤ ਦੇ ਹੁਕਮ ਮੁਤਾਬਕ ਕ੍ਰਾਈਮ ਸੀਨ ਉੱਤੇ 24 ਘੰਟੇ ਕੈਮਰੇ ਨਾਲ ਨਜ਼ਰ ਰੱਖੀ ਜਾਵੇਗੀਅਤੇ ਇਸ ਦੇ ਸਬੂਤ ਇਕੱਠੇ ਕਰਨ ਲਈ ਦਿੱਲੀ ਤੋਂ ਫੋਰੈਂਸਿਕ ਟੀਮ ਬੁਲਾਈ ਗਈ ਹੈ। ਜਦੋਂ ਤੱਕ ਇਹ ਟੀਮ ਮੌਕੇ ਤੋਂ ਜ਼ਰੂਰੀ ਸਾਮਾਨ ਨਹੀਂ ਲੈ ਲੈਂਦੀ, ਓਦੋਂ ਤੱਕ ਘਟਨਾ ਸਥਾਨ ਉੱਤੇ ਤਿੱਖੀ ਨਜ਼ਰ ਰਹੇਗੀ।

ਦੂਸਰੇ ਪਾਸੇ ਵਿਰੋਧੀ ਧਿਰ ਇਸ ਪਿੱਛੋਂ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਅਸਤੀਫਾ ਮੰਗ ਰਹੀ ਹੈਅਤੇ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਜ਼ਿੰਮੇਵਾਰ ਅਫਸਰਾਂ ਨੂੰ ਓਥੋਂ ਹਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਤਲਾਂ ਨੂੰ ਜਾਇਜ਼ ਨਹੀਂ ਕਿਹਾ ਜਾ ਸਕਦਾ, ਪਰ ਅਜਿਹੀਆਂ ਘਟਨਾਵਾਂ ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼ ਤੇ ਬਿਹਾਰ ਵਰਗੇ ਰਾਜਾਂ ਵਿੱਚ ਵੀ ਹੁੰਦੀਆਂ ਹਨ।ਉਨ੍ਹਾ ਨੇ ਦੋਸ਼ੀਆਂ ਦੇਖਿਲਾਫ ਸਖਤ ਕਾਰਵਾਈ ਦੀ ਗੱਲ ਕਹੀ ਹੈ। ਇਸ ਨੂੰ ਭਿਆਨਕ ਕਹਿ ਕੇ ਪੱਛਮੀ ਬੰਗਾਲ ਦੇ ਗਵਰਨਰ ਜਗਦੀਪ ਧਨਖੜ ਨੇ ਦਾਅਵਾ ਕੀਤਾਕਿ ਰਾਜ ਹਿੰਸਾ ਅਤੇ ਅਰਾਜਕਤਾ ਦੇ ਸੱਭਿਆਚਾਰ ਦੀ ਲਪੇਟ ਵਿੱਚਹੈ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਬਾਰੇ ਪੱਛਮੀ ਬੰਗਾਲ ਸਰਕਾਰ ਤੋਂ ਰਿਪੋਰਟ ਮੰਗੀ ਹੈ।ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲੇ ਵਿੱਚ ਸੋਮਵਾਰ ਤ੍ਰਿਣਮੂਲ ਕਾਂਗਰਸ ਦੇ ਇੱਕ ਨੇਤਾ ਦੇ ਕਤਲਪਿੱਛੋਂ ਰਾਮ-ਪੁਰਹਾਟ ਦੇ ਨੇੜਲੇ ਪਿੰਡ ਵਿੱਚਝੌਂਪੜੀਆਂ ਨੂੰ ਅੱਗ ਲਾਈ ਗਈਤਾਂ ਜਿਸ ਵਿੱਚ ਬੱਚਿਆਂ ਤੇ ਔਰਤਾਂ ਸਮੇਤ 8 ਲੋਕਾਂ ਦੀ ਸੜ ਕੇ ਮੌਤ ਹੋ ਗਈ ਸੀ।

# ਘਰੇਲੂ ਝਗੜੇ ਵਿੱਚ ਪ੍ਰਾਪਰਟੀ ਡੀਲਰ ਵੱਲੋਂ ਗੋਲੀ ਮਾਰ ਕੇ ਖ਼ੁਦਕੁਸ਼ੀ

ਜਲੰਧਰ, 24 ਮਾਰਚ (ਪੋਸਟ ਬਿਊਰੋ)- ਜੈਮਲ ਨਗਰ ਵਿੱਚ ਰਹਿੰਦੇ ਪ੍ਰਾਪਰਟੀ ਡੀਲਰ ਨੇ ਘਰੇਲੂ ਝਗੜੇ ਕਾਰਨ ਖੁਦ ਨੂੰ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਸਿਰ ਵਿੱਚ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਰਾਤ ਪੁਲਸ ਨੇ ਮ੍ਰਿਤਕ ਪ੍ਰਾਪਰਟੀ ਡੀਲਰ ਦੇ ਗੁਆਂਢੀਆਂ ਨੂੰ ਨਾਮਜ਼ਦ ਕਰ ਲਿਆ ਹੈ। ਮ੍ਰਿਤਕ ਕੋਲੋਂ ਇੱਕ ਖੁਦਕੁਸ਼ੀ ਨੋਟ ਵੀ ਮਿਲਿਆ ਹੈ।

ਮ੍ਰਿਤਕ ਦੀ ਪਛਾਣ ਵਿਜੇ ਕੁਮਾਰ (55) ਪੁੱਤਰ ਸਤਪਾਲ ਵਰਮਾ ਵਜੋਂ ਹੋਈ ਹੈ, ਉਹ ਪ੍ਰਾਪਰਟੀ ਡੀਲਰ ਸੀ। ਕੁਝ ਸਾਲ ਪਹਿਲਾਂ ਉਸ ਨੇ ਲਾਇਸੰਸੀ ਰਿਵਾਲਵਰ ਲਈ ਸੀ। ਕੱਲ੍ਹ ਸ਼ਾਮ ਉਹ ਪਹਿਲੀ ਮੰਜ਼ਿਲ ਉੱਤੇ ਆਪਣੇ ਕਮਰੇ ਵਿੱਚ ਸੀ ਤਾਂ ਉਸ ਨੇ ਆਪਣਾ ਰਿਵਾਲਵਰ ਕਨਪਟੀਨੂੰ ਲਾ ਕੇ ਫਾਇਰ ਕਰ ਦਿੱਤਾ।ਗੋਲੀ ਉਸਦੇ ਸਿਰ ਵਿੱਚ ਜਾ ਵੱਜੀ। ਅਚਾਨਕ ਗੋਲੀ ਦੀ ਆਵਾਜ਼ ਸੁਣ ਕੇ ਜਦੋਂ ਪਰਵਾਰ ਵਾਲੇ ਇਕੱਠੇ ਹੋਏ ਤਾਂ ਉਨ੍ਹਾਂ ਗੁਆਂਢੀਆਂ ਦੀ ਮਦਦ ਨਾਲ ਉਸ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਉਸ ਕੋਲੋਂ ਮਿਲੇ ਖ਼ੁਦਕੁਸ਼ੀ ਨੋਟ ਵਿੱਚ ਗੁਆਂਢ ਵਿੱਚ ਰਹਿੰਦੇ ਦੋ ਜਣਿਆਂ ਨੂੰ ਉਸ ਨੇ ਆਪਣੀ ਮੌਤ ਲਈ ਜ਼ਿੰਮੇਵਾਰ ਦੱਸਿਆ ਸੀ, ਕਿਉਂਕਿ ਉਨ੍ਹਾਂ ਦੀ ਧੀ ਕਾਰਨ ਹੋਏ ਘਰੇਲੂ ਝਗੜੇ ਕਰ ਕੇ ਉਸ ਨੇ ਆਪਣੀ ਜ਼ਿੰਦਗੀ ਖਤਮ ਕੀਤੀ ਹੈ। ਪੁਲਸ ਨੇ ਮ੍ਰਿਤਕ ਦੀ ਪਤਨੀ ਪ੍ਰੀਤੀ ਵਰਮਾ ਦੇ ਬਿਆਨਾਂ ਉੱਤੇ ਦੋਵਾਂ ਗੁਆਂਢੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।


## ਓਨਟਾਰੀਓ ਖਾਲਸਾ ਦਰਬਾਰ, ਗੁਰਦੁਆਰਾ ਸਾਹਿਬ

## ਦੇ ਸਮੂਹ ਮੈਂਬਰਾਂ ਨੂੰ ਅਪੀਲ

**ਗੁਰੂ ਪਿਆਰੀ ਸਾਧ ਸੰਗਤ ਜੀ,**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

ਹੇਠ ਲਿਖੇ ਮੈਂਬਰਾਂ ਅਤੇ ਇਨ੍ਹਾਂ ਦੇ ਸਹਿਯੋਗੀਆਂ ਵਲੋਂ ਭਾਈਚਾਰੇ ਅਤੇ ਓਨਟਾਰੀਓ ਖਾਲਸਾ ਦਰਬਾਰ ਦੀ ਸੰਗਤ ਦੀ ਸੇਵਾ ਲਈ ਜੋ ਕੁਝ ਯੋਗਦਾਨ ਪਾਇਆ ਹੈ, ਉਸ ਤੋਂ ਆਪ ਸਭ ਭਲੀ ਭਾਂਤ ਜਾਣੂ ਹੋ, ਕਿ ਕਿਸ ਤਰ੍ਹਾਂ ਸਿੱਖ ਹਿੱਤਾਂ ਅਤੇ ਗੁਰਦੁਆਰਾ ਸਾਹਿਬ ਦੀ ਚੜ੍ਹਦੀ ਕਲਾ ਲਈ ਅਤੇ ਸੰਗਤਾਂ ਦੀ ਸੇਵਾ ਪ੍ਰਤੀ ਨਿਸ਼ਕਾਮ ਸੋਚ ਨਾਲ ਨਿਰੰਤਰ ਲੱਗੇ ਹੋਏ ਹਨ।

ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹੁਣ ਤੱਕ ਗੁਰਦੁਆਰਾ ਸਾਹਿਬ ਦੇ ਅਨੇਕਾਂ ਪ੍ਰਾਜੈਕਟ ਨੇਪਰੇ ਚੜ੍ਹਾਏ ਜਾ ਚੁੱਕੇ ਹਨ, ਜਿਨ੍ਹਾਂ ਵਿਚ ਈਸਟ ਹਾਲ ਦੀ ਉਸਾਰੀ, ਕੀਰਤਪੁਰ ਪਾਰਕ, ਮਰਦਾਨਾ ਅਤੇ ਜਨਾਨਾ ਵਾਸ਼ਰੂਮ, ਸੋਕਰ ਗਰਾਊਂਡ ਦੀ ਤਿਆਰੀ, ਨਵੀਂ ਛੱਤ, ਨਵੀਂ ਪਾਲਕੀ ਸਾਹਿਬ, ਨਵਾਂ ਦਫਤਰ, ਪਾਰਕਿੰਗ ਲਾਟ ਵਿੱਚ ਨਵੀਆਂ ਲਾਇਟਾਂ, ਨਵੀਂ ਵਰਕਸ਼ਾਪ, ਨਾਰਥ ਐਂਟਰੈਂਸ ਤੇ ਦੋ ਡਰਾਇਵਿੰਗ ਲੇਨਸ ਤੋਂ ਚਾਰ ਡਰਾਇਵਿੰਗ ਲੇਨਸ, ਲਾਇਵ ਟੀਵੀ ਪ੍ਰੋਗਰਾਮ, ਮੇਨ ਐਂਟਰੈਂਸ ਤੋਂ ਨਵੀਆਂ ਪੌੜੀਆਂ ਅਤੇ ਜਾਣ ਲਈ ਰਸਤਾ, ਹਾਲ ਨੰ 2, 3,4 ਰੈਨੋਵੇਟ ਤੋਂ ਇਲਾਵਾ ਹੋਰ ਅਨੇਕਾਂ ਕਾਰਜ ਸ਼ਾਮਿਲ ਹਨ।


Harpal Singh
416 616 5821


Bhupinder Singh Bath
647 296 6640


Manohar Singh
416 888 4671


Paramjit Singh Gill
647 405 7115


Sarabjit Singh
647 300 1341


Gurinderjit Singh Bhullar
416 452 2011


Navjit Singh
416 558 0146


Jaswinder Singh
416 816 9333


Amreet Singh Jassal
647 273 8900


Baljit Singh Pandori
416 417 7724



Sardara Singh
416 841 5842

ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ 27 March 2022, ਦਿਨ ਐਤਵਾਰ ਨੂੰ ਸਵੇਰੇ 9:30 ਤੋਂ 6:30 ਵਜੇ ਤੱਕ ਗੁਰੂਘਰ ਵਿਖੇ ਹੋ ਰਹੀ ਚੋਣ ਵਿੱਚ ਆਪਣੀ ਕੀਮਤੀ ਵੋਟ ਉਪਰੋਕਤ 11 ਮੈਂਬਰਾਂ ਨੂੰ ਪਾ ਕੇ ਗੁਰੂਘਰ ਦੀ ਸੇਵਾ ਦਾ ਮੌਕਾ ਦਿਓ ਤਾਂ ਜੋ ਅਸੀਂ ਗੁਰਦੁਆਰਾ ਸਾਹਿਬ ਵਿਖੇ ਸਿੱਖੀ ਦਾ ਪ੍ਰਚਾਰ, ਪੰਜਾਬੀ ਸਕੂਲ, ਬੱਚਿਆਂ ਦੀਆਂ ਖੇਡਾਂ ਨੂੰ ਹੋਰ ਪ੍ਰਫੁਲਤ ਕਰਨ, ਗੁਰੂਘਰ ਦੀ ਇਮਾਰਤ ਦਾ ਵਿਸਥਾਰ, ਗੁਰਬਾਣੀ ਦੀ ਸੰਥਿਆਂ, ਕੀਰਤਨ ਕਲਾਸਾ, ਬੱਚਿਆਂ ਵਲੋਂ ਸੰਗਤ ਵਿੱਚ ਕੀਰਤਨ ਦੀ ਪ੍ਰਫੁਲਤਾ, ਬੱਚਿਆਂ ਲਈ ਗਰਮੀਆਂ ਵਿੱਚ ਗੁਰਮਤਿ ਕੈਂਪ, ਸਾਡੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆ ਲਈ ਸੈਮੀਨਾਰ, ਇਸ ਤੋਂ ਇਲਾਵਾ ਗੁਰੂਘਰ ਨਾਲ ਜੁੜੀਆਂ ਸੰਗਤਾਂ ਚੋਂ ਮਾਹਿਰਾਂ ਦੇ ਅਧਾਰਿਤ ਸਲਾਹਕਾਰ ਕਮੇਟੀਆਂ ਬਣਾ ਕੇ ਬੱਚਿਆਂ, ਬੀਬੀਆਂ, ਬਜੁਰਗਾਂ, ਨਵੇਂ ਇੰਮੀਗ੍ਰਾਟਾਂ ਅਤੇ ਪੜਨ ਆਏ ਬੱਚਿਆ ਦੀ ਸਹਾਇਤਾ ਆਦਿ ਕਾਰਜ ਸੰਗਤਾਂ ਦੀ ਸਲਾਹ ਅਤੇ ਸਹਿਯੋਗ ਨਾਲ ਨੇਪਰੇ ਚਾੜੇ ਜਾਣਗੇ।

**ਬੇਨਤੀ ਹੈ ਕਿ ਉਪਰੋਕਤ 11 ਸੇਵਾਦਾਰਾਂ ਨੂੰ ਆਪਣੀ ਕੀਮਤੀ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ ਜੀ**

**ਨੋਟ: ਵੋਟ ਪਾਉਣ ਮੌਕੇ ਆਪਣੀ ਪਤੇ ਦੇ ਸਬੂਤ ਵਾਲੀ ਫੋਟੋ ਆਈ. ਡੀ. ਜਰੂਰ ਲੈ ਕੇ ਆਉਣਾ ਜੀ**





ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149
ਸ਼ਗਨਾਂ ਵਾਲੀ ਥੈਲੀ
ਸ਼ਾਲ
ਡੀਜ਼ਾਈਨਰ ਸੂਟ

# ਓਨਟਾਰੀਓ ਲਿਬਰਲ ਪਾਰਟੀ ਦੀ ਆਗੂ ਈਡਾ ਲੀ ਪਰੈਟੀ ਵੱਲੋਂ ਆਪਣੇ ਨਵੇਂ ਕੈਂਪੇਨ-ਆਫ਼ਿਸ ਦਾ ਉਦਘਾਟਨ

**ਮਕਸੂਦ ਚੌਧਰੀ, ਡਾ. ਮੁਹੰਮਦ ਅਯੂਬ, ਹਰਜੀਤ ਬਮਰਾ, ਮੋਹਨਪ੍ਰੀਤ ਬਮਰਾ, ਬਲਦੇਵ ਸਿੰਘ ਤੇ ਕਈ ਹੋਰਨਾਂ ਨੇ ਕੀਤੀ ਸ਼ਿਰਕਤ**



ਬਰੈਂਪਟਨ, (ਡਾ. ਝੰਡ) – ਲੰਘੇ ਹਫ਼ਤੇ 15 ਮਾਰਚ ਨੂੰ ਓਨਟਾਰੀਓ ਦੀ ਲਿਬਰਲ ਪਾਰਟੀ ਦੀ ਨੇਤਾ ਈਡਾ ਲੀ ਪਰੈਟੀ ਵੱਲੋਂ ਹੰਬਰ ਰਿਵਰ ਬਲੈਕ ਕਰੀਕ, 2699 ਜੇਨ ਸ਼ੈੱਫ਼ਰਡ ਵਿਖੇ ਆਪਣੇ ਨਵੇਂ ਕੰਪੇਨ-ਆਫ਼ਿਸ ਦਾ ਉਦਘਾਟਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਈਡਾ ਲੀ ਪਰੈਟੀ ਅਤੇ ਉਨ੍ਹਾਂ ਦੇ ਪਤੀ 1950'ਆਂ ਵਿਚ ਸਾਊਥ ਇਟਲੀ ਤੋਂ ਕੈਨੇਡਾ ਦੀ ਇਮੀਗ੍ਰੇਸ਼ਨ ਲੈ ਕੇ ਆਏ ਸਨ ਅਤੇ ਅਤੇ ਇਸ ਦੇਸ਼ ਨੇ ਹੋਰ ਇਮੀਗਰੈਂਟਾਂ ਵਾਂਗ ਉਨ੍ਹਾਂ ਦਾ ਵੀ ਬਾਹਾਂ ਫ਼ੈਲਾਅ ਕੇ ਉਨ੍ਹਾਂ ਦਾ ਸੁਆਗ਼ਤ ਕੀਤਾ ਸੀ। ਪਿਛਲੇ ਲੰਮੇ ਸਮੇਂ ਤੋਂ ਉਹ ਬਰੈਂਪਟਨ-ਵਾਸੀਆਂ ਲਈ ਸਿਹਤ ਸੇਵਾਵਾਂ, ਡੈਂਟਲ-ਕੇਅਰ, ਨੇਚਰ ਕੇਅਰ ਅਤੇ ਬੱਚਿਆਂ ਲਈ ਸਿੱਖਿਆ ਦੇ ਖ਼ੇਤਰ ਵਿਚ ਸਰਗ਼ਰਮੀ ਨਾਲ ਕੰਮ ਕਰ ਰਹੇ ਹਨ। ਉਹ ਲੋੜਵੰਦਾਂ ਦੀ ਮਦਦ ਕਰਦੇ ਹਨ ਜਿਸ ਦੀ ਹਰ ਪਾਸਿਉਂ ਸਰਾਹਨਾ ਕੀਤੀ ਜਾ ਰਹੀ ਹੈ। ਏਸੇ ਕਾਰਨ ਲੋਕਾਂ ਵਿਚ ਉਨ੍ਹਾਂ ਦੀ ਹਰਮਨ-ਪਿਆਰਤਾ ਵਿਚ ਵੀ ਚੋਖਾ ਵਾਧਾ ਹੋਇਆ ਹੈ। ਈਡਾ ਲੀ ਇਸ ਸਮੇਂ ਆਪਣੇ ਏਰੀਏ ਦੇ ਸਕੂਲ-ਟਰੱਸਟੀ ਹਨ ਅਤੇ ਅਗਲੇ ਸਾਲ ਉਹ ਓਨਟਾਰੀਓ ਪ੍ਰੋਵਿੰਸ਼ੀਅਲ ਪਾਰਲੀਮੈਂਟ ਲਈ ਹੋਣ ਵਾਲੀਆਂ ਚੋਣਾਂ ਵਿਚ ਐੱਮ.ਪੀ.ਪੀ. ਵਜੋਂ ਚੋਣ ਲੜਨ ਦੀ ਇੱਛਾ ਰੱਖਦੇ ਹਨ ਅਤੇ ਇਸ ਦੇ ਲਈ ਉਹ ਹੁਣ ਤੋਂ ਹੀ ਸਰਗ਼ਰਮੀ ਨਾਲ ਕੰਮ ਕਰ ਰਹੇ ਹਨ। ਚੋਣ-ਦਫ਼ਤਰ ਦੇ ਉਦਘਾਟਨ ਦੇ ਇਸ ਸ਼ੁਭ ਮੌਕੇ ਬਰੈਂਪਟਨ ਵਿਚ ਵੱਸਦੇ ਸਮਾਜ-ਸੇਵੀ ਤੇ ਦਾਨੀ ਜਨਾਬ ਮਕਸੂਦ ਚੌਧਰੀ, ਹੋਮੀਓਪੈਥੀ ਦੇ ਮਾਹਿਰ ਡਾ. ਮੁਹੰਮਦ ਯੂਸਫ਼, ਅਤੇ ਪੰਜਾਬੀ ਕਮਿਊਨਿਟੀ ਦੀਆਂ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਵਿੱਦਿਅਕ ਮਾਹਿਰ ਤੇ ਗਾਇਕ ਹਰਜੀਤ ਬਮਰਾ,ਬਲਦੇਵ ਸਿੰਘ, ਆਈ.ਟੀ. ਸਪੈਸ਼ਲਿਸਟ ਮੋਹਨਪ੍ਰੀਤ ਬਮਰਾ, ਬਿਜ਼ਨੈੱਸਮੈਨ ਬਲਦੇਵ ਸਿੰਘ ਤੇ ਕਈ ਹੋਰ ਸ਼ਾਮਲ ਸਨ। ਚੋਣ-ਦਫ਼ਤਰ ਦਾ ਉਦਘਾਟਨ ਲਾਲ ਰਿਬਨ ਕੱਟ ਕੇ ਕੀਤਾ ਗਿਆ ਅਤੇ ਇਸ ਦਾ ਭਰਪੂਰ ਤਾੜੀਆਂ ਨਾਲ ਸੁਆਗ਼ਤ ਕੀਤਾ ਗਿਆ। ਉਪਰੰਤ, ਆਪਣੇ ਸੰਬੋਧਨਾਂ ਵਿਚ ਸਾਰਿਆਂ ਨੇ ਈਡਾ ਨੂੰ ਆਪਣੇ ਵੱਲੋਂ ਹਾਰਦਿਕ ਮੁਬਾਰਕਾਂ ਦਿੱਤੀਆਂ ਅਤੇ ਭਵਿੱਖ ਵਿਚ ਉਨ੍ਹਾਂ ਦੀ ਸਫ਼ਲਤਾ ਲਈ ਸ਼ੁਭ-ਇੱਛਾਵਾਂ ਪੇਸ਼ ਕੀਤੀਆਂ। ਸਾਰਿਆਂ ਨੇ ਮਿਲ ਕੇ ਚਾਹ-ਪਾਣੀ ਪੀਤਾ ਅਤੇ ਇਕ-ਦੂਸਰੇ ਕੋਲੋਂ ਰੁਸਤਗੀ ਲਈ।

# CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

**ਪਲਾਟ ਵਿਕਾਊ**

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

WWW.KULWINDERCHHINA.COM
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਢਿੱਲੋਂ
647-391-3365

## Change of Name

"We, **Tarlochan Singh, Gurpreet Singh, Gurdeep Singh, Manjit Kaur, Parwinder Kaur** and **Satinder Kaur,** resident of 8 Grey Whale Road, Brampton, ON, L6R3K7 have changed our names to **Tarlochan Singh Dhillon, Gurpreet Singh Dhillon, Gurdeep Singh Dhillon, Manjit Kaur Dhillon, Parwinder Kaur Dhillon** and **Satinder Kaur Dhillon** respectively."

## ਲੜਕੀ ਦੀ ਲੋੜ

Looking for a Suitable match for Khatri Punjabi 36 yrs old 5,6.Boy have multiple Visitor V[illegible] Divorced after a Short Marriage no issue .Boy [illegible] Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :> komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ [illegible] ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ [illegible] ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। [illegible] ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇਸਟ੍ਰਕਟਰ
647-998-7500 ਬਲਵਿੰਦਰ

# 'ਕੈਂਕੂਨ' ਦਾ ਪੰਜ-ਦਿਨਾਂ ਪਰਿਵਾਰਕ ਟੂਰ



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 1-647-567-9128

ਕਰੇਬੀਅਨ ਸਾਗਰ ਦੇ ਕਿਨਾਰੇ ਵੱਸਿਆ ਟੂਰਿਜ਼ਮ ਦੇ ਪੱਖੋਂ 'ਕੈਂਕੂਨ' ਮੈਕਸੀਕੋ ਦਾ ਖ਼ੂਬਸੂਰਤ ਮਹੱਤਵਪੂਰਨ ਸ਼ਹਿਰ ਹੈ। ਅੰਗਰੇਜ਼ੀ ਵਿਚ 'ਛਅਨਚੁਨ' ਵਜੋਂ ਲਿਖਿਆ ਜਾਣ ਵਾਲਾ ਇਹ ਨਾਂ ਪੁਰਾਤਨ ਮੈਕਸੀਕਨ 'ਮਾਇਅਨ ਸੱਭਿਅਤਾ' ਦੀ ਭਾਸ਼ਾ ਦੇ ਸ਼ਬਦ 'ਖਅਅਨਕੁਨ' ਤੋਂ ਆਇਆ ਹੈ ਜਿਸ ਦਾ ਅਰਥ ਹੈ,'ਸੱਪਾਂ ਦੀ ਰਿਹਾਇਸ਼-ਗਾਹ'। ਇਸ ਦੇ ਪਹਿਲੇ ਭਾਗ 'ਖਅਅਨ' ਦਾ ਅਰਥ 'ਸੱਪ' ਹੈ ਅਤੇ ਪਿਛਲੇ 'ਖੁਨ' ਦਾ ਅਰਥ ਹੈ 'ਰਹਿਣਾ'। ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਧਰਤੀ ਸੱਪਾਂ ਅਤੇ ਇਸ ਕਿਸਮ ਦੇ ਹੋਰ ਰੀਂਗਣ ਵਾਲੇ ਜੀਵਾਂ ਸਕੌਰਪੀਅਨਾਂ ਤੇ ਇਗੁਆਨਾਂ, ਆਦਿ ਦੇ ਰਹਿਣ ਦੀ ਧਰਤੀ ਹੈ। ਕੈਂਕੂਨ ਵਿਚ ਟੂਰਿਜ਼ਮ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਇੱਥੇ ਹੋਟਲ ਇੰਡਸਟਰੀ ਨੂੰ ਵਿਕਸਿਤ ਕਰਨ ਲਈ 1970 ਵਿਚ ਮੈਕਸੀਕੋ ਸਰਕਾਰ ਵੱਲੋਂ ਕਈ ਅਮਰੀਕਨ ਅਤੇ ਯੌਰਪੀਅਨ ਕੰਪਨੀਆਂ ਨੂੰ ਕਈ ਸਰਕਾਰੀ ਸਹੂਲਤਾਂ ਅਤੇ ਘੱਟ ਵਿਆਜ 'ਤੇ ਭਾਰੀ ਕਰਜ਼ੇ ਮੁਹੱਈਆ ਕੀਤੇ ਗਏ ਤਾਂ ਜੋ ਯਾਤਰੂਆਂ ਦੀ ਦਿਲਚਸਪੀ ਦੇ ਇਸ ਕੇਂਦਰ ਨੂੰ ਜਲਦੀ ਵਿਕਸਤ ਕੀਤਾ ਜਾ ਸਕੇ। ਕਿਹਾ ਜਾਂਦਾ ਹੈ ਕਿ ਫ਼ਰਵਰੀ 1974 ਵਿਚ ਬਹੁਤ ਸਾਰੇ ਹੋਟਲ ਤਿਆਰ ਹੋ ਚੁੱਕੇ ਸਨ ਅਤੇ ਇੱਥੇ ਵੱਖ-ਵੱਖ ਦੇਸ਼ਾਂ ਤੋਂ ਯਾਤਰੂਆਂ ਦਾ ਆਉਣਾ-ਜਾਣਾ ਸ਼ੁਰੂ ਹੋ ਗਿਆ ਸੀ।

'ਮੈਕਸੀਕੋ' ਦਾ ਨਾਂ ਪੰਜਾਬ ਵਿਚ ਪਿਛਲੀ ਸਦੀ ਦੇ ਛੇਵੇਂ ਦਹਾਕੇ ਦੇ ਅਖ਼ੀਰ ਵਿਚ ਸੁਣਿਆਂ ਗਿਆ ਸੀ ਜਦੋਂ ਭਾਰਤ ਵਿਚ ਅਨਾਜ ਦੀ ਭਾਰੀ ਘਾਟ ਹੋ ਜਾਣ ਕਾਰਨ ਉਸ ਨੂੰ ਅਮਰੀਕਾ ਕੋਲੋਂ ਸਮਝੌਤੇ ਪੀ.ਐੱਲ. 480 ਅਧੀਨ ਮੈਕਸੀਕਨ ਕਣਕ ਮੰਗਵਾਉਣੀ ਪਈ ਸੀ। ਇਹ ਕਣਕ ਲਾਲ ਭਾਅ ਮਾਰਦੀ ਸੀ ਅਤੇ ਇਸ 'ਲਾਲਗੀ' ਵਿਚ ਹੀ ਇਸ ਦੇ ਆਟੇ ਦੀ ਰੋਟੀ ਤਾਜ਼ੀ-ਤਾਜ਼ੀ ਤਾਂ ਖਾਧੀ ਜਾਂਦੀ ਸੀ ਪਰ ਕੁਝ ਮਿੰਟਾਂ ਬਾਅਦ ਹੀ ਠੰਢੀ ਹੋ ਕੇ ਇਹ ਆਕੜ ਜਾਂਦੀ ਸੀ ਅਤੇ ਇਸ ਨੂੰ ਸੰਘੋਂ ਲੰਘਾਉਣਾ ਮੁਸ਼ਕਲ ਹੋ ਜਾਂਦਾ ਸੀ। ਇਹ ਕਣਕ ਪੰਜਾਬੀਆਂ ਨੇ ਆਪਣੇ ਖੇਤਾਂ ਵਿਚ ਵੀ ਬੀਜੀ। ਮੱਧਰੀ ਕਿਸਮ ਦੀ ਇਸ ਕਣਕ ਦਾ ਝਾੜ ਤਾਂ ਬਥੇਰਾ ਸੀ ਪਰ ਇਸ ਦੀ ਰੋਟੀ ਪੰਜਾਬੀਆਂ ਨੂੰ ਪਸੰਦ ਨਾ ਆਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨਿਆਂ ਨੇ ਡਾ. ਦਿਲਬਾਗ ਸਿੰਘ ਅਟਵਾਲ ਦੀ ਅਗਵਾਈ ਹੇਠ ਅਮਰੀਕਾ ਦੇ ਪ੍ਰਸਿੱਧ ਪਲਾਂਟ-ਬਰੀਡਰ ਡਾ. ਨਾਰਮਨ ਬੌਰਲੌਗ ਨਾਲ ਮਿਲ ਕੇ ਮੈਕਸੀਕਨ ਕਣਕ ਦੀਆਂ ਇਨ੍ਹਾਂ ਵਰਾਇਟੀਆਂ 'ਪੀ.ਬੀ.18' ਅਤੇ 'ਲਰਮਾ ਰੋਜੋ 64' ਦੀਆਂ ਜੀਨਾਂ (ਘਣਨਇਸ) ਦੀਆਂ ਪੰਜਾਬ ਵਿਚ ਉਸ ਸਮੇਂ ਬੀਜੀਆਂ ਜਾ ਰਹੀਆਂ ਦੇਸੀ ਕਣਕਾਂ ਦੀਆਂ ਜੀਨਾਂ ਨਾਲ ਜੱਫ਼ੀਆਂ ਪੁਆ ਕੇ ਕਈ ਹਾਈ-ਬਰਿਡ ਕਿਸਮਾਂ ਈਜਾਦ ਕੀਤੀਆਂ ਜਿਨ੍ਹਾਂ ਵਿੱਚੋਂ ਡਾ. ਅਟਵਾਲ ਦੇ ਗੁਰਦਾਸਪੁਰ ਜ਼ਿਲੇ ਦੇ ਪਿੰਡ 'ਕਲਿਆਣ' ਦੇ ਨਾਂ ਦੀ ਕਣਕ ਦੀ ਕਿਸਮ 'ਕਲਿਆਣ' ਅਤੇ 'ਸੋਨਾ ਕਲਿਆਣ' ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ।

... ਤੇ ਹੁਣ ਪੰਜ ਦਹਾਕਿਆਂ ਬਾਅਦ ਇਸ ਦੇਸ਼ ਮੈਕਸੀਕੋ ਦੇ ਸ਼ਹਿਰ 'ਕੈਂਕੂਨ' ਨੂੰ ਨੇੜਿਉਂ ਤੱਕਣ ਅਤੇ ਇੱਥੇ ਪੰਜ ਦਿਨ ਸੈਰ ਕਰਨ ਦਾ ਮੌਕਾ ਮਿਲਿਆ। ਇਸ ਨੂੰ ਮਹਿਜ਼ 'ਇਤਫ਼ਾਕ' ਜਾਂ 'ਮੌਕਾ-ਮੇਲ' ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਅਸੀਂ ਦੋਵੇਂ ਜੀਅ ਤਿੰਨ ਕੁ ਮਹੀਨੇ ਪਹਿਲਾਂ ਅਮਰੀਕਾ ਦੇ ਸ਼ਹਿਰ ਸੈਨ ਐਨਟੋਨੀਓ ਵਿਚ ਬੇਟੀ ਗਗਨ ਕੋਲ ਉਸਦੇ ਪਰਿਵਾਰ ਨੂੰ ਮਿਲਣ ਆਏ ਸੀ ਅਤੇ ਇੱਥੋਂ ਦੀਆਂ ਸਰਦੀਆਂ ਦੇ ਖ਼ੁਸ਼ਗੁਆਰ ਮੌਸਮ ਦਾ ਪੂਰਾ ਅਨੰਦ ਲੈ ਰਹੇ ਸੀ। ਕਰੀਬ ਦੋ ਸੌ ਰਿਹਾਇਸ਼ੀ-ਘਰਾਂ ਦੀ ਇਸ 'ਸਬ-ਡਿਵੀਜ਼ਨ' ਦੇ ਆਲੇ-ਦੁਆਲੇ ਬਣੀ ਉੱਚੀ-ਨੀਵੀਂ ਸੜਕ 'ਤੇ ਸਵੇਰੇ-ਸ਼ਾਮ ਨੂੰ ਸੈਰ ਕਰਦੇ ਅਤੇ ਦੁਪਹਿਰ ਵੇਲੇ ਘਰ ਦੇ ਪਿਛਵਾੜੇ ਬਣੇ ਡੈੱਕ 'ਤੇ ਡਿੱਠੇ ਹੋਏ ਸੋਫ਼ਿਆਂ 'ਤੇ ਬੈਠ ਕੇ ਧੁੱਪ ਸੇਕਦੇ। ਇਸ ਤਰ੍ਹਾਂ ਟੋਰਾਂਟੋ ਵਿਚ ਏਨ੍ਹੀਂ ਦਿਨੀਂ ਪੈ ਰਹੀ ਭਾਰੀ ਬਰਫ਼ ਦਾ ਸਾਨੂੰ ਤਾਂ ਚੇਤਾ ਹੀ ਭੁੱਲਿਆ ਹੋਇਆ ਸੀ। ਮਾਰਚ ਦੇ ਪਹਿਲੇ ਹਫ਼ਤੇ ਪੰਜ ਮਾਰਚ ਤੋਂ ਬੱਚਿਆਂ ਨੂੰ ਸਕੂਲ ਵਿਚ ਹੋਣ ਵਾਲੀ 'ਮਾਰਚ-ਬਰੇਕ' ਵਿਚ ਸਾਡੇ ਪਰਿਵਾਰ ਨੇ ਇਕ ਹੋਰ ਦੋਸਤ ਪਰਿਵਾਰ ਦੇ ਨਾਲ ਮਿਲ ਕੇ ਪੰਜ ਦਿਨਾਂ ਲਈ ਮੈਕਸੀਕੋ ਦੇ ਸ਼ਹਿਰ 'ਕੈਂਕੂਨ' ਜਾਣ ਦਾ ਪ੍ਰੋਗਰਾਮ ਬਣਾ ਲਿਆ। ਇਸ 'ਡਾਕਟਰ ਜੋੜੀ' ਪ੍ਰਭਦੀਪ ਤੇ ਚੰਦਨ ਦੇ ਬੱਚੇ ਵੀ ਬੇਟੀ ਗਗਨ ਦੇ ਬੱਚਿਆਂ ਦੇ ਚੰਗੇ ਦੋਸਤ ਹਨ। ਦੋਹਾਂ ਪਰਿਵਾਰਾਂ ਦੀਆਂ ਹਮ-ਉਮਰ ਬੇਟੀਆਂ ਤਾਂ ਇੱਕ ਹੀ ਸਕੂਲ ਵਿਚ ਜਮਾਤੀ ਹਨ ਅਤੇ ਬੇਟੇ ਬੇਸ਼ਕ ਵੱਖ-ਵੱਖ ਉਮਰ-ਵਰਗ ਦੇ ਹਨ ਪਰ ਉਨ੍ਹਾਂ ਵਿਚ ਵੀ ਬਥੇਰਾ 'ਧਮੇਕਾ' ਹੈ। ਡਾਕਟਰ ਪਰਿਵਾਰ ਦਾ ਬੇਟਾ ਰੋਹਨ ਅੱਠ ਸਾਲ ਦਾ ਹੈ ਤੇ ਇੰਜੀਨੀਅਰ ਪਰਿਵਾਰ ਦਾ ਸਾਡਾ ਦੋਹਤਾ ਏਕਮ ਸੁੱਖ ਨਾਲ ਪੰਦਰਵੇਂ ਸਾਲ ਵਿਚ ਹੈ। ਪਰ ਉਹ ਦੋਵੇਂ ਛੂਹਣ-ਛਪਾਈ ਤੇ ਵੀਡੀਓ-ਗੇਮਾਂ ਵੀ ਇਕੱਠੇ ਖੇਡਦੇ ਹਨ ਅਤੇ ਪੂਲ ਵਿਚ ਤਾਰੀਆਂ ਤੇ ਡੁਬਕਣੀਆਂ ਵੀ ਇਕੱਠੇ ਲਗਾ ਲੈਂਦੇ ਹਨ।

ਦੋਹਾਂ ਪਰਿਵਾਰਾਂ ਨੇ ਆਪਸੀ ਸਲਾਹ-ਮਸ਼ਵਰੇ ਤੋਂ ਬਾਅਦ ਓਸੇ ਹੀ ਦਿਨ ਇਸ ਸ਼ਹਿਰ ਦੇ ਇਕ ਪੰਜ-ਤਾਰਾ ਹੋਟਲ 'ਹਾਰਡ ਰੌਕ' ਵਿਚ ਪੰਜ ਦਿਨ ਠਹਿਰਨ ਲਈ ਬੁਕਿੰਗ ਕਰਵਾ ਲਈ ਪਰ ਪੰਜ ਮਾਰਚ ਦੀਆਂ ਫ਼ਲਾਈਆਂ ਦੋਹਾਂ ਪਰਿਵਾਰਾਂ ਨੂੰ ਵੱਖੋ-ਵੱਖਰੀਆਂ ਮਿਲੀਆਂ। ਡਾਕਟਰ ਪਰਿਵਾਰ ਦੀ ਪਹਿਲੀ ਫ਼ਲਾਈਟ ਰਿਹਾਇਸ਼ੀ ਸ਼ਹਿਰ ਸੈਨ ਐਨਟੋਨੀਓ ਤੋਂ ਹੂਸਟਨ ਦੀ ਸੀ, ਜਦਕਿ ਸਾਡੇ ਪਰਿਵਾਰ ਨੂੰ ਇੱਥੋਂ ਇਹ ਫ਼ਲਾਈਟ ਨਾ ਮਿਲ ਸਕੀ ਅਤੇ ਉਨ੍ਹਾਂ ਨੇ ਸੈਨ ਐਨਟੋਨੀਓ ਤੋਂ 100 ਕੁ ਮੀਲ ਦੂਰ ਪੈਂਦੇ ਔਸਟਨ ਤੋਂ ਇਕ ਹੋਰ ਫ਼ਲਾਈਟ ਲੈ ਕੇ ਹੂਸਟਨ ਪਹੁੰਚਣਾ ਸੀ। ਨਿਰਧਾਰਤ ਪ੍ਰੋਗਰਾਮ ਅਨੁਸਾਰ ਅਸੀਂ ਪਰਿਵਾਰ ਦੇ ਸਾਰੇ ਮੈਂਬਰ ਸਵੇਰੇ ਅੱਠ ਵਜੇ ਤਿਆਰ ਹੋ ਕੇ ਗੱਡੀ ਤੇ ਔਸਟਨ ਦਾ ਰਸਤਾ ਪਕੜਨ ਦੀ ਅਜੇ ਸੋਚ ਹੀ ਰਹੇ ਸੀ ਕਿ ਸਬੰਧਿਤ ਏਅਰ-ਲਾਈਨ ਦਾ 'ਮੈਸੇਜ' ਆ ਗਿਆ ਕਿ ਸਾਡੀ ਫ਼ਲਾਈਟ ਅਣਮਿੱਥੇ ਸਮੇਂ ਲਈ ਲੇਟ ਹੈ, ਕਿਉਂਕਿ ਉਸ ਜਹਾਜ਼ ਵਿਚ ਕੁਝ ਨੁਕਸ ਪੈ ਜਾਣ ਕਾਰਨ ਉਸ ਨੂੰ ਵਰਕਸ਼ਾਪ ਭੇਜ ਦਿੱਤਾ ਗਿਆ ਹੈ ਅਤੇ ਹੋ ਸਕਦਾ ਹੈ ਸਾਨੂੰ ਅਗਲੇ ਦਿਨ ਹੀ ਇਹ ਫ਼ਲਾਈਟ ਹੀ ਮਿਲ ਸਕੇ।

ਅਗਲੇ ਦਿਨ ਜਾਣ ਨਾਲ ਕੈਂਕੂਨ ਦੇ ਹੋਟਲ 'ਹਾਰਡ ਰੌਕ' ਵਿਚ ਕਰਵਾਈ ਗਈ ਐਡਵਾਂਸ-ਬੁਕਿੰਗ ਦਾ ਸਾਡਾ ਪੂਰਾ ਇਕ ਦਿਨ ਖ਼ਰਾਬ ਹੋ ਜਾਣਾ ਸੀ ਅਤੇ ਇਸ ਦੇ ਨਾਲ ਹੀ ਸਾਡੇ ਸਾਥੀ ਡਾਕਟਰ ਪਰਿਵਾਰ ਨੂੰ ਵੀ ਸਾਡੀ ਇਕ ਦਿਨ ਕੰਪਨੀ ਨਹੀਂ ਲੱਭਣੀ ਸੀ। ਇਸ ਦੇ ਹੱਲ ਵਜੋਂ ਬੇਟੇ (ਦਾਮਾਦ) ਹਰਮਨ ਨੇ ਗੱਡੀ ਰਾਹੀਂ ਸਿੱਧੇ ਹੂਸਟਨ ਪਹੁੰਚਣ ਦਾ ਫ਼ੈਸਲਾ ਕਰ ਲਿਆ ਅਤੇ ਅਸੀਂ ਗੱਡੀ ਹੂਸਟਨ ਜਾਣ ਵਾਲੇ ਹਾਈਵੇਅ 'ਤੇ ਪਾ ਲਈ। ਉੱਥੇ ਪਹੁੰਚਣ ਲਈ ਢਾਈ ਸੌ ਮੀਲ ਦਾ ਸਫ਼ਰ ਕਰਨ ਲਈ ਸਾਨੂੰ ਚਾਰ ਘੰਟੇ ਤੋਂ ਵੀ ਵੱਧ ਲੱਗ ਸਕਦੇ ਸਨ, ਕਿਉਂਕਿ ਪੈਂਡਾ ਵੀ ਚੋਖਾ ਸੀ ਅਤੇ ਰਸਤੇ ਵਿਚ ਟਰੈਫ਼ਿਕ-ਜਾਮ ਵੀ ਮਿਲ ਸਕਦਾ ਸੀ। ਇੱਥੋਂ ਸਾਡੀ ਫ਼ਲਾਈਟ ਬਾਦ ਦੁਪਹਿਰ 2.30 ਵਜੇ ਚੱਲਣੀ ਸੀ ਅਤੇ ਇਸ ਨੂੰ ਪਕੜਨ ਲਈ ਸਾਨੂੰ ਹਵਾਈ ਅੱਡੇ 'ਤੇ ਤਿੰਨ ਘੰਟੇ ਪਹਿਲਾਂ ਪਹੁੰਚਣਾ ਵੀ ਜ਼ਰੂਰੀ ਸੀ। ਬੇਟੇ ਹਰਮਨ ਨੇ ਹਾਈਵੇਅ 'ਤੇ ਸਪੀਡ 70 ਮੀਲ ਦੀ ਬਜਾਏ 75-80 'ਤੇ ਹੀ ਰੱਖੀ। ਏਥੇ 'ਮੀਲ' ਅਤੇ 'ਗੈਲਨ' ਹੀ ਚੱਲਦੇ ਹਨ। ਹੋਰਨਾਂ ਦੇਸ਼ਾਂ ਵਾਂਗ ਅਮਰੀਕਨਾਂ ਨੇ 'ਕਿਲੋਮੀਟਰ' ਤੇ 'ਲੀਟਰ' ਵਾਲੇ ਪੈਮਾਨੇ ਨਹੀਂ ਅਪਨਾਏ। ਰਸਤੇ ਵਿਚ ਦੋ ਥਾਵਾਂ 'ਤੇ ਕੰਸਟ੍ਰੱਕਸ਼ਨ-ਵਰਕ ਚੱਲਦੇ ਹੋਣ ਕਰਕੇ ਟਰੈਫ਼ਿਕ ਕਾਫ਼ੀ ਸਲੋਅ ਚੱਲ ਰਿਹਾ ਸੀ ਅਤੇ ਉੱਥੋਂ ਗੱਡੀ ਸੱਜੇ ਹੱਥ ਛੋਟੇ-ਛੋਟੇ ਟੋਇਆਂ ਵਿਚੋਂ ਦੀ ਕੱਢ ਕੇ ਨਾਲ ਚੱਲ ਰਹੀ ਸਰਵਿਸ-ਲੇਨ ਵਿਚ ਪਾ ਕੇ ਅੱਗੇ ਕੱਢੀ ਗਈ।

ਹੂਸਟਨ ਏਅਰਪੋਰਟ ਤੋਂ ਕਾਫ਼ੀ ਪਿੱਛੇ ਇਕ ਪਾਰਕਿੰਗ ਵਿਚ ਗੱਡੀ ਲਾ ਕੇ ਉੱਥੋਂ ਦੀ 'ਸ਼ੱਟਲ-ਸਰਵਿਸ' ਰਾਹੀਂ ਹਵਾਈ-ਅੱਡੇ ਪਹੁੰਚੇ। ਸਾਡੇ ਲਈ ਸਮਾਂ ਬੜਾ ਤੇਜ਼ ਦੌੜ ਰਿਹਾ ਸੀ। ਜਲਦੀ-ਜਲਦੀ ਸਕਿਉਰਿਟੀ-ਚੈੱਕ ਅਤੇ ਇਮੀਗ੍ਰੇਸ਼ਨ-ਚੈੱਕ ਕਰਵਾਉਣ ਤੋਂ ਬਾਅਦ ਜਦੋਂ ਸਬੰਧਿਤ ਗੇਟ 'ਤੇ ਪਹੁੰਚੇ ਤਾਂ ਉੱਥੇ ਫ਼ਲਾਈਟ ਦੀ ਬੋਰਡਿੰਗ ਸ਼ੁਰੂ ਹੋ ਚੁੱਕੀ ਸੀ। ਇਸ ਤਰ੍ਹਾਂ ਜਿਵੇਂ ਵੀ ਸੰਭਵ ਹੋ ਸਕਿਆ, ਅਸੀਂ ਫਿਰ ਵੀ ਵੇਲੇ ਸਿਰ ਪਹੁੰਚ ਗਏ ਪਰ ਇਸ ਦੇ ਲਈ ਸਾਡੀਆਂ 'ਦੌੜਾਂ' ਖ਼ੂਬ ਲੱਗੀਆਂ। ਫ਼ਲਾਈਟ ਆਪਣੇ ਨਿਸਚਿਤ ਸਮੇਂ 'ਤੇ ਬਾਦ ਦੁਪਹਿਰ 2.30 ਵਜੇ ਚੱਲ ਪਈ ਅਤੇ ਅਸੀਂ ਸ਼ਾਮ ਦੇ ਪੰਜ ਵਜੇ ਕੈਂਕੂਨ ਦੇ ਹਵਾਈ-ਅੱਡੇ 'ਤੇ ਪਹੁੰਚ ਗਏ। ਉੱਥੋਂ ਸਾਡੇ ਵੱਲੋਂ ਬੁੱਕ ਕਰਵਾਏ ਗਏ ਹੋਟਲ ਦੇ ਇਕ ਕਰਮਚਾਰੀ ਨੇ ਸਾਨੂੰ 9 ਸੀਟਾਂ ਵਾਲੀ ਵੱਡੀ ਟੈਕਸੀ ਵਿਚ ਬਿਠਾ ਦਿੱਤਾ। ਇਸ ਵਿਚ ਨਿਊ ਜਰਸੀ ਤੋਂ ਆਏ ਇਕ ਜੋੜੇ ਨੇ ਵੀ ਸਾਡੇ ਵਾਲੀ ਟੈਕਸੀ ਵਿਚ ਹੀ ਬੈਠਣਾ ਸੀ। ਖ਼ੈਰ! 15-20 ਮਿੰਟਾਂ ਵਿਚ ਉਹ ਵੀ ਆ ਗਏ ਅਤੇ ਟੈਕਸੀ ਹੋਟਲ ਨੂੰ ਜਾਣ ਵਾਲੀ ਸੜਕ 'ਤੇ ਪੈ ਗਈ। ਮੀਆਂ-ਬੀਵੀ ਦੀ ਇਸ ਜੋੜੀ ਦਾ ਪਿਛੋਕੜ ਵੀ ਭਾਰਤੀ ਸੀ। ਉਹ ਮੁੰਬਈ ਤੋਂ ਸਨ ਅਤੇ ਹੁਣ ਕਾਫ਼ੀ ਸਮੇਂ ਤੋਂ ਆਪਣੇ ਬੱਚਿਆਂ ਨਾਲ ਨਿਊ ਜਰਸੀ ਵਿਚ ਰਹਿ ਰਹੇ ਸਨ। ਲੇਡੀ ਬੜੀ ਦਿਲਚਸਪ ਤੇ ਖ਼ੂਬ ਗਾਲੜੀ ਵੀ। ਉਸ ਨੇ ਆਪਣਾ ਸਿਰ ਟੋਪੀ ਨਾਲ ਢੱਕਿਆ ਹੋਇਆ ਸੀ, ਹਾਲਾਂਕਿ ਗਰਮੀ ਹੋਣ ਕਰਕੇ ਟੋਪੀ ਦੀ ਬਿਲਕੁਲ ਜ਼ਰੂਰਤ ਨਹੀਂ ਸੀ। ਆਪਣੀ ਜਾਣ-ਪਛਾਣ ਕਰਾਉਂਦਿਆਂ ਹੀ ਉਸ ਲੇਡੀ ਨੇ ਦੱਸ ਦਿੱਤਾ ਕਿ ਉਹ ਕੈਂਸਰ ਦੀ ਮਰੀਜ਼ ਹੈ ਅਤੇ ਉਸ ਦੀ ਜ਼ਿੰਦਗੀ ਦਾ ਹੁਣ ਕੋਈ ਭਰੋਸਾ ਨਹੀਂ ਹੈ। ਸਿਰ 'ਤੇ ਟੋਪੀ ਪਾਉਣ ਦਾ ਕਾਰਨ ਵੀ ਉਸ ਦੇ ਵਾਲ ਕੈਮੋਥੈਰੇਪੀ ਕੀਤੇ ਜਾਣ ਨਾਲ ਝੜਨਾ ਹੀ ਹੋਵੇਗਾ। ਉਸ ਨੇ ਦੱਸਿਆ ਕਿ ਆਪਣੇ ਇਸ ਜੀਵਨ ਦੇ ਬਾਕੀ ਰਹਿੰਦੇ ਦਿਨ/ਮਹੀਨੇ/ਸਾਲ ਉਹ ਹੱਸ-ਖੇਡ ਕੇ ਅਤੇ ਵੱਖ-ਵੱਖ ਥਾਵਾਂ ਦੀ ਸੈਰ ਕਰਕੇ ਬਿਤਾਉਣਾ ਚਾਹੁੰਦੀ ਹੈ ਅਤੇ ਉਸ ਦਾ ਪਤੀ ਇਸ ਵਿਚ ਉਸ ਦਾ ਪੂਰਾ ਸਾਥ ਦੇ ਰਿਹਾ ਹੈ। ਅਸੀਂ ਉਸ ਦੀ ਜ਼ਿੰਦਾ-ਦਿਲੀ ਅਤੇ ਗੱਲਬਾਤ ਦੇ ਤੌਰ-ਤਰੀਕੇ ਤੋਂ ਹੈਰਾਨ ਸੀ ਕਿ ਉਹ ਕਿੰਨੀ ਬਹਾਦਰ ਔਰਤ ਹੈ। ਹੋਟਲ ਹਵਾਈ-ਅੱਡੇ ਤੋਂ ਕਾਫ਼ੀ ਦੂਰ ਸੀ ਪਰ ਗੱਲਾਂ-ਗੱਲਾਂ ਵਿਚ ਡੇਢ ਘੰਟੇ ਦੇ ਇਸ ਟੈਕਸੀ ਸਫ਼ਰ ਦਾ ਪਤਾ ਹੀ ਲੱਗਾ ਕਿ ਇਹ ਕਦੋਂ ਮੁੱਕ ਗਿਆ।

ਕਰੇਬੀਅਨ ਸਾਗਰ ਦੇ ਐਨ ਕੰਢੇ 'ਤੇ ਬਣੇ ਪੰਜ-ਸਿਤਾਰਾ ਹੋਟਲ 'ਹਾਰਡ ਰੌਕ' ਤੀਕ ਪਹੁੰਚਦਿਆਂ ਕਾਫ਼ੀ ਹਨੇਰਾ ਪਸਰ ਚੁੱਕਾ ਸੀ। ਇਸ ਸ਼ਹਿਰ ਦੇ ਹੋਰ ਕਈ ਖ਼ੂਬਸੂਰਤ ਹੋਟਲ ਇਸ ਸੜਕ ਦੇ ਕਿਨਾਰੇ ਹੀ ਬਣੇ ਹੋਏ ਸਨ ਜੋ ਸਮੁੰਦਰ ਦੇ ਕੰਢੇ ਦੇ ਨਾਲ ਨਾਲ ਹੀ ਚੱਲ ਰਹੀ ਸੀ। ਹੋਟਲ ਵਾਲਿਆਂ ਦੇ 'ਪੇਪਰ-ਵਰਕ' ਦੀ ਕਾਰਵਾਈ ਕਾਫ਼ੀ ਲੰਮੀ-ਚੌੜੀ ਹੋਣ ਕਰਕੇ ਲਾਬੀ ਵਿਚ 'ਚੈੱਕ-ਇਨ' ਕਰਾਂਦਿਆਂ ਸਾਨੂੰ ਕਾਫ਼ੀ ਸਮਾਂ ਲੱਗ ਗਿਆ। ਸਟਰੌਲੀਆਂ ਅਤੇ ਪਿੱਠੂ-ਬੈਗ ਹੋਟਲ ਦੀ ਇਕ ਸ਼ੱਟਲ ਵਿਚ ਟਿਕਾਉਣ ਤੋਂ ਬਾਅਦ ਸਾਨੂੰ ਇਸ ਵਿਚ ਬਿਠਾ ਕੇ ਉਸ ਦਾ ਡਰਾਈਵਰ ਸਾਨੂੰ ਹੋਟਲ ਦੀ ਦੂਸਰੀ ਲਾਬੀ ਦੇ ਨੇੜੇ ਅਲਾਟ ਹੋਏ ਕਮਰਿਆਂ ਵਿਚ ਛੱਡ ਗਿਆ। ਟਾਈਮ ਵੀ ਕਾਫ਼ੀ ਹੋ ਚੁੱਕਾ ਸੀ ਅਤੇ ਏਨੇ ਨੂੰ ਭੁੱਖ ਵੀ ਕਾਫ਼ੀ ਚਮਕ ਪਈ ਸੀ। ਇਸ ਲਈ ਜਲਦੀ ਹੀ ਇਸ ਲਾਬੀ ਦੇ ਨਾਲ ਬਣੀ 'ਮਾਇਆ ਮਾਰਕੀਟ' ਦੇ ਨਾਲ ਲੱਗਦੇ 'ਮਾਰਕੀਟ ਪਲੇਸ ਰੈਸਟੋਰੈਂਟ' ਵੱਲ ਜਾਣਾ ਹੀ ਮੁਨਾਸਿਬ ਸਮਝਿਆ। ਪਹਿਲੀ ਨਜ਼ਰੇ ਇਹ ਸ਼ਬਦ 'ਮਾਇਆ' ਪੰਜਾਬੀ/ਹਿੰਦੀ ਦੇ ਸ਼ਬਦ 'ਮਾਇਆ' (ਪੈਸੇ/ਧੇਲੇ) ਵਰਗਾ ਹੀ ਲੱਗਿਆ ਪਰ ਬਾਅਦ ਵਿਚ ਪਤਾ ਲੱਗਾ ਕਿ ਇਹ ਮੈਕਸੀਕਾ ਦੀ 'ਮਾਇਅਨ ਸੱਭਿਅਤਾ' ਦੇ ਨਾਲ ਜੁੜਿਆ ਹੋਇਆ ਸ਼ਬਦ ਹੈ। ਹੋਟਲ ਦੇ ਬਾਕੀ ਹੋਰ ਚਾਰ-ਪੰਜ ਰੈਸਟੋਰੈਂਟ ਇੱਥੋਂ ਕਾਫ਼ੀ ਦੂਰ ਪੈਂਦੇ ਸਨ।

ਡਾਈਨਿੰਗ-ਹਾਲ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨ ਸਜਾਏ ਹੋਏ ਸਨ। ਵੈੱਜ, ਨਾਨ-ਵੈੱਜ, ਕਈ ਤਰ੍ਹਾਂ ਦਾ ਮੀਟ ਤੇ ਚਿੱਕਨ, ਸੈਲਮਨ, ਟਰਾਊਟ, ਆਦਿ ਸਮੇਤ ਮੱਛੀ ਦੀਆਂ ਵੱਖ-ਵੱਖ ਕਿਸਮਾਂ, ਸ਼੍ਰਿੰਪਸ, ਪਰਾਨਜ਼, ਤਰ੍ਹਾਂ-ਤਰ੍ਹਾਂ ਦੇ ਕੱਟੇ ਹੋਏ ਫ਼ਲ, ਕਈ ਕਿਸਮ ਦਾ ਸਲਾਦ ਤੇ ਹੋਰ ਕਈ ਕੁਝ ਜਿਨ੍ਹਾਂ ਦੇ ਨਾਵਾਂ ਬਾਰੇ ਮੇਰੇ ਵਰਗੇ ਪਹਿਲੀ ਵਾਰ ਅਜਿਹੀ ਥਾਂ 'ਤੇ ਆਉਣ ਵਾਲਿਆਂ ਨੂੰ ਕੋਈ ਜਾਣਕਾਰੀ ਨਹੀਂ ਸੀ। ਬੇਸ਼ਕ, ਕਈਆਂ ਆਈਟਮਾਂ ਦੇ ਨਾਵਾਂ ਦੀਆਂ ਤਖ਼ਤੀਆਂ ਉਨ੍ਹਾਂ ਦੇ ਅੱਗੇ ਰੱਖੀਆਂ ਹੋਈਆਂ ਸਨ ਪਰ ਫਿਰ ਵੀ ਪਤਾ ਨਹੀਂ ਸੀ ਲੱਗਦਾ ਉਹ ਹੈ ਕੀ ਚੀਜ਼, ਕਿਉਂਕਿ ਉਹ ਨਾਂ ਪਹਿਲੀ ਵਾਰ ਹੀ ਵੇਖੇ ਸੁਣੇ ਸਨ। ਕਈ ਆਈਟਮਾਂ ਬੀਫ਼, ਪੋਰਕ ਤੇ ਹੋਰ ਕਈ ਕਿਸਮ ਦੇ ਮੀਟ ਦੀਆਂ ਬਣੀਆਂ ਹੋਈਆਂ ਸਨ ਜਿਨ੍ਹਾਂ ਨੂੰ ਖਾਣ ਲਈ ਮਨ ਨਹੀਂ ਮੰਨਦਾ ਸੀ। ਇਸ ਲਈ ਪਾ ਲਾ ਕੇ ਚਿੱਕਨ, ਮੱਛੀ, ਸਲਾਦ, ਚਾਵਲ, ਆਦਿ 'ਤੇ ਹੀ ਗੁਣਾਂ ਪਿਆ। ਸਵੇਰ ਤੋਂ ਹੀ ਚੱਲ ਰਹੀ ਨੱਠ-ਭੱਜ ਦੇ ਕਾਰਨ ਕੁਝ ਥਕਾਵਟ ਵੀ ਮਹਿਸੂਸ ਹੋ ਰਹੀ ਸੀ। ਕਮਰੇ ਵਿਚ ਆ ਕੇ ਬੈੱਡ 'ਤੇ ਪੈਂਦਿਆਂ ਹੀ ਨੀਂਦ ਨੇ ਘੇਰਾ ਪਾ ਲਿਆ।

ਅਗਲੇ ਦਿਨ ਸਵੇਰੇ ਉੱਠ ਕੇ ਖਿੜਕੀ ਵਿੱਚੋਂ ਬਾਹਰ ਝਾਤੀ ਮਾਰੀ ਤਾਂ ਹੋਟਲ ਦੀ ਸ਼ਾਨਦਾਰ ਲੈਂਡ-ਸਕੇਪਿੰਗ, ਹਰੇ-ਭਰੇ ਲਾਅਨ ਅਤੇ ਵਿਸ਼ਾਲ ਸਮੁੰਦਰ ਨਜ਼ਰੀਂ ਪਏ। ਮਨ ਖ਼ੁਸ਼ ਹੋ ਗਿਆ। ਇਸ਼ਨਾਨ-ਪਾਣੀ ਕੀਤਾ ਅਤੇ ਤਿਆਰ ਹੋ ਗਏ। ਏਨੇ ਚਿਰ ਨੂੰ ਬੱਚਿਆਂ ਵੱਲੋਂ ਆਰਡਰ ਕੀਤਾ ਹੋਇਆ ਨਾਸ਼ਤਾ ਲੈ ਕੇ ਹੋਟਲ ਦੇ ਕਰਮਚਾਰੀ ਨੇ ਬੈੱਲ ਖੜਕਾ ਦਿੱਤੀ ਅਤੇ ਉੱਪਰੋਂ ਚੰਗੀ ਤਰ੍ਹਾਂ ਢੱਕੀਆਂ ਹੋਈਆਂ ਪਲੇਟਾਂ ਵਿਚ ਗਰਮ-ਗਰਮ ਆਮਲੇਟ, ਬਰੈੱਡ ਦੇ ਦੋ-ਦੋ ਪੀਸ, ਜੈਮ, ਬਟਰ, ਕੱਟੇ ਹੋਏ ਚਾਰ-ਪੰਜ ਕਿਸਮ ਦੇ ਫ਼ਲ, ਕਾਫ਼ੀ ਆਦਿ ਨਾਲ ਲੱਦੀ ਹੋਈ ਵੱਡੀ ਸਾਰੀ ਟਰੇਅ ਸਾਡੇ ਸਾਹਮਣੇ ਰੱਖ ਦਿੱਤੀ। ਹੋਟਲ ਵਾਲਿਆਂ ਦੀ 'ਰੂਮ-ਸਰਵਿਸ' ਕਮਾਲ ਦੀ ਸੀ। ਕੋਈ ਵੀ ਚੀਜ਼ ਫ਼ੋਨ 'ਤੇ ਆਰਡਰ ਕਰਕੇ ਕਮਰੇ ਵਿਚ ਮੰਗਵਾਈ ਜਾ ਸਕਦੀ ਸੀ ਜੋ ਅੱਧੇ ਘੰਟੇ ਵਿਚ ਜਾਂ ਇਸ ਤੋਂ ਵੀ ਪਹਿਲਾਂ ਕਮਰੇ ਵਿਚ ਪਹੁੰਚ ਜਾਂਦੀ ਸੀ। ਖਾ ਪੀ ਕੇ ਮਨ ਸੰਤੁਸ਼ਟ ਹੋ ਗਿਆ। ਫਿਰ ਬੱਚਿਆਂ ਦੇ ਨਾਲ ਪੂਲ 'ਤੇ ਜਾਣ ਦਾ ਪ੍ਰੋਗਰਾਮ ਬਣ ਗਿਆ ਅਤੇ ਉਨ੍ਹਾਂ ਨੇ ਸਾਨੂੰ ਵੀ ਆਪਣੇ 'ਸਵਿੱਮ-ਵੀਅਰ' ਨਾਲ ਲੈ ਕੇ ਚੱਲਣ ਲਈ ਕਿਹਾ। ਪੂਲ 'ਤੇ ਪੂਰੀਆਂ ਰੌਣਕਾਂ ਲੱਗੀਆਂ ਹੋਈਆਂ ਸਨ। ਲੋਕ ਘੱਟ ਤੋਂ ਘੱਟ ਕੱਪੜਿਆਂ ਵਿਚ ਰੰਗ-ਬਰੰਗੇ ਸਵਿੰਮਿੰਗ-ਸੂਟਾਂ ਵਿਚ ਏਧਰ-ਓਧਰ ਘੁੰਮ ਰਹੇ ਸਨ। ਸੈਰ ਕਰਨ ਆਏ ਕਈ ਗਰੁੱਪਾਂ ਦੇ ਮੈਂਬਰਾਂ, ਖ਼ਾਸ ਤੌਰ 'ਤੇ ਲੜਕੀਆਂ ਨੇ ਤਾਂ ਸਵਿੰਮਿੰਗ-ਸੂਟ ਇੱਕੋ ਹੀ ਰੰਗ ਅਤੇ ਡੀਜ਼ਾਈਨ ਦੇ ਪਹਿਨੇ ਹੋਏ ਸਨ, ਜਿਵੇਂ ਇਹ ਉਨ੍ਹਾਂ ਦੀ 'ਯੂਨੀਫ਼ਾਰਮ' ਹੋਵੇ।

ਕਈਆਂ ਨੇ ਪੂਲ ਦੇ ਕੰਢੇ ਡਿੱਠੀਆਂ ਹੋਈਆਂ ਲੰਮੇ ਪੈਣ ਵਾਲੀਆਂ ਆਰਾਮ-ਕੁਰਸੀਆਂ ਉੱਪਰ ਹੋਟਲ ਵੱਲੋਂ ਪੂਲ 'ਤੇ ਮੁਹੱਈਆ ਕੀਤੇ ਗਏ ਵੱਡੇ ਤੌਲੀਏ ਵਿਛਾਂ ਕੇ ਮੱਲੀਆਂ ਹੋਈਆਂ ਸਨ ਅਤੇ ਆਪ ਉਹ ਕਈ ਪੂਲ ਦੇ ਪਾਣੀ ਵਿਚ ਬੈਠ ਕੇ ਜਾਂ ਉਸ ਵਿਚ ਤੈਰ ਕੇ ਪੂਰਾ ਅਨੰਦ ਲੈ ਰਹੇ ਸਨ। ਪੂਲ ਦੇ ਕਿਨਾਰੇ ਥੋੜ੍ਹਾ ਜਿਹਾ ਘੁੰਮਣ ਤੋਂ ਬਾਅਦ ਅਸੀਂ ਆਪਣੇ ਸਾਥੀ ਪਰਿਵਾਰ ਦੇ ਮੈਂਬਰਾਂ ਨੂੰ ਜਾ ਮਿਲੇ ਜਿਨ੍ਹਾਂ ਨੇ ਸਾਡੇ ਤੋਂ ਪਹਿਲਾਂ ਉੱਥੇ ਜਾ ਕੇ ਤੌਲੀਏ ਰੱਖ ਕੇ ਚਾਰ 'ਆਰਾਮ-ਕੁਰਸੀਆਂ' ਮੱਲੀਆਂ ਹੋਈਆਂ ਸਨ। ਅਸੀਂ ਵੀ ਆਪਣੇ






ਸਵਿੰਮਿੰਗ-ਸੂਟਾਂ ਵਾਲਾ ਬੈਗ ਉੱਥੇ ਹੀ ਟਿਕਾਅ ਲਿਆ ਅਤੇ ਉਨ੍ਹਾਂ ਨਾਲ 10-15 ਮਿੰਟ ਗੱਪ-ਸ਼ੱਪ ਲਾ ਕੇ ਪੂਲ ਦਾ 'ਭਲਵਾਨੀ ਗੇੜਾ' ਲਾਇਆ। ਵਾਪਸ ਆ ਕੇ ਇਕ ਵਾਸ਼-ਰੂਮ ਵਿਚ ਜਾ ਕੇ 'ਨਹਾਉਣ ਵਾਲੀ ਨਿੱਕਰ' (ਸਵਿੰਮਰ) ਪਾ ਕੇ ਪੂਲ ਵਿਚ ਆ ਪੈਰ ਧਰਿਆ। ਪਾਣੀ ਪਹਿਲਾਂ ਤਾਂ ਥੋੜ੍ਹਾਂ ਜਿਹਾ ਠੰਢਾ ਲੱਗਿਆ ਪਰ ਦੋ ਕੁ ਪੌੜੀਆਂ ਥੱਲੇ ਉੱਤਰਨ ਤੋਂ ਬਾਅਦ ਇਹ ਠੀਕ ਹੀ ਜਾਪਿਆ। ਮੈਂ ਤਾਂ ਪੂਲ ਵਿਚ ਜਾ ਡੁਬਕੀ ਲਾਈ ਪਰ ਸ੍ਰੀਮਤੀ ਦਾ ਉਸ ਦਿਨ ਪੂਲ ਵਿਚ ਜਾਣ ਨੂੰ ਮਨ ਨਾ ਕੀਤਾ। ਅਗਲੇ ਦਿਨ ਵੀ ਉਹ ਜੱਕੋ-ਤੱਕੀ ਵਿਚ ਗੋਡਿਆਂ ਤੀਕ ਪਾਣੀ 'ਚ ਨਹਾਉਣ ਵਾਲੀ ਨਿੱਕਰ ਅਤੇ ਟੀ-ਸ਼ਰਟ ਪਾਈ ਕਿੰਨਾ ਚਿਰ ਪੂਲ ਦੇ ਕਿਨਾਰੇ 'ਤੇ ਬੈਠੇ ਅਜੇ ਉਡੀਕ ਕਰ ਰਹੇ ਸਨ ਕਿ ਪਾਣੀ ਦੇ ਅੰਦਰ ਜਾਇਆ ਜਾਵੇ ਜਾਂ ਫਿਰ ਏਥੇ ਹੀ ਬੈਠਣਾ ਠੀਕ ਰਹੇਗਾ, ਕਿ ਏਨੇ ਚਿਰ ਨੂੰ ਬੱਚਿਆਂ ਨੇ ਉਸ ਨੂੰ ਧੱਕੇ ਨਾਲ ਪਾਣੀ ਦੇ ਅੰਦਰ ਵਾੜ ਦਿੱਤਾ।

ਹੋਟਲ ਦੀ ਇਹ ਪੂਲ ਅੱਧਾ-ਪੌਣਾ ਕਿਲੋਮੀਟਰ ਲੰਮੀ ਤਾਂ ਹੋਵੇਗੀ ਹੀ। ਇਸ ਦੇ ਆਰੰਭ ਵਿਚ ਛੋਟੇ ਬੱਚਿਆਂ ਲਈ ਇਕ ਨਿੱਕਾ ਪੂਲ ਸੀ ਜਿਸ ਦੀ ਡੂੰਘਾਈ ਮਸਾਂ ਡੇਢ ਕੁ ਫੁੱਟ ਹੀ ਸੀ। ਉਸ ਵਿਚ ਛੋਟੇ-ਛੋਟੇ ਬੱਚੇ ਕਿਲਕਾਰੀਆਂ ਮਾਰਦੇ ਹੋਏ ਤਾਰੀਆਂ ਲਗਾ ਰਹੇ ਸਨ। ਉਸ ਤੋਂ ਅਗਲੇ ਲੰਮੇ ਪੂਲ ਦੀ ਡੂੰਘਾਈ ਚਾਰ ਫੁੱਟ ਸੀ। ਇਸ ਵਿਚ ਦੋ ਥਾਵਾਂ ਤੇ ਪੁਲ਼ ਬਣੇ ਹੋਏ ਸਨ ਜਿਨ੍ਹਾਂ ਰਾਹੀ ਅਸਾਨੀ ਨਾਲ ਇਕ ਪਾਸੇ ਤੋਂ ਦੂਸਰੇ ਪਾਸੇ ਆਇਆ ਜਾਇਆ ਜਾ ਸਕਦਾ ਸੀ। ਪੂਲ ਦੇ ਕੰਢੇ ਦੋ ਥਾਵਾਂ 'ਤੇ 'ਬਾਰਾਂ' ਬਣੀਆ ਹੋਈਆਂ ਸਨ ਜਿੱਥੇ ਹਰੇਕ ਕਿਸਮ ਦੀ ਵਾਈਨ, ਵਿਸਕੀ, ਬੀਅਰ, ਜੂਸ ਤੇ ਕੋਲਡ-ਡਰਿੰਕਸ ਮੌਜੂਦ ਸਨ। ਇਨ੍ਹਾਂ ਵਿੱਚੋਂ ਇਕ ਬਾਰ ਦੀ ਸਰਵਿਸ ਤਾਂ ਪੂਲ ਦੇ ਅੰਦਰਵਾਰ ਵੀ ਚੱਲ ਰਹੀ ਸੀ। ਪੂਲ ਦੇ ਅੰਦਰ ਤਾਰੀਆਂ ਲਾਉਣ ਵਾਲੇ ਪਾਣੀ ਵਿਚ ਖੜੇ-ਖਲੋਤੇ ਹੀ ਉੱਥੋਂ ਲੋੜੀਂਦੀਆਂ 'ਸੇਵਾਵਾਂ' ਲੈ ਰਹੇ ਸਨ ਅਤੇ ਪਾਣੀ ਵਿਚ ਖਲੋ ਕੇ ਜਾਂ ਪੂਲ ਵਿਚ ਬਣੇ ਕੰਕਰੀਟ ਦੇ ਸਟੂਲਾਂ ਉੱਪਰ ਬੈਠ ਕੇ ਇਨ੍ਹਾਂ ਡਰਿੰਕਸ ਦਾ ਲੁਤਫ਼ ਲੈ ਰਹੇ ਸਨ। ਇਸ ਬਾਰ ਦੇ ਦੂਸਰੇ ਪਾਸੇ ਵੀ ਇਹ ਸੇਵਾਵਾਂ ਓਸੇ ਤਰ੍ਹਾਂ ਹੀ ਉਪਲੱਬਧ ਸਨ ਅਤੇ ਉੱਥੇ ਡਿੱਠੇ ਹੋਏ ਟੇਬਲ-ਕੁਰਸੀਆਂ ਉੱਪਰ ਬੈਠ ਕੇ ਲੋਕ ਆਰਾਮ ਨਾਲ ਇਨ੍ਹਾਂ ਦਾ ਸੇਵਨ ਕਰ ਰਹੇ ਸਨ।

ਘੰਟਾ-ਡੇਢ ਘੰਟਾ ਪਾਣੀ ਵਿਚ ਵਿਚ ਬਹਿਣ ਅਤੇ ਉਸ ਦੇ ਵਿਚ ਫਿਰਨ-ਤੁਰਨ ਤੋਂ ਬਾਅਦ ਸਾਨੂੰ ਥੋੜ੍ਹੀ ਜਿਹੀ ਭੁੱਖ ਮਹਿਸੂਸ ਹੋਈ ਅਤੇ ਕੁਝ ਖਾਣ-ਪੀਣ ਨੂੰ ਦਿਲ ਕੀਤਾ। ਪਾਣੀ ਵਿਚਲੀ ਬਾਰ ਵੱਲ ਜਾਣ ਦੀ ਬਜਾਏ ਦੂਸਰੇ ਬੰਨੇ ਪੂਲ ਦੇ ਪਾਣੀ ਤੋਂ ਥੋੜ੍ਹੀ ਜਿਹੀ ਹੱਟਵੀ ਦੂਸਰੀ ਬਾਰ ਵੱਲ ਜਾ ਕੇ ਅਸੀਂ ਉੱਥੇ ਡਿਊਟੀ ਦੇ ਰਹੇ ਕਰਮਚਾਰੀ ਨੂੰ "ਟੂ ਗਲਾਸ ਪਾਈਨ-ਐਪਲ ਜੂਸ" ਦੀ ਮੰਗ ਕੀਤੀ ਅਤੇ ਉਹ ਲੈ ਕੇ ਫਿਰ ਪਾਣੀ ਵਿਚ ਵੜ ਗਏ। ਜੂਸ ਬੜਾ ਸੁਆਦੀ ਸੀ ਅਤੇ ਪੀ ਕੇ ਅਨੰਦ ਆ ਗਿਆ। ਘੰਟੇ ਕੁ ਬਾਅਦ ਹੀ ਮਿਸਿਜ਼ ਕਹਿਣ ਲੱਗੇ ਕਿ ਜੂਸ ਹੋਰ ਨਾ ਲਿਆਈਏ। ਮੈਂ ਕਿਹਾ, "ਚਲੋ ਚੱਲਦੇ ਆਂ, ਉੱਥੇ ਕਿਹੜੀ ਘਾਟ ਆ ਕਿਸੇ ਤਰ੍ਹਾਂ ਦੀ। ਜਿਹੜੀ ਚੀਜ਼ ਜਿੰਨੀ ਮਰਜ਼ੀ ਲਓ ਅਤੇ ਖਾਓ, ਪੀਓ ਤੇ ਐਸ਼ ਕਰੋ, ਪਾਣੀ ਵਿਚ।" ਅਸੀਂ ਅਜੇ ਉਸ ਬਾਰ ਦੇ ਕਾਊਂਟਰ ਨੇੜੇ ਪਹੁੰਚੇ ਹੀ ਸਾਂ ਕਿ ਓਹੀ ਮੈਕਸੀਕਨ ਕਰਮਚਾਰੀ ਸਾਡੇ ਵੱਲੋਂ ਕੋਈ ਆਰਡਰ ਦੇਣ ਤੋਂ ਪਹਿਲਾਂ ਹੀ ਬੋਲ ਪਿਆ, "ਟੂ ਗਲਾਸ ਐਪਲ-ਜੂਸ?" ਮੈਂ ਮਨ 'ਚ ਆਖਿਆ, "ਬਈ ਇਹਨੇ ਤਾਂ ਸਾਡੀ ਚੰਗੀ ਸਿਆਣ ਰੱਖੀ ਏ।" ਵੈਸੇ, ਉਸ ਦੇ ਲਈ ਸਾਨੂੰ ਪਛਾਨਣਾ ਕੋਈ ਮੁਸ਼ਕਲ ਵੀ ਨਹੀਂ ਸੀ, ਕਿਉਂਕਿ ਉੱਥੇ ਕੇਵਲ ਪੂਲ ਏਰੀਏ ਵਿਚ ਹੀ ਨਹੀਂ, ਸਗੋਂ ਸਾਰੇ ਹੋਟਲ ਵਿਚ ਹੀ ਦਾੜ੍ਹੀ-ਮੁੱਛਾਂ ਅਤੇ ਦਸਤਾਰ ਵਾਲਾ ਇਹ ਸਰਦਾਰ 'ਸਵਾ-ਲੱਖ' ਹੀ ਸੀ। ਅਜੇ ਤਾਂ ਉਸ ਸਮੇਂ ਇਸ 'ਸਰਦਾਰ' ਨੇ ਸਿਰ 'ਤੇ ਟੋਪੀ ਹੀ ਪਾਈ ਹੋਈ ਸੀ, ਨਹੀਂ ਤਾਂ ਉਹ ਕਰਮਚਾਰੀ ਸ਼ਾਇਦ ਸਾਨੂੰ ਪਾਈਨ-ਐਪਲ ਜੂਸ ਪੂਲ ਦੇ ਵਿਚ ਹੀ ਫੜਾਉਣ ਆ ਜਾਂਦਾ। ਅਲਬੱਤਾ, ਇਸ ਵਾਰ ਮੈਂ ਉਸ ਨੂੰ ਇਕ ਗਲਾਸ ਪਾਈਨ ਐਪਲ ਜੂਸ ਤੇ ਇਕ ਬੀਅਰ ਦਾ ਆਰਡਰ ਦਿੱਤਾ।

ਪੂਲ ਦੇ ਕੰਢੇ ਡੀ.ਜੇ. ਸਵੇਰੇ ਨੌਂ ਵਜੇ ਤੋਂ ਸ਼ਾਮ ਦੇ ਛੇ ਵਜੇ ਤੱਕ ਚੱਲਦਾ ਰਹਿੰਦਾ। ਵੱਖ-ਵੱਖ ਭਾਸ਼ਾਵਾਂ ਵਿਚ ਗਾਣੇ ਇਸ 'ਤੇ ਵੱਜਦੇ ਰਹਿੰਦੇ ਅਤੇ ਕਈ ਡੀ.ਜੇ. ਵਾਲੇ ਟੈਂਟ ਦੇ ਸਾਹਮਣੇ ਆ ਕੇ ਡਾਂਸ ਕਰਦੇ। ਇਨ੍ਹਾਂ ਗਾਣਿਆਂ ਦੀ ਸ਼ਬਦਾਵਲੀ ਦਾ ਤਾਂ ਸਾਨੂੰ ਕੋਈ ਪਤਾ ਨਾ ਲੱਗਦਾ ਇਹ ਕੀ ਕਹਿ ਰਹੇ ਹਨ। ਅਲਬੱਤਾ! ਇੰਗਲਿਸ਼ ਗਾਣਿਆਂ ਦੇ ਕਈ ਸ਼ਬਦ ਜ਼ਰੂਰ ਕੰਨੀਂ ਪੈ ਜਾਂਦੇ। ਸਾਡੇ ਗਰੁੱਪ ਦੇ ਬੱਚਿਆਂ ਦਾ ਵੀ ਇਕ ਦਿਨ ਉੱਥੇ ਕੋਈ ਪੰਜਾਬੀ ਗਾਣਾ ਚਲਵਾ ਕੇ ਉਸ 'ਤੇ ਭੰਗੜਾ ਪਾਉਣ ਨੂੰ ਜੀਅ ਕੀਤਾ। ਬੇਟੇ ਹਰਮਨ ਨੇ 'ਡੀ.ਜੇ. ਕੰਟਰੋਲਰ' ਕੋਲ ਜਾ ਕੇ ਉਸ ਨੂੰ ਪੰਜ ਡਾਲਰ ਦੀ 'ਟਿੱਪ' ਦੇ ਕੇ ਕਰਨ ਔਜਲਾ ਦੇਂ ਗਾਏ ਗਏ ਪੰਜਾਬੀ ਗਾਣੇ "ਚੱਲ, ਮੈਕਸੀਕੋ ਚੱਲੀਏ" ਦੇ ਚਲਾਉਣ ਦੀ ਸਿਫ਼ਾਰਿਸ਼ ਕੀਤੀ ਜੋ ਉਸ ਦੇ ਵੱਲੋਂ ਝੱਟਪੱਟ ਮੰਨ ਲਈ ਗਈ। ਪਾਠਕਾਂ ਨੂੰ ਸ਼ਾਇਦ ਇਹ ਪਤਾ ਹੀ ਹੋਵੇਗਾ ਕਿ ਇਸ ਗਾਣੇ ਦੇ ਮੁੱਖੜੇ ਨੂੰ ਲੈ ਕੇ ਪੰਜਾਬੀ ਗਾਇਕ ਅਤੇ ਫ਼ਿਲਮੀ ਅਭਨੇਤਾ ਐਮੀ ਵਿਰਕ ਨੇ ਫ਼ਿਲਮ ਵੀ ਬਣਾਈ ਹੈ। ਬੱਚਿਆਂ ਨੇ ਇਸ ਗਾਣੇ ਉੱਪਰ ਖ਼ੂਬ ਡਾਂਸ ਕੀਤਾ। ਉਨ੍ਹਾਂ ਨੂੰ ਉਮੀਦ ਸੀ ਕਿ ਗਾਣੇ ਦੇ ਬੋਲ ਸੁਣ ਕੇ ਸਾਇਦ ਹੋਰ ਪੰਜਾਬੀ ਵੀ ਉਨ੍ਹਾਂ ਨਾਲ ਆ ਰਲਣਗੇ ਪਰ ਕੋਈ ਨਾ ਆਇਆ। ਹੋ ਸਕਦਾ ਹੈ ਕਿ ਉਸ ਸਮੇਂ ਪੂਲ 'ਤੇ ਕੋਈ ਪੰਜਾਬੀ ਨਾ ਹੀ ਹੋਵੇ, ਨਹੀਂ ਤਾਂ ਢੋਲ ਦੇ ਡੱਗੇ ਦੀ ਆਵਾਜ਼ ਸੁਣ ਕੇ ਪੰਜਾਬੀਆਂ ਕੋਲੋਂ ਕਿੱਥੇ ਰਿਹਾ ਜਾਂਦਾ ਹੈ।

ਨਾਸ਼ਤਾ ਕਮਰੇ ਵਿਚ ਹੀ ਕਰਕੇ ਅਸੀਂ ਦਸ ਕੁ ਵਜੇ ਪੂਲ 'ਤੇ ਆ ਜਾਂਦੇ। ਇਕ ਦਿਨ ਅਸੀਂ ਨਾਸ਼ਤਾ ਪੂਰ ਦੇ ਨੇੜਲੇ ਰੈੱਸਟੋਰੈਂਟ ਵਿਚ ਬੈਠ ਕੇ ਵੀ ਕੀਤਾ। ਪਾਣੀ ਵਿਚ ਬੈਠ ਕੇ ਅਤੇ ਪਾਣੀ ਵਿਚ ਹੀ ਏਧਰ ਓਧਰ ਜਾ ਕੇ ਵਧੀਆ ਸਮਾਂ ਗੁਜ਼ਾਰਦੇ। ਜਦੋਂ ਭੁੱਖ ਜਾਂ ਪਿਆਸ ਲੱਗਦੀ ਤਾਂ ਬਾਰ ਦੇ ਨਾਲ ਲੱਗਦੇ 'ਫ਼ੂਡ-ਸਟੇਸ਼ਨ' ਜਾ ਕੇ ਕੱਟਿਆ ਹੋਇਆ ਫ਼ਰੂਟ, ਚਿੱਕਨ-ਵਿੰਗਜ਼, ਫ਼ਰਾਈਡ ਚਿੱਕਨ, ਚਿੱਪਸ, ਗਲੂਕੋਮੈਲੀ, ਸਾਲਸਾ ਆਦਿ ਕੁਝ ਨਾ ਕੁਝ ਖਾ ਪੀ ਆਉਂਦੇ। ਨਾਲ ਲੱਗਦੇ ਸਟਾਲ ਵਿਚ ਗਰਮ-ਗ਼ਰਮ ਪੀਜ਼ਾ ਵੀ ਮੌਕੇ 'ਤੇ ਤਿਆਰ ਹੋਇਆ ਮਿਲਦਾ ਸੀ। ਕਦੇ ਉਹ ਵੀ ਖਾਂ ਲੈਂਦੇ। ਬਾਰ ਤੋਂ ਜੂਸ, ਬੀਅਰ ਜਾਂ ਵਾਈਨ ਦਾ ਗਲਾਸ ਵੀ ਨਾਲ ਲੈ ਆਉਂਦੇ ਅਤੇ ਫਿਰ ਪਾਣੀ ਵਿਚ ਆ ਵੜਦੇ। ਬੱਚਿਆਂ ਨੂੰ ਤਾਂ ਕਈ ਵਾਰ ਪੂਲ ਵਿੱਚੋਂ ਬਾਹਰ ਕੱਢਣਾ ਮੁਸ਼ਕਲ ਹੋ ਜਾਂਦਾ ਸੀ, ਹਾਲਾਂ ਕਿ ਉਨ੍ਹਾਂ ਹੋਟਲ ਵੱਲੋਂ ਉਨ੍ਹਾਂ ਦੇ ਲਈ ਬਣਾਈਆਂ ਗਈਆਂ ਕਈ ਹੋਰ 'ਵਾਟਰ-ਸਲਾਈਡਜ਼' ਦਾ ਵੀ ਖ਼ੂਬ ਅਨੰਦ ਲਿਆ ਤੇ ਬਾਅਦ ਵਿਚ ਵੀਡੀਓ-ਗੇਮਜ਼ ਵੀ ਖੇਡੀਆਂ। ਕਦੇ ਅਸੀਂ ਪੂਲ ਦੇ ਨਾਲ ਹੀ ਹੇਠਾਂ ਨੂੰ ਪੌੜੀਆਂ ਉੱਤਰ ਕੇ ਬੀਚ ਵੱਲ ਵੀ ਗੇੜਾ ਲਾ ਆਉਂਦੇ। ਇੱਥੇ ਵੀ ਇਕ 'ਬਾਰ' ਬਣੀ ਹੋਈ ਸੀ ਜਿੱਥੇ ਬੀਚ ਦੇ ਪਾਣੀ ਵਿਚ ਨਹਾਉਣ ਵਾਲਿਆਂ ਦੀ ਲਾਈਨ ਲੱਗੀ ਹੋਈ ਸੀ। ਬੀਚ ਦੇ ਪਾਣੀ ਵਿਚ ਨਹਾਉਣ ਲਈ ਸਾਡਾ ਮਨ ਨਾ ਮੰਨਿਆਂ, ਕਿਉਂਕਿ ਪੂਲ ਦੇ ਸਾਫ਼ ਪਾਣੀ ਨਾਲ ਇਸ ਦਾ ਕੋਈ ਮੁਕਾਬਲਾ ਨਹੀਂ ਸੀ। ਉਂਜ, ਉੱਥੇ ਇਕ ਦਿਨ ਲੱਕ-ਲੱਕ ਪਾਣੀ ਵਿਚ ਖਲੋ ਕੇ ਫ਼ੋਟੋਆਂ ਜ਼ਰੂਰ ਖਿਚਵਾ ਲਈਆਂ।

ਬੀਚ ਤੋਂ ਇਕ ਖ਼ੂਬਸੂਰਤ ਟਰੇਲ ਸਮੁੰਦਰ ਦੇ ਨਾਲ ਨਾਲ ਹੋਟਲ ਦੇ ਦੂਸਰੇ ਸਿਰੇ ਵੱਲ ਜਾਂਦੀ ਸੀ। ਇਕ ਦਿਨ ਉਸ 'ਤੇ ਜਾ ਕੇ ਵੀ ਕਾਫ਼ੀ ਲੰਮੀ ਸੈਰ ਕੀਤੀ ਅਤੇ ਹੋਟਲ ਦੀ ਵਿਸ਼ਾਲਤਾ ਨੂੰ ਅੱਖੀ ਡਿੱਠਾ ਜੋ ਪਹਿਲਾ ਕਿਸੇ ਕੋਲੋਂ ਸੁਣਿਆ ਸੀ ਜਾਂ ਹੋਟਲ ਬਾਰੇ ਜਾਣਕਾਰੀ ਵਾਲੇ ਪੈਂਫ਼ਲਿਟ ਤੋਂ ਪੜ੍ਹਿਆ ਸੀ। ਦੁਪਹਿਰੇ ਲੰਚ ਆਮ ਤੌਰ 'ਤੇ ਪੂਲ ਦੇ ਕੰਢੇ ਫ਼ੂਡ-ਸਟੇਸ਼ਨ 'ਤੇ ਹੁੰਦਾ ਅਤੇ ਰਾਤ ਨੂੰ ਡਿਨਰ ਹੋਟਲ ਦੇ ਵੱਖ-ਵੱਖ ਰੈਸਟੋਰੈਂਟਾਂ ਦੇ ਡਾਈਨਿੰਗ-ਹਾਲਾਂ ਵਿਚ ਜਾ ਕੇ ਕਰਦੇ। ਇਕ ਰੈਸਟੋਰੈਂਟ ਵਿਚ ਡਿਨਰ ਕਰਨ ਗਏ ਤਾਂ ਉੱਥੇ ਸਾਡੇ ਸਾਹ-ਮਣੇ ਹੀ ਸ਼ੈੱਫ ਨੇ ਹੌਟ-ਪਲੇਟ 'ਤੇ ਖ਼ੁਰਪੀ ਤੇ ਕੜਛੀ ਤਰੰਨਮ ਵਿਚ ਖੜਕਾ-ਖੜਕਾ ਕੇ ਫ਼ਰਾਈਡ-ਰਾਈਸ, ਚਿੱਕਨ, ਮੱਟਨ, ਪੋਰਕ, ਮਸ਼ਰੂਮਜ਼ ਅਤੇ ਮਿਕਸਡ-ਸਬਜ਼ੀਆਂ ਦੀਆਂ ਛੋਟੀਆਂ-ਛੋਟੀਆਂ ਢੇਰੀਆਂ ਜਿਹੀਆਂ ਹੌਟ ਪਲੇਟ ਉੱਪਰ ਲਾ ਲਈਆਂ ਅਤੇ ਉਨ੍ਹਾਂ ਵਿੱਚੋਂ ਹਰੇਕ ਮੈਂਬਰ ਵੱਲੋਂ ਦਿੱਤੀ ਗਈ ਆਪਣੀ ਚੋਣ ਅਨੁਸਾਰ ਫ਼ਰਾਈਡ ਰਾਈਸ ਵਿਚ ਮਿਕਸ ਕਰਕੇ ਵੱਖ-ਵੱਖ ਪਲੇਟਾਂ ਵਿਚ ਪਾ ਦਿੱਤੀਆਂ। ਮੌਕੇ 'ਤੇ ਖਾਣਾ ਤਿਆਰ ਕਰਨ ਦਾ ਇਹ ਵੱਖਰਾ ਨਜ਼ਾਰਾ ਵੇਖਣ ਤੇ ਮਾਨਣ ਵਾਲਾ ਸੀ। ਵਾਈਨ/ਵਿਸਕੀ ਦੇ ਪੈੱਗ ਤੋਂ ਬਾਅਦ ਇਹ ਸਵਾਦੀ ਖਾਣਾ ਖਾਣ ਦਾ ਆਪਣਾ ਹੀ ਮਜ਼ਾ ਸੀ। ਸਵੀਟ-ਡਿਸ਼ ਵਿਚ ਵੇਟਰ 'ਫ਼ਰਾਈਡ ਆਈਸ-ਕਰੀਮ' ਲੈ ਕੇ ਹਾਜ਼ਰ ਹੋ ਗਿਆ ਜਿਸ ਨੂੰ ਖਾਣ ਦਾ ਆਪਣਾ ਹੀ ਸੁਆਦ ਤੇ ਮਜ਼ਾ ਸੀ। ਇਕ ਹੋਰ ਰੈਸਟੋਰੈਂਟ ਵਾਲਿਆਂ ਨੇ ਨਾਨ-ਵੈੱਜ ਦੀਆਂ ਕਈ ਵਰਾਇਟੀਆਂ ਦੇ ਨਾਲ ਚਿੱਟੇ-ਛੋਲ, ਰਾਜਮਾਂਹ, ਮਟਰਾਂ ਵਾਲੇ ਚਾਵਲ ਅਤੇ ਦਾਲ-ਮੱਖਣੀ ਵੀ ਰੱਖੇ ਹੋਏ ਸਨ। ਦਰਅਸਲ, ਹੋਟਲ ਵਾਲੇ ਆਪਣੇ ਹਰੇਕ ਗਾਹਕ ਦੀ ਪਸੰਦ ਦਾ ਖ਼ਿਆਲ ਰੱਖਣਾ ਆਪਣਾ ਫ਼ਰਜ਼ ਸਮਝਦੇ ਹਨ।

ਏਸੇ ਤਰ੍ਹਾਂ ਰਾਤ ਨੂੰ ਇਕ ਹੋਰ ਡਾਈਨਿੰਗ-ਹਾਲ ਵਿਚ ਜਾ ਕੇ ਅਸੀਂ ਅਜੇ ਡਾਈਨਿੰਗ ਟੇਬਲ 'ਤੇ ਬੈਠੇ ਹੀ ਸੀ ਕਿ ਸਰਵਿਸ ਦੇਣ ਵਾਲਾ ਵੇਟਰ ਆ ਕੇ ਵਿਸ਼ ਕਰਨ ਅਤੇ ਲੋੜੀਂਦੀਆਂ ਡਰਿੰਕਸ ਪਾਉਣ ਤੋਂ ਬਾਦ ਕਹਿਣ ਲੱਗਾ ਕਿ ਆਪਣੀਆਂ ਪਲੇਟਾਂ ਵਿਚ ਸਲਾਦ, ਫ਼ਰੂਟ ਵਗ਼ੈਰਾ ਜੋ ਵੀ ਤੁਸੀਂ ਲੈਣਾ ਹੈ, ਜਾ ਕੇ ਲੈ ਆਓ, ਫਿਸ਼, ਚਿੱਕਨ ਤੇ ਮੀਟ ਤੁਹਾਨੂੰ ਗ਼ਰਮ-ਗ਼ਰਮ ਇੱਥੇ ਟੇਬਲ 'ਤੇ ਸਰਵ ਕੀਤਾ ਜਾਏਗਾ। ਦਸ-ਪੰਦਰਾਂ ਮਿੰਟ ਅਸੀਂ ਡਰਿੰਕਸ ਦਾ ਮਜ਼ਾ ਲਿਆ ਤਾਂ ਓਨੇ ਚਿਰ ਨੂੰ ਕਦੇ ਫ਼ਿਸ਼ ਵਾਲਾ, ਕਦੇ ਤੰਦੂਰੀ ਚਿੱਕਨ ਵਾਲਾ ਆ ਜਾਏ, ਅਤੇ ਕਦੇ ਕਈ ਹੋਰ ਕਿਸਮ ਦੇ ਮੀਟ ਵਾਲਾ। ਇਕ ਜਣਾ ਤਾਂ ਲੈਂਬ ਦਾ ਰੋਸਟ ਕੀਤਾ ਹੋਇਆ ਇਕ ਵੱਡਾ ਸਾਰਾ ਗਰਮ-ਗਰਮ ਪੀਸ ਸੀਖ ਵਿਚ ਸੀਖ ਵਿਚ ਫਸਿਆ ਹੋਇਆ ਲੈ ਕੇ ਆ ਗਿਆ ਅਤੇ ਉਸ ਵਿਚੋਂ ਕੱਟ-ਕੱਟ ਕੇ ਲੋੜ ਅਨੁਸਾਰ ਪਲੇਟਾਂ ਵਿਚ ਪਾਉਣ ਲੱਗ ਪਿਆ। ਸਾਡੇ ਲਈ ਇਹ ਵੀ ਇਕ ਵੱਖਰੀ ਹੀ ਝਾਕੀ ਸੀ। ਖਾਣ-ਪੀਣ ਤੋਂ ਬਾਅਦ ਓਹੀ ਪਹਿਲਾ ਵੇਟਰ ਚਾਰ-ਪੰਜ ਕਿਸਮ ਦੀਆਂ 'ਸਵੀਟ-ਡਿਸ਼ਜ਼' ਪਲੇਟਾਂ ਵਿਚ ਪਾ ਕੇ ਲੈ ਆਇਆ ਅਤੇ ਅਸੀਂ ਸਾਰੀਆਂ ਵਿੱਚੋਂ ਇਕ-ਇਕ ਚਮਚਾ ਲਾ ਕੇ ਉਨ੍ਹਾਂ ਦਾ ਸੁਆਦ ਮਾਣਿਆ।

ਹੋਟਲ 'ਹਾਰਡ ਰੌਕ' ਕਾਫ਼ੀ ਲੰਮੇਂ-ਚੌੜੇ ਖ਼ੇਤਰ ਵਿਚ ਫ਼ੈਲਿਆ ਹੋਇਆ ਹੈ। ਕਰੇਬੀਅਨ ਸਾਗਰ ਦੀ ਬੀਚ ਤੋਂ ਇਹ ਕੇਵਲ ਚਾਰ ਮਿੰਟ ਦੀ ਦੂਰੀ 'ਤੇ ਹੈ। ਇਸ ਦੇ ਲੱਗਭੱਗ 30 ਵੱਖ-ਵੱਖ ਬਲਾਕਾਂ ਵਿਚ 1200 ਕਮਰੇ ਹਨ ਜਿਨ੍ਹਾਂ ਵਿਚ ਟੂਰਿਸਟਾਂ ਲਈ 'ਹੌਟ-ਟੱਬ' ਤੀਕ ਹਰ ਕਿਸਮ ਦੀ ਸਹੂਲਤ ਮੌਜੂਦ ਹੈ। ਇੱਥੇ ਇਸ ਸਮੇਂ 1200 ਤੋਂ ਵਧੀਕ ਕਰਮਚਾਰੀ ਕੰਮ ਕਰ ਰਹੇ ਹਨ ਜੋ ਇਸ ਦੇ ਵਧੀਆ 'ਰੱਖ-ਰਖਾਅ' ਅਤੇ ਇੱਥੇ ਆਉਣ ਵਾਲੇ ਟੂਰਿਸਟਾਂ ਦੀ ਸੇਵਾ ਤਨੋਂ-ਮਨੋਂ ਕਰਨ ਵਿਚ ਜੁਟੇ ਹੋਏ ਹਨ। ਬਹੁਤ ਸਾਰੇ ਹੋਰ ਟੂਰਿਜ਼ਮ ਹੋਟਲਾਂ ਵਾਂਗ ਇਹ ਹੋਟਲ ਵੀ ਹਵਾਈ-ਸਫ਼ਰ, ਰਿਹਾਇਸ਼ ਅਤੇ ਖਾਣ-ਪੀਣ, ਆਦਿ ਵਿੱਚੇ ਹੀ ਸ਼ਾਮਲ ਕਰਕੇ ਟੂਰਿਸਟਾਂ ਨੂੰ ਆਪਣੀਆਂ "ਇਨਕਲੂਸਿਵ-ਸੇਵਾਵਾਂ" ਦੇ ਰਿਹਾ ਹੈ। ਕਈਆਂ ਨੇ ਤਾਂ ਇਸ ਹੋਟਲ ਦੀ ਮੈਂਬਰਸ਼ਿਪ ਵੀ ਲਈ ਹੋਈ ਹੈ ਅਤੇ ਉਹ ਹਰ ਸਾਲ ਜਾਂ ਸਾਲ ਵਿਚ ਇਕ ਤੋਂ ਵੱਧ ਵਾਰ ਵੀ ਹੋਰ ਹੋਟਲਾਂ ਵਾਂਗ ਇਸ ਹੋਟਲ ਵਿਚ ਆਪਣੀਆਂ ਛੁੱਟੀਆਂ ਮਨਾਉਣ ਇੱਥੇ ਆਉਂਦੇ ਹਨ। ਮੈਕਸੀਕੋ ਅਮਰੀਕਾ ਦੀ ਟੈੱਕਸਸ ਸਟੇਟ ਦੇ ਨਾਲ ਲੱਗਦਾ ਹੈ ਪਰ ਫਿਰ ਵੀ ਕੈਂਕੂਨ ਪਹੁੰਚਣ ਲਈ ਇਹ ਸਫ਼ਰ ਦੋ-ਢਾਈ ਘੰਟੇ ਦਾ ਬਣ ਹੀ ਜਾਂਦਾ ਹੈ। ਹੂਸਟਨ ਤੋਂ ਓਥੇ ਪਹੁੰਚਣ ਲਈ ਸਾਨੂੰ ਢਾਈ ਘੰਟੇ ਲੱਗ ਗਏ।

ਵਾਪਸ ਆਉਣ ਤੋਂ ਇਕ ਦਿਨ ਪਹਿਲਾਂ ਅਸੀਂ ਕੈਂਕੂਨ ਤੋਂ 30 ਕੁ ਮੀਲ ਦੂਰ ਪੈਂਦਾ ਕਸਬੇ 'ਪਲਾਇਆ ਡੇਲ ਕਾਰਮਨ' (ਫਲਐਅ ਧਏਲ ਛਅਰੱਏਨ) ਵੇਖਣ ਦਾ ਮਨ ਬਣਾਇਆ। ਪਹਿਲਾਂ ਸਲਾਹ ਕੈਂਕੂਨ ਡਾਊਨ ਟਾਊਨ ਜਾਣ ਦੀ ਸੀ ਪਰ ਇਹ ਹੋਟਲ ਤੋਂ ਕਾਫ਼ੀ ਦੂਰ ਹੋਣ ਕਾਰਨ ਉੱਥੇ ਜਾਣ ਦਾ ਪ੍ਰੋਗਰਾਮ ਇਹ ਕਹਿ ਕੇ ਕੈਂਸਲ ਕਰ ਦਿੱਤਾ ਗਿਆ ਕਿ ਉੱਥੇ ਜਾਣ ਲਈ ਤਾਂ ਘੱਟੋ-ਘੱਟ ਦੋ ਘੰਟੇ ਲੱਗ ਜਾਣੇ ਹਨ ਅਤੇ ਵਾਪਸ ਆਉਂਦਿਆਂ ਵੀ ਦੋ ਘੰਟੇ ਲੱਗਣਗੇ। ਨਾਲੇ ਡਾਊਨ-ਟਾਊਨ ਦਾ ਕੀ ਵੇਖਣਾ ਹੈ, ਸਾਰੇ ਡਾਊਨ-ਟਾਊਨ ਲੱਗਭੱਗ ਇੱਕੋ-ਜਿਹੇ ਹੀ ਹੁੰਦੇ ਹਨ। ਹਰ ਡਾਊਨ-ਟਾਊਨਾਂ ਵਾਂਗ ਉੱਥੇ ਵੀ ਉੱਚੀਆਂ-ਉੱਚੀਆਂ ਇਮਾਰਤਾਂ ਹੀ ਹੋਣਗੀਆਂ। ਇਸ ਤਰ੍ਹਾਂ ਅਗਲਾ 'ਗੁਣਾਂ' ਇਸ ਕਸਬੇ 'ਤੇ ਜਾ ਪਿਆ ਅਤੇ ਅੱਧਾ ਕੁ ਦਿਨ ਪੂਲ 'ਤੇ ਗੁਜ਼ਾਰਨ ਬਾਅਦ ਅਸੀਂ ਇਸ ਕਸਬੇ ਵੱਲ ਜਾਣ ਦੇ ਪ੍ਰੋਗਰਾਮ ਨੂੰ ਅਮਲੀ ਜਾਮਾ ਪਹਿਨਾਉਣ ਲਈ ਅੱਗੇ ਵਧੇ। ਹੋਟਲ ਵਾਲਿਆ ਨੇ ਸਾਡੇ ਲਈ ਟੈਕਸੀ ਦਾ ਪ੍ਰਬੰਧ ਕਰ ਦਿੱਤਾ। ਭਾਵੇਂ ਇਸ ਦਾ ਕਿਰਾਇਆਂ ਅਸੀਂ ਆਪ ਹੀ ਦੇਣਾ ਸੀ ਪਰ ਸਾਡੇ ਲਈ ਇਹ 'ਸਹੂਲਤ' ਹੀ ਕਾਫ਼ੀ ਸੀ। ਟੈਕਸੀ ਵਿਚ ਸਵਾਰ ਹੋ ਕੇ ਜਦੋਂ ਹੋਟਲ ਦੇ ਮੇਨ ਗੇਟ ਵੱਲ ਜਾ ਰਹੇ ਸੀ ਤਾਂ ਰਸਤੇ ਵਿਚ ਡਰਾਈਵਰ ਨੇ ਇਕਦੰਮ ਬਰੇਕ ਮਾਰੀ। ਅੱਗੇ ਵੇਖਿਆ ਤਾਂ ਸੜਕ 'ਤੇ ਇਕ 'ਨਾਗ-ਦੇਵਤਾ' ਬੜੀ ਮੌਜ ਵਿਚ ਵਲ਼ ਖਾਂਦਾ ਮਚਕ-ਮਚਕ ਚੱਲਦਾ ਹੋਇਆ ਸੜਕ ਪਾਰ ਕਰ ਰਿਹਾ ਸੀ, ਜਿਵੇਂ ਮੌਤ ਦਾ ਉਸ ਨੂੰ ਜ਼ਰਾ ਵੀ ਕੋਈ ਡਰ/ਖ਼ੌਫ਼ ਨਾ ਹੋਵੇ। ਉਂਜ ਵੀ ਮੈਕਸੀਕਨ ਲੋਕ ਜੰਗਲੀ ਜਾਨਵਰਾਂ ਅਤੇ ਜੀਵ-ਜੰਤੂਆਂ ਦਾ ਬੜਾ ਖ਼ਿਆਲ ਰੱਖਦੇ ਹਨ। ਇਹ ਮੈਕਸੀਕਨ ਡਰਾਈਵਰ ਹੀ ਸੀ ਜਿਸ ਨੇ ਪੂਰਾ ਇਹਤਿਆਦ ਵਰਤਦਿਆਂ ਹੋਇਆਂ ਉਸ ਦਾ ਬਚਾਅ ਕੀਤਾ ਸੀ, ਨਹੀਂ ਤਾਂ ਜੇਕਰ ਕੋਈ ਪੰਜਾਬੀ ਡਰਾਈਵਰ ਹੁੰਦਾ ਤਾਂ ਉਸ ਨੇ ਇਸ ਦੀ ਕਿੱਥੇ ਪ੍ਰਵਾਹ ਕਰਨੀ ਸੀ।

ਇਹ ਵੇਖ ਕੇ ਮੈਨੂੰ ਕੈਂਕੂਨ ਦੀ 'ਸੱਪਾਂ ਦੀ ਰਿਹਾਇਸ਼-ਗਾਹ' ਵਾਲੀ ਗੱਲ ਫਿਰ ਯਾਦ ਆ ਗਈ ਜਿਸ ਦਾ ਜ਼ਿਕਰ ਆਰਟੀਕਲ ਦੇ ਆਰੰਭ ਵਿਚ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜਦੋਂ ਅਸੀਂ ਇਕ ਦਿਨ ਪੂਲ ਦੇ ਕੰਢੇ ਡਿੱਠੀਆਂ ਆਰਾਮ-ਕੁਰਸੀਆਂ 'ਤੇ ਆਰਾਮ ਫ਼ਰਮਾ ਰਹੇ ਸੀ ਤਾਂ ਇਕ 'ਇਗੁਆਨ' ਹਰੀਆਂ ਕਚੂਰ ਖ਼ੂਬਸੂਰਤ ਝਾੜੀਆਂ ਵਿੱਚੋਂ ਨਿਕਲ ਕੇ ਕੰਕਰੀਟ ਦੇ ਫ਼ਰਸ਼ 'ਤੇ ਰੀਂਗਦਾ ਹੋਇਆ ਸਾਡੇ ਵੱਲ ਆ ਗਿਆ। ਉਸ ਨੂੰ ਵੇਖ ਕੇ ਇਕਦੰਮ ਤ੍ਰਭਣਾ ਕੁਦਰਤੀ ਸੀ ਪਰ ਸਾਡੇ ਨਾਲਦਿਆਂ ਨੇ ਦੱਸਿਆ ਕਿ ਇਹ ਬਿਲਕੁਲ ਖ਼ਤਰਨਾਕ ਨਹੀਂ ਹਨ ਅਤੇ ਪੂਲ ਕੰਢੇ ਡਿੱਗੀਆਂ ਹੋਈਆਂ ਬਚੀਆਂ-ਖੁਚੀਆਂ ਵਸਤੂਆਂ ਖਾਣ ਲਈ ਆ ਜਾਂਦੇ ਹਨ। ਬਿਲਕੁਲ ਗਿਰਗਟ ਦੀ ਸ਼ਕਲ ਵਰਗਾ ਇਹ ਅਗਵਾਨ ਉਸ ਤੋਂ ਕਾਫ਼ੀ ਵੱਡੇ ਆਕਾਰ ਵਿਚ ਸੀ ਅਤੇ ਇਹ ਉਸ ਦੇ ਵਾਂਗ ਹੀ 'ਰੰਗ ਬਦਲਣ' ਦੀ ਸਮਰੱਥਾ ਰੱਖਦਾ ਸੀ। ਕੰਕਰੀਟ ਦੇ ਫ਼ਰਸ਼ 'ਤੇ ਇਹ ਹਲਕੇ ਸੁਰਮਈ (ਗਰੇਅ) ਰੰਗ ਵਿਚ ਸੀ ਅਤੇ ਹੌਲੀ-ਹੌਲੀ ਰਿੜ੍ਹ ਕੇ ਜਦੋਂ ਇਹ ਘਾਹ ਵਿਚ ਚਲਾ ਗਿਆ ਤਾਂ ਇਹ ਛੇਤੀ ਹੀ ਘਾਹ-ਰੰਗਾ (ਹਰਾ) ਹੋ ਗਿਆ। ਇਨ੍ਹਾਂ ਤੋਂ ਇਲਾਵਾ ਇੱਥੇ ਸਕੌਰਪੀਅਨਾਂ (ਠੂਹਿਆਂ) ਅਤੇ ਕਈ ਹੋਰ ਜ਼ਹਿਰੀਲੇ ਜੀਵ-ਜੰਤੂਆਂ ਦੀ ਵੀ ਆਵਾਜਾਈ ਆਮ ਸੀ। ਏਸੇ ਲਈ ਮੈਨੇਜਮੈਂਟ ਵੱਲੋਂ ਹੋਟਲ ਵਿਚ ਬਹੁਤ ਸਾਰੀਆਂ ਥਾਵਾਂ 'ਤੇ ਟੂਰਿਸਟਾਂ ਨੂੰ ਸ਼ਾਮ ਨੂੰ ਸੜਕ 'ਤੇ ਸੈਰ ਨਾ ਕਰਨ ਦੀ ਹਦਾਇਤ ਵਾਲੇ ਸਾਈਨ-ਬੋਰਡ ਲਗਾਏ ਗਏ ਸਨ ਅਤੇ ਉਨ੍ਹਾਂ ਨੂੰ ਕੇਵਲ ਨਿਰਧਾਰਿਤ ਫੁੱਟ-ਪਾਥਾਂ 'ਤੇ ਹੀ ਚੱਲਣ ਦੀ ਸਲਾਹ ਦਿੱਤੀ ਗਈ ਸੀ।

ਅੱਧ ਕੁ ਘੰਟੇ ਵਿਚ ਅਸੀਂ 'ਪਲਾਇਆ ਡੇਲ ਕਾਰਮਨ' ਪਹੁੰਚ ਗਏ। ਇਹ ਕਸਬਾ ਵੀ ਸਮੁੰਦਰ ਦੇ ਕੰਢੇ ਵੱਸਿਆ ਹੋਇਆ ਹੈ। ਟੈਕਸੀ ਵਿੱਚੋਂ ਉੱਤਰ ਕੇ ਜਦੋਂ ਬੀਚ ਵੱਲ ਜਾ ਰਹੇ ਸੀ ਤਾਂ ਬਾਜ਼ਾਰ ਦੇ ਦੋਹੀਂ ਪਾਸੀਂ ਸਾਜ਼ੋ-ਸਮਾਨ ਨਾਲ ਸੱਜੀਆਂ ਹੋਈਆਂ ਛੋਟੀਆਂ-ਛੋਟੀਆਂ ਦੁਕਾਨਾਂ ਪੰਜਾਬ ਦੇ ਕਿਸੇ ਕਸਬੇ ਦਾ ਹੀ ਭੁਲੇਖਾ ਪਾ ਰਹੀਆਂ। ਮੁਨਿਆਰੀ ਵਾਲੀਆਂ, ਜੁੱਤੀਆਂ ਵਾਲੀਆਂ, ਬੱਚਿਆਂ ਦੇ ਖਿਡੌਣਿਆਂ ਵਾਲੀਆਂ ਅਤੇ ਵੱਖ-ਵੱਖ ਕਿਸਮ ਦੇ ਤੋਹਫ਼ਿਆਂ ਦੇ ਸਮਾਨ ਵਾਲੀਆਂ ਬੇਸ਼ੁਮਾਰ ਸਨ। ਪੰਜਾਬੀ ਅਤੇ ਭਾਰਤੀ ਦੁਕਾਨਦਾਰਾਂ ਵਾਂਗ ਮੈਕਸੀਕਨਾਂ ਨੇ ਵੀ ਇਸ ਸਾਜ਼ੋ-ਸਮਾਨ ਦੀਆਂ ਕਈ ਆਈਟਮਾਂ ਟੂਰਿਸਟਾਂ ਦਾ ਧਿਆਨ ਖਿੱਚਣ ਲਈ ਦੁਕਾਨਾਂ ਦੇ ਬਾਹਰ ਬਹੁਤ ਹੀ ਆਕਰਸ਼ਕ ਢੰਗ ਨਾਲ ਮੇਜ਼ਾਂ ਉੱਪਰ ਟਿਕਾਈਆਂ ਹੋਈਆਂ ਸਨ ਅਤੇ ਕਈ ਉੱਪਰੋਂ ਹੇਠਾਂ ਲਟਕਾਈਆਂ ਵੀ ਹੋਈਆਂ ਸਨ। ਇਕ-ਦੋ ਦੁਕਾਨਦਾਰਾਂ ਨੇ ਤਾਂ ਸਾਨੂੰ 'ਨਮਸਤੇ'ਅਤੇ 'ਸਤਿ ਸ੍ਰੀ ਅਕਾਲ' ਵੀ ਬੁਲਾਈ। ਉਹ ਸੋਚਦੇ ਹੋਣਗੇ ਕਿ ਸਾਇਦ ਇਹ ਸੁਣ ਕੇ ਹੀ ਇਹ ਭਾਰਤੀ/ਪੰਜਾਬੀ ਉਨ੍ਹਾਂ ਦੀਆਂ ਦੁਕਾਨਾਂ ਵਿਚੋਂ ਕੋਈ ਖ਼੍ਰੀਦਦਾਰੀ ਕਰ ਲੈਣਗੇ। ਲਟਕਦੇ ਹੋਏ ਰੰਗ-ਬਰੰਗੇ ਪਰਸਾਂ ਵੱਲ ਵੇਖ ਕੇ ਬੀਬੀਆਂ ਦਾ ਧਿਆਨ ਇਨ੍ਹਾਂ ਵੱਲ ਖਿੱਚਿਆ ਜਾਣਾ ਕੁਦਰਤੀ ਹੈ। ਭਾਵੇਂ ਕੋਈ ਚੀਜ਼ ਨਾ ਵੀ ਖ਼ਰੀਦਣੀ ਹੋਵੇ ਪਰ ਫਿਰ ਵੀ ਉਸ ਦਾ ਭਾਅ ਪੁੱਛਣਾ ਉਨ੍ਹਾਂ ਦੇ ਸੁਭਾਅ ਵਿਚ ਸ਼ਾਮਲ ਹੈ। ਉਂਜ, ਹੱਥ ਦੀ ਸਿਲਾਈ/ਕਢਾਈ ਵਾਲੀ ਖ਼ੂਬਸੂਰਤ ਕਾਰੀਗਰੀ ਨਾਲ ਨਾਲ ਬਣੇ ਹੋਏ ਵਧੀਆ ਚਮੜੇ ਦੇ ਇਹ ਪਰਸ ਵੇਖਣ ਨੂੰ ਬਹੁਤ ਸੋਹਣੇ ਲੱਗ ਰਹੇ ਸਨ। ਚਮੜੇ ਦੇ ਬਣੇ ਬਹੁਤ ਵਧੀਆ ਹੈਂਡਬੈਗ ਵੀ ਸਨ ਅਤੇ ਹੋਰ ਵੀ ਕਈ ਕੁਝ ਸੀ। ਦੁਕਾਨਦਾਰ ਕੋਲੋਂ ਬੇਟੀ ਦੀ ਸਹਾਇਤਾ ਨਾਲ ਸ੍ਰੀਮਤੀ ਨੇ ਦੋ-ਤਿੰਨ ਪਰਸਾਂ ਦਾ ਭਾਅ ਪੁੱਛਿਆ। ਕੋਈ ਵੀ 1000-1200 'ਪੇਸੋ' (ਮੈਕਸੀਕਨ ਕਰੰਸੀ) ਤੋਂ ਘੱਟ ਨਹੀਂ ਸੀ ਜੋ 150 ਅਮਰੀਕੀ ਡਾਲਰਾਂ ਤੋਂ ਘੱਟ ਨਹੀਂ ਸੀ। ਰੰਗ-ਬਰੰਗੀਆਂ ਚੂੜੀਆਂ, ਕੰਨਾਂ ਦੀਆਂ ਵਾਲੀਆਂ (ਕਾਂਟੇ), ਗਲ਼ਾਂ ਦੀਆਂ ਗਾਨੀਆਂ, ਆਦਿ ਵੀ ਕਾਫ਼ੀ ਮਹਿੰਗੀਆਂ ਸਨ। ਪੰਜਾਬ ਵਾਂਗ ਇੱਥੇ ਵੀ 'ਬਾਰਗੇਨਿੰਗ' (ਭਅਰਗਅਨਿਨਿਗ) ਖ਼ੂਬ ਚੱਲਦੀ ਸੀ। ਬੇਟੀ ਨੇ ਕੁਝ ਈਅਰ-ਰਿੰਗਜ਼, ਚੇਨਾਂ, ਵਗ਼ੈਰਾ ਸਿਲੈੱਕਟ ਕੀਤੀਆਂ ਜਿਨ੍ਹਾਂ ਦੀ ਕੀਮਤ 900 'ਪੇਸੋ' ਬਣੀ। ਇਹ ਚੀਜ਼ਾਂ ਕਾਫ਼ੀ ਮਹਿੰਗੀਆਂ ਹੋਣਾ ਕਹਿ ਕੇ ਜਦੋਂ ਅਸੀਂ ਉਸ ਦੁਕਾਨ ਤੋਂ ਅੱਗੇ ਜਾਣ ਲੱਗੇ ਤਾਂ ਦੁਕਾਨਦਾਰ ਸਾਨੂੰ ਪਿੱਛੋਂ ਵਾਜ ਮਾਰ ਕੇ 800, 700 ਤੋਂ ਘੱਟਦਾ ਹੋਇਆ ਅਖ਼ੀਰ 550 ਪੇਸੋ 'ਤੇ ਆ ਗਿਆ ਅਤੇ ਫਿਰ ਮੈਕਸੀਕੋ ਦੀ ਨਿਸ਼ਾਨੀ ਵਜੋਂ ਬੇਟੀ ਨੇ ਉਹ ਲੈ ਹੀ ਲਈਆਂ। ਮੈਨੂੰ ਇਹ ਸੱਭ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਸਾਹਮਣੇ ਵਾਲੇ 'ਝੂਠੇ ਬਾਜ਼ਾਰ' ਵਾਂਗ ਹੀ ਲੱਗਿਆ। ਇਸ ਲਈ ਉੱਥੋਂ ਜਾਂ ਹੋਰ ਕਿਸੇ ਦੁਕਾਨ ਤੋਂ ਹੋਰ ਕੋਈ ਚੀਜ਼-ਵਸਤ ਲੈਣ ਨੂੰ ਸਾਡਾ ਮਨ ਹੀ ਨਾ ਮੰਨਿਆਂ। ਉਂਜ, ਮੇਰਾ ਇਕ ਵੱਡਾ ਮੈਕਸੀਕਨ ਹੈਟ ਖ਼੍ਰੀਦਣ ਨੂੰ ਦਿਲ ਕਰ ਰਿਹਾ ਸੀ, ਪਰ ਇਸ ਨੂੰ ਸੰਭਾਲਣ ਅਤੇ ਹੱਥ ਵਿਚ ਫੜ੍ਹ ਕੇ ਕੈਨੇਡਾ ਲਿਜਾਣ ਦੀ ਸਮੱਸਿਆ ਵੀ ਸਾਹਮਣੇ ਸੀ।

ਬਾਜ਼ਾਰ ਵਿਚ ਚੱਲਦਿਆਂ ਅੱਗੇ ਵੱਧਦੇ ਹੋਏ ਬੀਚ ਵੱਲ ਗਏ। ਇੱਥੇ ਟੂਰਿਸਟਾਂ ਦੀ ਕਾਫ਼ੀ ਰੌਣਕ ਸੀ। ਕਈ ਬੋਟਾਂ ਉੱਪਰ ਸਮੁੰਦਰ ਦੀ ਸੈਰ ਕਰ ਰਹੇ ਸਨ ਤੇ ਕਈ ਕਈ ਆਰਾਮ-ਕੁਰਸੀਆਂ 'ਤੇ ਬੈਠੇ ਸਮੁੰਦਰੀ ਛੱਲਾਂ ਦੇ ਆ ਕੇ ਕੰਢੇ ਲੱਗਣ ਦੀ ਇੰਤਜ਼ਾਰ ਕਰ ਰਹੇ ਹਨ ਅਤੇ ਕਈ ਸਮੁੰਦਰੀ ਪਾਣੀ ਵਿਚ ਤਾਰੀਆਂ ਵੀ ਲਗਾ ਰਹੇ ਸਨ। ਅੱਧਾ ਕੁ ਘੰਟਾ ਉੱਥੇ ਘੁੰਮ ਕੇ ਇਕ ਰੇਹੜੀ ਵਾਲੇ ਤੋਂ ਕੱਚੇ ਨਾਰੀਅਲਾਂ (ਛੋਚੋਨੁਟਸ) ਦਾ ਪਾਣੀ ਪੀਤਾ ਜਿਨ੍ਹਾਂ ਦੇ ਉੱਪਰਲੇ ਭਾਗ ਨੂੰ ਉਸ ਨੇ ਪੰਜਾਬ ਤੇ ਭਾਰਤ ਦੇ ਹੋਰ ਸੂਬਿਆਂ ਵਾਂਗ ਦਾਤਰ ਨਾਲ ਕੱਟਿਆ ਅਤੇ ਇਸ ਤਰ੍ਹਾਂ ਬਣੀਆਂ ਮੋਰੀਆਂ ਵਿਚ ਪਾਈਪਾਂ ਪਾਂ ਕੇ ਸਾਨੂੰ ਬੜੇ ਅਦਬ ਨਾਲ ਪੇਸ਼ ਕੀਤਾ। ਥੋੜਾਂ ਜਿਹਾ ਹੋਰ ਘੁੰਮ-ਘੁਮਾਅ ਕੇ ਇਕ ਰੈਸਟੋਰੈਂਟ ਵਿੱਚੋਂ ਮੈਕਸੀਕਨ ਖਾਣਾ ਖਾਧਾ। ਰੈਸਟੋਰੈਂਟ ਵਿਚ ਸਰਵ ਕਰ ਰਹੀ ਲੜਕੀ ਇਕ ਛੋਟੀ ਜਿਹੀ ਟਰਾਲੀ 'ਤੇ ਸਜਾਏ ਹੋਏ ਪੱਥਰ ਦੇ 'ਕੂੰਡੇ-ਡੰਡੇ', ਤਿੰਨ-ਚਾਰ ਐਵੋਕੈਡੋ ਅਤੇ 'ਗਲੂਕੋਮੈਲੀ' ਬਨਾਉਣ ਦੇ ਹੋਰ ਸਮਾਨ ਨਾਲ ਸਾਡੇ ਟੇਬਲ ਦੇ ਇਕ ਪਾਸੇ ਆ ਕੇ ਖੜੀ ਹੋ ਗਈ। ਸਾਡੇ ਸਾਹਮਣੇ ਹੀ ਉਸ ਨੇ ਐਵੋਕੈਡੋ ਕੱਟ ਕੇ ਕੂੰਡੇ ਵਿਚ ਪਾਏ, ਲੋੜੀਂਦੇ ਮਸਾਲੇ ਤੇ ਹੋਰ ਸਮਾਨ ਉਸ ਵਿਚ ਪਾਇਆ ਅਤੇ ਇਕ ਨਿੱਕੇ ਜਿਹੇ ਡੰਡੇ ਨਾਲ ਉਸ ਨੂੰ ਪੇਸਟ-ਨੁਮਾ ਬਣਾ ਦਿੱਤਾ। ਅਮਰੀਕਾ ਵਿਚ ਕਈ ਰੈਸਟੋਰੈਂਟਾਂ ਵਿਚ ਗਲੂਕੋਮੈਲੀ ਤੇ ਚਿੱਪਸ ਭਾਵੇਂ ਕਈ ਵਾਰ ਖਾਂਧੇ ਸਨ, ਪਰ ਇਸ ਤਾਜ਼ਾ-ਤਰੀਨ ਬਣੀ ਹੋਈ ਗਲੂਕੋਮੈਲੀ ਦਾ ਆਪਣਾ ਹੀ ਸੁਆਦ ਅਤੇ ਮਜ਼ਾ ਸੀ। ਖਾਣਾ ਖਾ ਕੇ ਟੈਕਸੀ ਲਈ ਅਤੇ ਹੋਟਲ ਨੂੰ ਵਾਪਸੀ ਦੇ ਚਾਲੇ ਪਾ ਦਿੱਤੇ।

ਅਗਲੇ ਦਿਨ ਸਵੇਰੇ ਹੋਟਲ ਦੇ 'ਮਾਇਆ ਮਾਰਕੀਟ' ਨੇੜਲੇ ਰੈਸਟੋਰੈਂਟ ਵਿਚ ਨਾਸ਼ਤਾ ਕਰਕੇ ਇਸ ਮਾਰਕੀਟ ਵਿੱਚੋਂ ਬੱਚਿਆਂ ਨੇ ਇਸ ਮਾਰਕੀਟ ਵਿੱਚੋਂ ਮਾਇਆ ਸੱਭਿਅਤਾ ਨਾਲ ਸਬੰਧਿਤ ਕੁਝ ਚੀਜ਼ਾਂ-ਵਸਤਾਂ ਯਾਦਗ਼ਾਰੀ ਚਿਨ੍ਹਾਂ ਵਜੋਂ ਖ਼੍ਰੀਦੀਆਂ ਜਿਨ੍ਹਾਂ ਵਿਚ ਛੋਟੀਆਂ-ਛੋਟੀਆਂ ਕੌਡੀਆਂ ਤੇ ਘੋਗਿਆਂ ਵਾਲੀਆਂ ਗਾਨੀਆਂ, ਮੈਕਸੀਕਨ ਪਹਿਰਾਵੇ ਦ ਕੁਝੇ ਕੱਪੜੇ ਅਤੇ ਮਨੁੱਖੀ ਖੋਪੜੀ ਦਾ ਇਕ ਮਾਡਲ ਸ਼ਾਮਲ ਸਨ। ਇਸ ਦਿਨ ਬਾਅਦ-ਦੁਪਹਿਰ 2.30 ਵਜੇ ਕੈਂਕੂਨ ਹਵਾਈ ਅੱਡੇ ਤੋਂ ਹੂਸਟਨ ਲਈ ਸਾਡੀ ਫ਼ਲਾਈਟ ਸੀ ਅਤੇ ਹੋਟਲ ਵਾਲਿਆਂ ਨੇ ਸਾਨੂੰ ਸਵੇਰੇ 10.30 ਵਜੇ ਤਿਆਰ ਰਹਿਣ ਲਈ ਕਿਹਾ ਸੀ, ਕਿਉਂਕਿ ਇੰਟਰਨੈਸ਼ਨਲ ਫ਼ਲਾਈਟ ਹੋਣ ਕਰਕੇ ਨਿਯਮਾਂ ਅਨੁਸਾਰ ਸਾਡਾ ਤਿੰਨ ਘੰਟੇ ਪਹਿਲਾਂ ਉੱਥੇ ਪਹੁੰਚਣਾ ਜ਼ਰੂਰੀ ਸੀ। ਨਿਸਚਿਤ ਸਮੇਂ 'ਤੇ ਉਨ੍ਹਾਂ ਦੀ ਟੈਕਸੀ ਆ ਗਈ ਅਤੇ ਇਸ ਵਿਚ ਸਵਾਰ ਹੋ ਇਕ ਘੰਟੇ ਕੁ ਵਿਚ ਹਵਾਈ ਅੱਡੇ 'ਤੇ ਪਹੁੰਚ ਗਏ, ਕਿਉਂਕਿ ਰਸਤੇ ਵਿਚ ਸਾਨੂੰ ਕੋਈ ਟਰੈਫ਼ਿਕ-ਜਾਮ ਵਗ਼ੈਰਾ ਨਾ ਮਿਲਿਆ। ਸਾਡੀ ਫ਼ਲਾਈਟ ਵੀ ਸਮੇਂ ਸਿਰ ਹੀ ਸੀ ਅਤੇ ਇਹ ਲੈ ਕੇ ਅਸੀਂ ਸ਼ਾਮ ਦੇ ਪੰਜ ਵਜੇ ਹੂਸਟਨ ਪਹੁੰਚ ਗਏ ਜਿੱਥੋਂ ਆਪਣੀ ਗੱਡੀ 'ਤੇ ਸਵਾਰ ਹੋ ਕੇ ਰਾਤ ਦੇ ਸਾਢੇ ਨੌਂ ਘਰ ਪਹੁੰਚੇ।

ਇਸ ਤਰ੍ਹਾਂ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਇਕ ਹੋਰ ਦੋਸਤ ਪਰਿਵਾਰ ਦੇ ਮੈਂਬਰਾਂ ਨਾਲ ਮਿਲ਼ ਕੇ ਮੈਕਸੀਕੋ ਦੇ ਇਸ ਸ਼ਹਿਰ ਕੈਂਕੂਨ ਦਾ ਲਗਾਇਆ ਇਹ ਟੂਰ ਸਾਡੇ ਸਾਰਿਆਂ ਲਈ ਯਾਦਗਾਰੀ ਹੋ ਨਿੱਬੜਿਆ।

IMMIGRATION SERVICES
INCLUDE
- Express Entry
- Visitor Visa | Super Visa
- Work Permit
- Study Permit
- Spousal Sponsorship
- PNP Nominations
- LMIA

We specialize in Humanitarian and Compassionate Applications

DRAKE IMMIGRATION SOLUTIONS
CAPIC ACCP

AUTHORIZED AGENT FOR MITT
MANITOBA INSTITUTE OF TRADES & TECHNOLOGY

(204) 558-9750
www.drakeimmigration.ca
Toronto Office: 98 Gallucci Cres Brampton, ON L6P 1R7
Winnipeg Office: Centro Caboto Centre 128-1055 Wilkes Ave, Winnipeg, MB R3P 2L7




ਬਰੈਂਪਟਨ ਨਾਰਥ ਤੋਂ ਐਮਪੀ ਰੂਬੀ ਸਹੋਤਾ ਵਲੋਂ ਅਫਗਾਨੀ ਸਿੱਖ ਅਤੇ ਹਿੰਦੂ ਰਿਫਿਊਜੀ ਪਰਿਵਾਰਾਂ ਦਾ ਮਨਮੀਤ ਸਿੰਘ ਭੁੱਲਰ ਫਾਊਂਡੇਸ਼ਨ (MSBF) ਅਤੇ ਪਰਿਵਾਰ ਨਾਲ ਮਿਲ ਕੇ ਕੈਨੇਡਾ ਵਿਚ ਆਉਣ ਉਤੇ ਸਵਾਗਤ ਕੀਤਾ ਗਿਆ। ਇਸ ਮਹੀਨੇ 98 ਸਿੱਖ ਅਤੇ ਹਿੰਦੂ ਰਿਫਿਊਜੀ ਪਰਿਵਾਰ ਐਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਆਏ ਹਨ। ਕੈਨੇਡਾ ਵਿਚ ਆਉਣ ਵਾਲੇ ਸਾਰੇ ਰਿਫਿਊਜੀ ਪਰਿਵਾਰਾਂ ਨੂੰ ਕੈਨੇਡੀਅਨ ਸਰਕਾਰ ਦੇ ਪ੍ਰਾਈਵੇਟ ਸਪਾਂਸਰਸ਼ਿਪ ਆਫ ਰਿਫਿਊਜੀ ਪ੍ਰੋਗਰਾਮ ਅਤੇ ਪ੍ਰਾਈਵੇਟ ਸਪਾਂਸਰ ਮਨਮੀਤ ਸਿੰਘ ਭੁੱਲਰ ਫਾਊਂਡੇਸ਼ਨ (MSBF), ਕਮਿਊਨਿਟੀ ਮੈਂਬਰ ਅਤੇ ਕੈਨੇਡੀਅਨ ਐਮਪੀਜ਼ ਦੇ ਸਹਿਯੋਗ ਨਾਲ ਕੈਨੇਡਾ ਲਿਆਂਦਾ ਗਿਆ ਹੈ।

# ਭਾਰਤ ਚਾਰ ਸਾਲਾਂ ਵਿੱਚ 220 ਨਵੇਂ ਏਅਰਪੋਰਟ ਬਣਾਵੇਗਾ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਹਵਾਬਾਜ਼ੀ ਮੰਤਰੀ ਜਯੋਤਿਰਦਿੱਤਿਆ ਸਿੰਧੀਆ ਨੇ ਕੱਲ੍ਹ ਪਾਰਲੀਮੈਂਟ ਨੂੰ ਦੱਸਿਆ ਕਿ ਸਾਲ 2025 ਤਕ ਸਰਕਾਰ ਨੇ 220 ਨਵੇਂ ਏਅਰਪੋਰਟ ਬਣਾਉਣ ਦਾ ਟੀਚਾ ਰੱਖਿਆ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਦੀਆਂ ਚੁਣੌਤੀਆਂ ਦੇ ਬਾਵਜੂਦ ਦੇਸ਼ ਵਿੱਚ ਦੋ ਹਵਾਬਾਜ਼ੀ ਕੰਪਨੀਆਂ ਅੱਗੇ ਆਉਣ ਨੂੰ ਤਿਆਰ ਹਨ। ਇਨ੍ਹਾਂ ਵਿੱਚ ਅਜੇ ਬੰਦ ਪਈ ਜ਼ੈਟ ਏਅਰਵੇਜ਼ ਅਤੇ ਲਾਂਚਿੰਗ ਲਈ ਤਿਆਰ ਆਕਾਸਾ ਸ਼ਾਮਲ ਹਨ।

ਏਅਰਪੋਰਟ ਬਣਾਉਣ ਲਈ ਫੰਡ ਦੀ ਮੰਗ ਉੱਤੇ ਚਰਚਾ ਦੌਰਾਨਜਯੋਤਿਰਦਿੱਤਿਆ ਸਿੰਧੀਆ ਨੇ ਕਿਹਾ ਕਿ ਦੇਸ਼ ਵਿੱਚ ਸੱਤ ਏਅਰਪੋਰਟਾਂ ਉੱਤੇ ਬਾਇਓਮੈਟ੍ਰਿਕ ਦੇ ਜ਼ਰੀਏ ਚੈਕ-ਇਨ-ਸੇਵਾ ਸ਼ੁਰੂ ਕੀਤੀ ਜਾਏਗੀ, ਜਿਸ ਨਾਲ ਚੈਕ-ਇਨ ਵਿੱਚ ਅੱਧੇ ਘੰਟੇ ਦੀ ਬਚਤ ਹੋ ਸਕੇਗੀ। ਦਿੱਲੀ, ਬੰਗਲੌਰ, ਕੋਲਕਾਤਾ ਅਤੇ ਹੈਦਰਾਬਾਦ ਦੇ ਨਾਲ ਪੁਣੇ, ਵਿਜੈਵਾੜਾ ਅਤੇ ਵਾਰਾਣਸੀ ਵਿੱਚ ਵੀਇਹ ਸੇਵਾ ਸ਼ੁਰੂ ਕੀਤੀ ਜਾਏਗੀ। ਸਿੰਧੀਆ ਦੇ ਅਨੁਸਾਰ ਬੀਤੇ ਸੱਤ ਦਿਨਾਂ ਵਿੱਚ ਰੋਜ਼ਾਨਾ 3.82 ਲੱਖ ਲੋਕਾਂ ਨੇ ਹਵਾਈ ਯਾਤਰਾ ਕੀਤੀ ਹੈ। ਸਾਲ 2023-24 ਤਕ ਸਾਲਾਨਾ ਚਾਲੀ ਕਰੋੜ ਲੋਕਾਂ ਦੇ ਹਵਾਈ ਯਾਤਰਾ ਕਰਨ ਦੀ ਉਮੀਦ ਹੈ। ਅਗਲੇ ਦੋ-ਤਿੰਨ ਸਾਲਾਂ ਵਿੱਚ ਹਵਾਈ ਖੇਤਰ ਵਿੱਚ ਕਰੀਬ ਇੱਕ ਲੱਖ ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ। ਛੇ ਏਅਰਪੋਰਟ ਦੇ ਮੈਨੂਫੈਕਚਰਿੰਗ ਦੇ ਦੋਸ਼ ਬਾਰੇ ਸਿੰਧੀਆ ਨੇ ਕਿਹਾ ਕਿ ਏਅਰਪੋਰਟ ਨੂੰ ਸਿਰਫ ਲੀਜ਼ ਉੱਤੇ ਦਿੱਤਾ ਗਿਆ ਹੈ। ਇਸ ਤੋਂ ਸਾਲਾਨਾ 550 ਕਰੋੜ ਦੀ ਆਮਦਨ ਆ ਰਹੀ ਹੈ। ਸਿੰਧੀਆ ਨੇ ਏਅਰ ਇੰਡੀਆ ਦੀ ਵਿਕਰੀ ਅਤੇ ਆਰਥਿਕ ਰੂਪ ਤੋਂ ਖਰਾਬ ਹਾਲਾਤ ਦੇ ਲਈ ਉਤਰ ਪੂਰਬੀ ਯੂ ਪੀ ਏ ਸਰਕਾਰ ਦੀ ਨੀਤੀ ਨੂੰ ਜ਼ਿੰਮੇਵਾਰ ਠਹਿਰਾਇਆ।

# ਸਰਕਾਰ ਸਿਹਤ ਸਹੂਲਤਾਂ ’ਚ ਕ੍ਰਾਂਤੀ ਲਈ ਵਚਨਬੱਧ: ਡਾ: ਸਿੰਗਲਾ

ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਸਿਹਤ ਅਅਤੇ ਪਰਵਾਰ ਭਲਾਈ, ਮੈਡੀਕਲ ਸਿੱਖਿਆ ਤੇ ਖੋਜ ਬਾਰੇ ਕੈਬਨਿਟ ਮੰਤਰੀ ਦਾ ਅਹੁਦਾ ਸੰਭਾਲਣ ਪਿੱਛੋਂ ਡਾ: ਵਿਜੈ ਸਿੰਗਲਾ ਨੇ ਪੰਜਾਬ ਭਵਨ ਚੰਡੀਗੜ੍ਹ ਵਿੱਚ ਦੋਵਾਂ ਵਿਭਾਗਾਂ ਦੇ ਅਫਸਰਾਂ ਦੀ ਮੀਟਿੰਗ ਵਿੱਚ ਹਦਾਇਤ ਕੀਤੀ ਕਿ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟਾਲਰੈਂਸ ਦੀ ਨੀਤੀ ਹੋਵੇਗੀ ਤੇ ਜੋ ਵੀ ਦੋਸ਼ੀ ਮਿਲੇਗਾ, ਉਸ ਨਾਲ ਸਖਤੀ ਨਾਲ ਨਿਬੜਿਆ ਜਾਏਗਾ। ਡਾ: ਸਿੰਗਲਾ ਨੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਰਾਜ ਦੇ ਕਿਸੇ ਵੀ ਸਰਕਾਰੀ ਮੈਡੀਕਲ ਕਾਲਜ ਵਿੱਚ ਇੱਕ ਵੀ ਕੈਥ ਲੈਬ ਨਹੀਂ ਹੈ, ਜਿਸ ਕਾਰਨ ਦਿੱਲ ਦੇ ਰੋਗਾਂ ਤੋਂ ਪੀੜਤ ਮਰੀਜ਼ ਪ੍ਰਾਈਵੇਟ ਹਸਪਤਾਲ ਜਾਣ ਲਈ ਮਜਬੂਰ ਹਨ, ਜਿੱਥੇ ਬਹੁਤ ਜ਼ਿਆਦਾ ਖਰਚਾ ਹੁੰਦਾ ਹੈ। ਉਹ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਜਲਦੀ ਤੋਂ ਜਲਦੀ ਕੈਥ ਲੈਬਾਂ ਖੋਲ੍ਹਣ ਦੇ ਕੰਮ ਨੂੰ ਪਹਿਲ ਦੇ ਆਧਾਰ ਉੱਤੇ ਕਰਨਗੇ। ਉਨ੍ਹਾਂ ਨੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਡਾਕਟਰਾਂ ਦੀ ਕਮੀ ਨੂੰ ਬਿਨਾਂ ਕਿਸੇ ਦੇਰੀ ਦੇ ਪੂਰਾ ਕਰਨ ਉੱਤੇ ਵੀ ਜ਼ੋਰ ਦਿੱਤਾ।

ਉਨਟਾਰੀਓ ਖਾਲਸਾ ਦਰਬਾਰ ਜਨਰਲ ਬਾਡੀ ਮੈਬਰਾਂ ਨੂੰ ਅਪੀਲ

| | | |
|---|---|---|
| ਬੱਲ, ਗੁਰਪ੍ਰੀਤ ਸਿੰਘ<br>Bal, Gurpreet Singh | | ✓ |
| ਭੰਧੇਰ, ਪਰਮਜੀਤ ਸਿੰਘ<br>Bhander, Paramjit Singh | | ✓ |
| ਧਮੜੈਤ, ਗਗਨਦੀਪ ਸਿੰਘ<br>Dhmarait, Gagandeep Singh | | ✓ |
| ਦੂਲੇ, ਅਮਰੀਕ ਸਿੰਘ<br>Dulai, Amrik Singh | | ✓ |
| ਦੂਲੇ, ਜਸੰਵਤ ਸਿੰਘ<br>Dulay, Jaswant Singh | | ✓ |
| ਮਸੂਤਾ ਰਵਿੰਦਰਜੀਤ ਸਿੰਘ<br>Masuta, Ravinder Singh | | ✓ |
| ਸੈਣੀ, ਮਲਕੀਤ ਸਿੰਘ<br>Saini, Malkit Singh | | ✓ |
| ਸੰਧੂ, ਰਣਜੀਤ ਸਿੰਘ<br>Sandhu, Ranjit Singh | | ✓ |
| ਸਿੰਘ, ਕਸ਼ਮੀਰ<br>Singh, Kashmir | | ✓ |

ਗੁਰਪ੍ਰੀਤ ਸਿੰਘ ਬੱਲ ਵਲੋਂ ਕੌਮੀ ਹਿੱਤਾਂ ਦੀ ਪਹਿਰੇਦਾਰੀ ਦਾ ਰਿਕਾਰਡ ਸੰਗਤਾਂ ਦੇ ਸਾਹਮਣੇ ਹੈ ਅਤੇ ਇਹ ਵਿਸ਼ਵਾਸ਼ ਦਿਵਾਂਉਦਾ ਹਾਂ ਕੀ ਜੇਕਰ ਉਨਟਾਰੀਓ ਖਾਲਸਾ ਦਰਬਾਰ ਦੀ ਜਨਰਲ ਬਾਡੀ ਦੇ ਮੈਂਬਰਾਂ ਵਲੋਂ 27 ਮਾਰਚ ਨੂੰ ਦਾਸ ਤੋਂ ਇਲਾਵਾ ਉਪਰੋਕਤ ਸਹਿਯੋਗੀਆਂ ਨੂੰ ਆਪ ਆਪਣੀ ਕੀਮਤੀ ਵੋਟ ਨਾਲ ਭਰੋਸਾ ਪ੍ਰਗਟਾਉਗੇ ਤਾਂ ਇਸ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਸਿੱਖਾਂ ਦੇ ਮੁੱਦਿਆਂ ਨੂੰ ਉਜਾਗਰ ਕਰਨ ਅਤੇ ਗੁਰਦੁਆਰਾ ਸਾਹਿਬ ਦੀ ਸਟੇਜ ਉਪਰ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਅਤੇ ਪਹਿਰੇਦਾਰੀ ਹੁਣ ਤੱਕ ਦੇ ਮੇਰੇ ਜਨਤੱਕ ਰਿਕਾਰਡ ਅਨੁਸਾਰ ਰਹੇਗੀ । ਕੌਮੀ ਅਦਾਰਿਆਂ ਦੀ ਸਟੇਜ ਤੋਂ ਕੌਮ ਦੀ ਭਾਵਨਾਵਾਂ ਦੀ ਤਰਜਮਾਨੀ ਅਤੇ ਕੌਮੀ ਭਵਿੱਖ ਨੂੰ ਸੁਰਖਿਅਤ ਰੱਖਣ ਦੀ ਇੱਛਾ ਰੱਖਣ ਵਾਲੇ ਸਮੂੰਹ ਮੈਂਬਰਾਂ ਅਤੇ ਭਾਈਚਾਰੇ ਨੂੰ ਮੇਰੀ ਇਹ ਅਪੀਲ ਹੈ ਕੀ ਵਿਸ਼ਵ ਪੱਧਰ ਵਿਚ ਅਹਿਮ ਸਥਾਣ ਰੱਖਣ ਵਾਲੇ ਇਸ ਗੁਰਦੁਆਰਾ ਸਾਹਿਬ ਦੀ ਸਟੇਜ ਨੂੰ ਭਾਈਚਾਰਕ ਹਿੱਤਾਂ ਲਈ ਮਹਿਫੂਜ ਰੱਖਣ ਵਿਚ ਮੇਰਾ ਸਾਥ ਦੇਣ ਅਤੇ ਉਪਰੋਕਤ 9 ਮੈਂਬਰਾਂ ਨੂੰ ਬੋਰਡ ਆਫ ਡਾਇਰੈਕਟਰ ਵਿਚ ਜਿਤਾ ਕੇ ਭੇਜੋ ।

ਵੋਟ ਪਾਉਣ ਦੀ ਤਰੀਕ/ਦਿਨ ਸਮਾਂ : ਐਤਵਾਰ, 27 ਮਾਰਚ ਨੂੰ ਸਵੇਰ ਦੇ 9:30 ਤੋਂ ਸ਼ਾਮ ਦੇ 6:30

ਨੋਟ: ਵੋਟ ਪਾਉਣ ਮੌਕੇ ਸਰਕਾਰ ਦੁਬਆਰਾ ਜਾਰੀ ਕੀਤੀ ਤਸਵੀਰ ਵਾਲੀ ਆਈ ਡੀ (ਮਿਸਾਲ ਵਜੋਂ ਡਰਾਈਵਰ ਲਾਇਸੈਂਸ ਜਾਂ ਪਾਸਪੋਰਟ) ਅਤੇ ਤੁਹਾਡਾ ਐਡਰੈਸ (ਯਾਨਿ ਪਤਾ) ਦਰਸਾਉਣ ਵਾਲਾ ਸਬੂਤ ਲੈ ਕੇ ਆਏ ਜੀ ।

ਆਪ ਜੀ ਦੇ ਸਹਿਯੋਗ ਦੀ ਆਸ ਵਿਚ, ਗੁਰਪ੍ਰੀਤ ਸਿੰਘ ਬੱਲ ਅਤੇ ਸਾਥੀ ।
416-688-9999

## Urgently Need New Listings in Brampton/Caledon

visit: www.teamjagaujla.com



Call **JAG AUJLA**

MCNE, REAL ESTATE BROKER

DIR: 416-371-7777

j.aujla@rogers.com www.jagaujla.com

Follow Us:

### CALL JAG FOR A QUICK & FREE HOME EVALUATION

www.BramptonTopRealtor.com www.BramptonTopAgent.com

### RECENTLY LISTED/SOLD IN YOUR NEIGHBOURHOOD BY JAG AUJLA

**JUST LISTED FOR SALE**

* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**

* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades

BRAMPTON, ONTARIO — Call Jag Aujla For Details

| | | |
|---|---|---|
| SOLD $215,000 OVER ASKING IN 2 DAYS — 42 Lawnview Crt, Sandalwood / Hwy 10 / Braidwood | SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird | SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell |
| SOLD @101% OF ASKING PRICE — 12 Laurelcrest St, Queen / Laurelcrest / Hwy 410 | SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410 | SOLD @99% OF ASKING PRICE — 11 Van Hoof Crest, Castlemore/ Goreway / Latania |
| SOLD $121,000 OVER ASKING IN 6 DAYS Caledon — 42 Pinedale Ave, Kennedy / Dougall | SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood | SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy |

### FREE

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)

Off: 905-456-3232

*(Based on units sold & commissions)** *Some Conditions Apply.

*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777

MCNE, REAL ESTATE BROKER — NOT INTENDED TO SOLICIT BUYERS OR SELLER CURRENTLY UNDER CONTRACT — March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana

Sales Representative



Tel: 905.793.5777 416.802.5866

31 Melanie Dr. Unit #4 Brampton, ON L6T 5H8



SOLD $1,399,999

**CASTLEMORE/GOREWAY**

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਇਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



FOR SALE $1,749,900

**8337 ਗਲਫ ਲਾਈਨ**

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



FOR SALE $1,950,000

**26 Yellow RomeRd**

ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

## HELP WANTED

### ਕਾਮਿਆਂ ਦੀ ਲੋੜ

### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department





ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!

ASIAN FOOD CENTRE

## VEGETARIAN FOOD HEALTHY EATING

FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017